ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 9 | Issue 05 | 30 January 2019 to 05 February 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com




03

■ ਭਾਈਚਾਰਾ

ਸਾਕਾ ਨਕੋਦਰ ਦੇ ਮਹਾਨ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਸਮਾਗਮ 10 ਫਰਵਰੀ ਨੂੰ



09

■ ਖ਼ਬਰਸਾਰ

ਪੰਜਾਬ ਸਰਕਾਰ ਨੂੰ 15 ਫਰਵਰੀ ਤਕ ਮੰਗਾਂ ਪੂਰੀਆਂ ਕਰਨ ਦਾ ਅਲਟੀਮੇਟਮ



11

■ ਖਾਸ ਰਿਪੋਰਟ

ਭਾਰਤੀ ਵੋਟਿੰਗ ਮਸ਼ੀਨਾਂ ਮੁੜ ਸ਼ੱਕ ਦੇ ਘੇਰੇ ਵਿਚ ਆਈਆਂ

# ਬਹਿਬਲ ਗੋਲੀ ਕਾਂਡ ਦਾ ਜਰਨਲ ਡਾਇਰ ਕੌਣ ?

- ਕਈ ਵੱਡੀਆਂ ਹਸਤੀਆਂ ਦੀ ਆ ਸਕਦੀ ਹੈ ਸ਼ਾਮਤ
- ਤਤਕਾਲੀਨ ਐੱਸਐੱਸਪੀ ਚਰਨਜੀਤ ਸ਼ਰਮਾ ਉਤੇ ਡਿੱਗੀ ਗਾਜ਼
- ਸੁਮੇਧ ਸੈਣੀ ਦਾ ਰਿਮਾਂਡ ਹਾਸਲ ਕਰਨ ਲਈ ਅਦਾਲਤ 'ਚ ਅਰਜ਼ੀ
- ਬਾਦਲ ਪਿਓ-ਪੁੱਤ 'ਤੇ ਕਾਰਵਾਈ ਬਾਰੇ ਸਰਕਾਰ ਨੇ ਚੁੱਪੀ ਸਾਧੀ
- ਦੋ ਪੁਲਿਸ ਅਧਿਕਾਰੀ ਅਗਾਊਂ ਜ਼ਮਾਨਤ ਲਈ ਪੁੱਜੇ ਅਦਾਲਤ



**ਐੱਸਐੱਸਪੀ. ਦੱਸੇਗਾ ਕਿਸ ਨੇ ਦਿੱਤੇ ਗੋਲੀ ਚਲਾਉਣ ਦੇ ਹੁਕਮ-ਕੈਪਟਨ :**
ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਦੇ ਮਾਮਲੇ ਵਿਚ ਸਾਬਕਾ ਐੱਸਐੱਸਪੀ. ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ 'ਤੇ ਬੋਲਦੇ ਹੋਏ ਇਸ ਨੂੰ ਵੱਡੀ ਕਾਮਯਾਬੀ ਦੱਸਿਆ ਹੈ। ਕੈਪਟਨ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਨੇ ਗੋਲੀ ਦੇ ਹੁਕਮ ਦੇਣ ਵਾਲੇ ਨੂੰ ਗ੍ਰਿਫਤਾਰ ਕਰ ਲਿਆ ਹੈ, ਹੁਣ ਉਸ ਨੂੰ ਅੱਗੋਂ ਕਿਸ ਨੇ ਹੁਕਮ ਦਿੱਤੇ ਸਨ, ਇਹ ਐੱਸਐੱਸਪੀ. ਖੁਦ ਦੱਸੇਗਾ। ਫਿਰ ਅਸੀਂ ਵੇਖਾਂਗੇ, ਗੱਲ ਕਿਥੋਂ ਤੱਕ ਪੁੱਜਦੀ ਹੈ। ਦੋਸ਼ੀਆਂ ਨੂੰ ਇਕ ਪਰਸੈਂਟ ਵੀ ਬਖਸ਼ਿਆ ਨਹੀਂ ਜਾਵੇਗਾ। ਮੁੱਖ ਮੰਤਰੀ ਨੇ ਆਖਿਆ ਕਿ ਹੁਣ ਇਸ ਗੱਲ ਦਾ ਖੁਲਾਸਾ ਵੀ ਜਲਦ ਹੀ ਜੋਵੇਗਾ ਕਿ ਐੱਸਐੱਸਪੀ. ਨੂੰ ਗੋਲੀ ਚਲਾਉਣ ਦੇ ਹੁਕਮ ਕਿੱਥੋਂ ਆਏ ਸਨ।

**ਖਹਿਰਾ ਵੱਲੋਂ ਬਾਦਲਾਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ :**
ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀਕਾਂਡ ਵਿੱਚ ਕੈਪਟਨ ਸਰਕਾਰ ਤੋਂ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਡੀਜੀਪੀ ਸੁਮੇਧ ਸੈਣੀ ਦੇ ਖ਼ਿਲਾਫ਼ ਤੁਰੰਤ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

**ਜਲੰਧਰ/ਬਿਊਰੋ ਨਿਊਜ਼ :**
ਪੰਜਾਬ ਵਿਚ ਅਕਾਲੀ-ਭਾਜਪਾ ਤੇ ਬਾਦਲ ਰਾਜ ਦੌਰਾਨ ਸਿੱਖਾਂ ਉਤੇ ਹੋਏ ਬੇਹਿੰਤਹਾ ਜ਼ੁਲਮਾਂ ਦੀ ਦਾਸਤਾਨ ਵਿਚ ਸ਼ਾਮਿਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਇਕ ਵਾਰ ਮੁੜ ਸੁਰਖੀਆਂ ਵਿਚ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਖ਼ਿਲਾਫ਼ ਰੋਸ ਪ੍ਰਗਟ ਕਰ ਰਹੇ ਸ਼ਰਧਾਲੂਆਂ ਉੱਤੇ ਗੋਲੀ ਚਲਾਉਣ ਨਾਲ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਦੀ ਮੌਤ ਹੋ ਜਾਣ ਦੇ ਦੋਸ਼ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਮੋਗਾ ਦੇ ਤਤਕਾਲੀ ਐੱਸਐੱਸਪੀ ਚਰਨਜੀਤ ਸ਼ਰਮਾ ਦੀ ਗ੍ਰਿਫ਼ਤਾਰੀ ਨਾਲ ਬਹਿਬਲ ਕਲਾਂ ਅਤੇ ਕੋਟਕਪੂਰਾ ਕਾਂਡ ਇਕ ਵਾਰ ਮੁੜ ਚਰਚਾ ਵਿਚ ਹਨ। ਸੰਨ 2015 ਵਿਚ ਵਾਪਰੇ ਇਨ੍ਹਾਂ ਘਿਨਾਉਣੇ ਕਾਂਡਾਂ ਦੀ ਜਾਂਚ ਲਈ ਦੋ ਨਿਆਂਇਕ ਕਮਿਸ਼ਨ ਬਣੇ ਤੇ ਹੁਣ ਕਾਂਗਰਸ ਸਰਕਾਰ ਵਿਚ ਬਣੇ ਜਸਟਿਸ ਰਣਜੀਤ ਕਮਿਸ਼ਨ ਦੀ ਰਿਪੋਰਟ ਦੇ ਅਧਾਰ ਉਤੇ ਅਗਲੀ ਕਾਰਵਾਈ ਤੇ ਜਾਂਚ ਪੰਜਾਬ ਪੁਲਿਸ ਦੇ ਵਿਸ਼ੇਸ਼ ਜਾਂਚ ਦਲ (ਸਿੱਟ) ਦੇ ਹਵਾਲੇ ਹੈ। ਤਾਜ਼ਾ ਘਟਨਾਕ੍ਰਮ ਵਿਚ ਏਡੀਜੀਪੀ ਪ੍ਰਬੋਧ

ਬਾਕੀ ਸਫ਼ਾ 29 'ਤੇ

## ਬੇਅਦਬੀ ਮਾਮਲੇ ਦਾ ਘਟਨਾਕ੍ਰਮ

- **ਇੱਕ ਜੂਨ** 2015 : ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਪਿੰਡ ਕੋਟਕਪੂਰਾ ਦੇ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ।
- 12 **ਅਕਤੂਬਰ** 2015 : ਗੁਰੂ ਗ੍ਰੰਥ ਸਾਹਿਬ ਦੇ ਪਾੜੇ ਗਏ ਅੰਕ ਬਰਗਾੜੀ ਪਿੰਡ ਵਿਚੋਂ ਮਿਲੇ।
- 14 **ਅਕਤੂਬਰ** 2015 : ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੋਟਕਪੂਰਾ 'ਚ ਸਿੱਖਾਂ ਵੱਲੋਂ ਪ੍ਰਦਰਸ਼ਨ, ਜਿਸ ਉੱਤੇ ਪੁਲਿਸ ਵੱਲੋਂ ਲਾਠੀਚਾਰਜ। ਇਸੇ ਦਿਨ ਬਹਿਬਲ ਕਲਾਂ ਵਿਚ ਸਿੱਖਾਂ ਅਤੇ ਪੁਲਿਸ ਦੌਰਾਨ ਹੋਈ ਝੜਪ ਵਿਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿਚ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ।
- 18 **ਅਕਤੂਬਰ** 2015 : ਅਕਾਲੀ-ਭਾਜਪਾ ਸਰਕਾਰ ਵੱਲੋਂ ਪੰਜਾਬ ਪੁਲਿਸ ਦੇ ਏਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿਚ ਐੱਸਆਈਟੀ ਦਾ ਗਠਨ। ਪੁਲਿਸ ਵੱਲੋਂ ਪੂਰਾ ਮਾਮਲਾ ਸੁਲਝਾਉਣ ਦਾ ਦਾਅਵਾ ਪਰ ਪੁਲਿਸ ਦੇ ਦਾਅਵਿਆਂ ਉੱਤੇ ਸਵਾਲ ਖੜੇ ਹੋਏ।

ਬਾਕੀ ਸਫ਼ਾ 29 'ਤੇ

## ਭਗਵੰਤ ਮਾਨ ਨੇ ਮੁੜ ਸੰਭਾਲੀ 'ਆਪ' ਦੀ ਕਮਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਪ੍ਰਧਾਨ ਵਜੋਂ ਮੁੜ ਪੰਜਾਬ ਦੀ



ਕਮਾਨ ਸੌਂਪ ਦਿੱਤੀ ਗਈ ਹੈ। 'ਆਪ' ਦੀ ਪੰਜਾਬ ਇਕਾਈ ਦੀ ਕੋਰ ਕਮੇਟੀ ਦੀ ਲੰਘੇ ਦਿਨ ਹੋਈ ਮੀਟਿੰਗ ਵਿੱਚ ਸਰਬਸੰਮਤੀ ਨਾਲ ਸ੍ਰੀ ਮਾਨ ਦਾ ਅਸਤੀਫਾ ਅਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਪੰਜਾਬ ਦੀ ਕਮਾਨ ਮੁੜ ਸੌਂਪਣ ਦੀ ਹਾਈਕਮਾਂਡ ਨੂੰ ਸਿਫਾਰਸ਼ ਕੀਤੀ ਗਈ ਸੀ। ਸ੍ਰੀ ਮਾਨ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਡਰੱਗ ਮਾਮਲੇ ਵਿੱਚ ਸੂਬੇ ਦੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਮੁਆਫੀ ਮੰਗੇ ਜਾਣ ਦੇ ਰੋਸ ਵਜੋਂ ਅਸਤੀਫ਼ਾ ਦੇ ਦਿੱਤਾ ਸੀ। ਉਸ ਵੇਲੇ ਵਿਧਾਇਕ ਅਮਨ ਅਰੋੜਾ ਨੇ ਵੀ ਰੋਸ ਵਜੋਂ ਸਹਿ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਸੌਂਪ ਦਿੱਤਾ ਸੀ।

# ਦਲ ਖਾਲਸਾ ਆਗੂ ਭਾਈ ਗਜਿੰਦਰ ਸਿੰਘ ਦੀ ਧਰਮ ਪਤਨੀ ਬੀਬੀ ਮਨਜੀਤ ਕੌਰ ਦਾ ਜਰਮਨ ਵਿਚ ਅੰਤਿਮ ਸੰਸਕਾਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਦਲ ਖ਼ਾਲਸਾ ਦੇ ਬਾਨੀ ਅਤੇ ਜਲਾਵਤਨੀ ਭੁਗਤ ਰਹੇ ਜੁਝਾਰੂ ਸਿੰਘ ਭਾਈ ਗਜਿੰਦਰ ਸਿੰਘ ਦੀ ਪਤਨੀ ਬੀਬੀ ਮਨਜੀਤ ਕੌਰ ਦਾ ਅੰਤਿਮ ਸੰਸਕਾਰ ਜਰਮਨੀ ਦੇ ਸ਼ਹਿਰ ਫਰੈਂਕਫਰਟ ਵਿੱਚ ਕੀਤਾ ਗਿਆ ਹੈ। ਉਨ੍ਹਾਂ ਦਾ ਲੰਘੀ 23 ਜਨਵਰੀ ਨੂੰ ਜਰਮਨੀ ਦੇ ਇੱਕ ਹਸਪਤਾਲ ਵਿੱਚ ਦਿਹਾਂਤ ਹੋ ਗਿਆ ਸੀ। ਬੀਬੀ ਮਨਜੀਤ ਕੌਰ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਦੋ ਥਾਵਾਂ 'ਤੇ ਅੰਮ੍ਰਿਤਸਰ ਵਿੱਚ ਗੁਰਦੁਆਰਾ ਝੰਡੇ ਬੁੰਗੇ ਵਿੱਚ ਪੰਜ ਫਰਵਰੀ ਨੂੰ ਅਤੇ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਵਿੱਚ ਇਕ ਫਰਵਰੀ ਨੂੰ ਪੈਣਗੇ। ਇਸ ਬਾਰੇ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਬੀਬੀ ਮਨਜੀਤ ਕੌਰ ਦੇ ਅੰਤਿਮ ਸੰਸਕਾਰ ਮੌਕੇ ਵੱਡੀ ਗਿਣਤੀ ਵਿੱਚ ਖਾਲਿਸਤਾਨ ਤੇ ਸੰਘਰਸ਼ ਨਾਲ





ਜੁੜੇ ਸਿੱਖ ਆਗੂ ਪੁੱਜੇ ਹੋਏ ਸਨ। ਇਸ ਮੌਕੇ ਉਨ੍ਹਾਂ ਦੀ ਬੇਟੀ ਬਿਕਰਮਜੀਤ ਕੌਰ ਅਤੇ ਉਸ ਦਾ ਪਤੀ ਗੁਰਪ੍ਰੀਤ ਸਿੰਘ ਪਰਿਵਾਰ ਸਮੇਤ ਇੰਗਲੈਂਡ ਤੋਂ ਆਖਰੀ ਰਸਮਾਂ ਨਿਭਾਉਣ ਲਈ ਪੁੱਜੇ ਸਨ ਪਰ ਅੰਤਿਮ ਸੰਸਕਾਰ ਮੌਕੇ ਗਜਿੰਦਰ ਸਿੰਘ ਨਹੀਂ ਪੁੱਜ ਸਕੇ। ਦੱਸਣਯੋਗ ਹੈ ਕਿ 29 ਸਤੰਬਰ 1981 ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਰੋਸ ਵਜੋਂ ਭਾਈ ਗਜਿੰਦਰ ਸਿੰਘ ਤੇ ਉਨ੍ਹਾਂ ਦੇ

ਬਾਕੀ ਸਫ਼ਾ 29 'ਤੇ

## ਲੋਕਾਂ ਦੀ ਜਾਨ ਨਾਲ ਖੇਡਣ ਵਾਲੇ ਹਿੰਦੂ ਅਰਬਪਤੀ ਖਿਲਾਫ਼ ਮੁਕੱਦਮਾ ਸ਼ੁਰੂ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਬੌਸਟਨ ਵਿਚ ਇਕ ਡਰੱਗ ਕੰਪਨੀ ਦੇ ਬਾਨੀ ਜੌਹਨ ਕਪੂਰ ਨਾਂ ਦੇ ਅਰਬਪਤੀ ਹਿੰਦੂ ਅਤੇ ਚਾਰ ਹੋਰਨਾਂ ਖਿਲਾਫ਼ ਮੁਕੱਦਮਾ ਸ਼ੁਰੂ ਹੋ ਗਿਆ ਹੈ ਜਿਨ੍ਹਾਂ ਡਾਕਟਰਾਂ ਨੂੰ ਮਰੀਜ਼ਾਂ ਵਾਸਤੇ ਇਕ ਦਰਦਨਿਵਾਰਕ ਦਵਾ ਲਿਖ ਕੇ ਦੇਣ ਲਈ ਲੱਖਾਂ ਡਾਲਰਾਂ ਦੀ ਰਿਸ਼ਵਤ ਦਿੱਤੀ ਸੀ। ਇਕ ਫੈਡਰਲ ਇਸਤਗਾਸਾ ਨੇ ਬੌਸਟਨ ਦੀ ਜ਼ਿਲਾ ਕਚਹਿਰੀ ਵਿਚ ਸ਼ੁਰੂ ਹੋਏ ਇਸ ਮੁਕੱਦਮੇ ਦੌਰਾਨ ਜਿਊਰੀ ਨੂੰ ਦੱਸਿਆ ਕਿ ਜੌਹਨ ਕਪੂਰ ਨੇ ਫੇਨਟੈਨਿਲ ਸਪਰੇਅ

ਬਾਕੀ ਸਫ਼ਾ 29 'ਤੇ




















Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


1984
audiobook
ਅਣਚਿਤਵਿਆ ਕਹਿਰ
ਅਜਮੇਰ ਸਿੰਘ
ਬੋਲਦੀ ਕਿਤਾਬ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

## ਸੂਫੀ ਗਾਇਕ ਰਾਹਤ ਫਤਹਿ ਅਲੀ ਨੂੰ ਵਿਦੇਸ਼ੀ ਮੁਦਰਾ ਤਸਕਰੀ ਮਾਮਲੇ 'ਚ ਨੋਟਿਸ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਪੂਰੀ ਦੁਨੀਆ 'ਚ ਆਪਣੀ ਆਵਾਜ਼ ਦਾ ਜਾਦੂ ਬਿਖੇਰਣ ਵਾਲੇ ਸੂਫੀ ਗਾਇਕ



ਰਾਹਤ ਫ਼ਤਹਿ ਅਲੀ ਖ਼ਾਨ ਉਤੇ ਤਸਕਰੀ ਦਾ ਵੱਡਾ ਇਲਜ਼ਾਮ ਲੱਗਿਆ ਹੈ। ਰਾਹਤ 'ਤੇ ਵਿਦੇਸ਼ੀ ਮੁਦਰਾ ਦੀ ਤਸਕਰੀ ਕਰਨ ਦਾ ਇਲਜ਼ਾਮ ਹੈ। ਮਾਮਲੇ ਦੀ ਜਾਂਚ ਕਰ ਰਹੀ ਈਡੀ ਨੇ ਸੂਫੀ ਗਾਇਕ ਨੂੰ ਫੇਮਾ ਤਹਿਤ ਕਾਰਨ ਦੱਸੋ ਨੋਟਿਸ ਭੇਜ ਜਵਾਬ ਮੰਗਿਆ ਹੈ। ਈਡੀ ਨੇ ਰਾਹਤ ਅਲੀ ਨੂੰ ਦੋ ਕਰੋੜ 61 ਲੱਖ ਰੁਪਏ ਦਾ ਜਵਾਬ ਦੇਣ ਨੂੰ ਕਿਹਾ

ਬਾਕੀ ਸਫ਼ਾ 29 'ਤੇ

# ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ 33ਵੀਂ ਵਰ੍ਹੇਗੰਢ 'ਤੇ ਸ਼ਹੀਦੀ ਸਮਾਗਮ

**ਨਿਊਯਾਰਕ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ 33ਵੀਂ ਵਰ੍ਹੇਗੰਢ 'ਤੇ ਦੋਆਬਾ ਸਿੱਖ ਐਸੋਸੀਏਸ਼ਨ ਅਤੇ ਸਮੂਹ ਪੰਥਕ ਜਥੇਬੰਦੀਆਂ ਵਲੋਂ ਮਹਾਨ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਸ਼ਹੀਦੀ ਸਮਾਗਮ 1, 2 ਅਤੇ 3 ਫਰਵਰੀ ਨੂੰ ਹੋਵੇਗਾ। ਐਤਵਾਰ ਦੇ ਸਾਰੇ ਦਿਨ ਦੇ ਸਮਾਗਮ ਸਾਕਾ ਨਕੋਦਰ ਦੇ ਮਹਾਨ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਝਿਲਮਣ ਸਿੰਘ ਗੋਰਸੀਆਂ, ਭਾਈ ਬਲਧੀਰ ਸਿੰਘ ਰਾਮਗੜ੍ਹ ਅਤੇ ਭਾਈ ਹਰਮਿੰਦਰ ਸਿੰਘ ਚਲੂਪਰ ਨੂੰ ਸਮਰਪਿਤ ਹੋਣਗੇ। ਇਸ ਸ਼ਹੀਦੀ ਸਮਾਗਮ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ ਅਤੇ ਪੰਥਕ ਵਿਦਵਾਨ ਹਾਜ਼ਰੀ ਭਰਨਗੇ। ਦੋਆਬਾ ਸਿੱਖ ਐਸੋਸੀਏਸ਼ਨ ਅਤੇ ਸਮੂਹ ਪੰਥਕ ਜਥੇਬੰਦੀਆਂ ਵਲੋਂ ਸਿੱਖ ਸੰਗਤਾਂ ਨੂੰ ਸਮਾਗਮ ਦੌਰਾਨ ਗੁਰੂ ਘਰ ਪਹੁੰਚਣ ਦੀ ਬੇਨਤੀ ਕੀਤੀ ਗਈ ਹੈ। ਵਧੇਰੇ ਜਾਣਕਾਰੀ ਲਈ Gurdwara Sikh Cultural Society, 9530 118th St, South Richmond Hill, NY 11419, Phone : (718) 846-3333 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਸਾਕਾ ਨਕੋਦਰ ਦੇ ਮਹਾਨ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਸਮਾਗਮ 10 ਫਰਵਰੀ ਨੂੰ

**ਫਰੀਮੌਂਟ/ਬਿਊਰੋ ਨਿਊਜ਼ :**
ਸਾਕਾ ਨਕੋਦਰ ਦੇ ਮਹਾਨ ਸ਼ਹੀਦਾਂ ਭਾਈ ਰਵਿੰਦਰ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪਰ, ਭਾਈ ਬਲਧੀਰ ਸਿੰਘ ਰਾਮਗੜ੍ਹ ਅਤੇ ਭਾਈ ਝਿਲਮਣ ਸਿੰਘ ਗੋਰਸੀਆਂ ਦੀ 33ਵੀਂ ਵਰ੍ਹੇਗੰਢ ਨੂੰ ਸਮਰਪਿਤ ਇਕ ਸ਼ਹੀਦੀ ਸਮਾਗਮ 10 ਫਰਵਰੀ 2019, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ, 300 ਗੁਰਦੁਆਰਾ ਰੋਡ, ਫਰੀਮੌਂਟ-ਕੈਲੀਫੋਰਨੀਆ-94536 ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸ਼ਹੀਦੀ ਸਮਾਗਮ ਨੂੰ ਮੁੱਖ ਰੱਖਦਿਆਂ 08 ਫਰਵਰੀ 2019, ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 10 ਫਰਵਰੀ 2019, ਦਿਨ ਐਤਵਾਰ ਨੂੰ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ ਅਤੇ ਪੰਥਕ ਵਿਦਵਾਨ ਹਾਜ਼ਰੀ ਭਰਨਗੇ।
ਪ੍ਰਬੰਧਕਾਂ ਵੱਲੋਂ ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਗੁਰੂ ਘਰ ਪਹੁੰਚ ਕੇ ਸ਼ਹੀਦੀ ਸਮਾਗਮ ਵਿਚ ਸ਼ਾਮਿਲ ਹੋਣ ਤੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਵਧੇਰੇ ਜਾਣਕਾਰੀ ਲਈ ਫੋਨ ਨੰ. 408-461-7071'ਤੇ ਸੰਪਰਕ ਕਰ ਸਕਦੇ ਹੋ।

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਦਲ ਖਾਲਸਾ ਦੇ ਬੀਬੀ ਮਨਜੀਤ ਕੌਰ ਨਮਿਤ ਸ਼ਰਧਾਂਜਲੀ ਸਮਾਗਮ

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :** ਦਲ ਖਾਲਸਾ ਦੇ ਬਾਨੀ ਤੇ ਜਲਾਵਤਨ ਆਗੂ ਭਾਈ ਗਜਿੰਦਰ ਸਿੰਘ ਦੀ ਧਰਮ ਪਤਨੀ ਬੀਬੀ ਮਨਜੀਤ ਕੌਰ ਜੀ ਜਰਮਨੀ ਦੇ ਸ਼ਹਿਰ ਫਰੈਂਕਰਟ ਵਿਚ ਪਿਛਲੇ ਦਿਨੀਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦਾ ਫਰੈਂਕਫਰਟ ਵਿਚ ਹੀ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਸੀ। ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਬੀਬੀ ਮਨਜੀਤ ਕੌਰ ਜੀ ਦੇ ਅਕਾਲ ਚਲਾਣੇ ਸਬੰਧੀ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਮਰਹੂਮ ਮਨਜੀਤ ਕੌਰ ਨੂੰ ਸ਼ਰਧਾ ਭੇਟ ਕਰਨ ਦੇ ਨਾਲ-ਨਾਲ ਉਨਾਂ ਦੇ ਜੀਵਨ ਸੰਘਰਸ਼ ਬਾਰੇ ਵੀ ਵਿਚਾਰ ਕੀਤੀ ਗਈ।
ਬੀਬੀ ਮਨਜੀਤ ਕੌਰ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ





ਜਸਵੰਤ ਸਿੰਘ ਹੋਠੀ, ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਸ. ਪਾਲ ਸਿੰਘ ਪੁਰੇਵਾਲ, ਗੁਰਦੁਆਰਾ ਸਾਹਿਬ ਫਰੀਮੌਂਟ ਤੋਂ ਸੁਪਰੀਮ ਕੌਂਸਲ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ, ਸੈਂਟਾ ਕਲਾਰਾ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਅਮਰਜੀਤ ਸਿੰਘ ਮੁਲਤਾਨੀ ਤੇ ਕਥਾਕਾਰ ਭਾਈ ਅਮਰੀਕ ਸਿੰਘ ਚਮਕੌਰ ਸਾਹਿਬ ਵਾਲੇ ਸ਼ਾਮਿਲ ਸਨ।
ਬੁਲਾਰਿਆਂ ਨੇ ਬੀਬੀ ਮਨਜੀਤ ਕੌਰ ਦੀ ਸ਼ਖਸੀਅਤ ਦੇ ਵਿਲੱਖਣ ਗੁਣਾਂ, ਉਨ੍ਹਾਂ ਦੇ ਸਬਰ, ਸੰਤੋਖ, ਸਹਿਜ ਤੇ ਸ਼ਾਂਤ ਸੁਭਾਅ ਦੀ ਤਾਰੀਫ ਕਰਦਿਆਂ ਕਿਹਾ ਕਿ ਕਿਵੇਂ ਉਨ੍ਹਾਂ ਨੇ ਪਤੀ ਦੇ ਵਿਛੋੜੇ ਵਿਚ ਆਪਣੀ ਬੱਚੀ ਦਾ ਪਾਲਣ-ਪੋਸ਼ਣ ਕੀਤਾ। ਬਾਅਦ ਵਿਚ ਵੀ ਲਗਭਗ ਸਾਰੀ ਉਮਰ ਪਤੀ ਤੋਂ ਬਿਨਾ ਹੀ ਕਦੇ ਪਾਕਿਸਤਾਨ, ਕਦੇ ਅਮਰੀਕਾ ਤੇ ਕਦੇ ਜਰਮਨੀ ਵਿਚ ਗੁਜ਼ਾਰ ਦਿੱਤੀ ਤੇ ਕਦੇ ਵੀ ਗਿਲਾ ਨਹੀਂ ਕੀਤਾ। ਉਨ੍ਹਾਂ ਅੰਤ ਤੱਕ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ। ਬੁਲਾਰਿਆਂ ਨੇ ਮਾਣ ਨਾਲ ਕਿਹਾ ਕਿ ਅਜਿਹੀਆਂ ਬੀਬੀਆਂ ਬਹੁਤ ਘੱਟ ਹੁੰਦੀਆਂ ਨੇ ਜੋ ਆਪਣੇ ਸਿਰੜ ਉਤੇ ਸਦਾ ਪਹਿਰਾ ਦਿੰਦੀਆਂ ਹਨ। ਬੀਬੀ ਜੀ ਦੀ ਕੁਰਬਾਨੀ ਨੂੰ ਪੰਥ ਸਦਾ ਯਾਦ ਰੱਖੇਗਾ।
ਇਸ ਮੌਕੇ ਉਨ੍ਹਾਂ ਵੈਰਾਗਮਈ ਪਲਾਂ ਨੂੰ ਵੀ ਯਾਦ ਕੀਤਾ ਗਿਆ ਕਿ ਕਿਵੇਂ ਭਾਈ ਗਜਿੰਦਰ ਸਿੰਘ ਜਿਊਂਦੇ-ਜਾਗਦੇ ਹੋਣ ਦੇ ਬਾਵਜੂਦ ਆਪਣੀ ਧਰਮ ਪਤਨੀ ਦੇ ਅੰਤਮ ਦਰਸ਼ਨ ਤਕ ਨਹੀਂ ਕਰ ਸਕੇ ਅਤੇ ਵਾਹਿਗੁਰੂ ਦੇ ਹੁਕਮ ਨੂੰ ਸਿਰ ਝੁਕਾ ਕੇ ਮੰਨਿਆ। ਸੰਗਤਾਂ ਨੇ ਸਭ ਬੁਲਾਰਿਆਂ ਦੇ ਵਿਚਾਰ ਬੜੇ ਧੀਰਜ ਨਾਲ ਸੁਣੇ ਅਤੇ ਵਿਛੜੀ ਰੂਹ ਦੀ ਅੰਤਿਮ ਅਰਦਾਸ ਵਿਚ ਸ਼ਾਮਿਲ ਹੋ ਕੇ ਸ਼ਰਧਾਂਜਲੀ ਭੇਟ ਕੀਤੀ।




## ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਤੁਲਨਾ ਗੁਰੂ ਸਾਹਿਬ ਨਾਲ ਕਰਨ ਦਾ ਮਾਮਲਾ

# ਬਾਦਲ ਦਲ ਦਾ ਆਗੂ ਅਵਤਾਰ ਸਿੰਘ ਹਿੱਤ ਤਨਖਾਹੀਆ ਕਰਾਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਤੁਲਨਾ ਗੁਰੂ ਸਾਹਿਬ ਨਾਲ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਏ ਗਏ ਬਾਦਲ ਦਲ ਦੇ ਆਗੂ ਅਵਤਾਰ ਸਿੰਘ ਹਿੱਤ ਤਨਖਾਹੀਏ ਕਰਾਰ ਦਿੱਤੇ ਗਏ ਹਨ। ਸ੍ਰੀ ਅਕਾਲ ਤਖ਼ਤ ਵਲੋਂ ਤਖ਼ਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ (ਬਿਹਾਰ) ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਨੂੰ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਨਖਾਹ ਲਾਈ ਗਈ ਹੈ। ਜਥੇਦਾਰ ਹਿੱਤ ਖ਼ਿਲਾਫ਼ ਸਿੱਖ ਅਰਦਾਸ ਦੇ ਵਾਕ ਨੂੰ ਵਿਅਕਤੀ ਵਿਸ਼ੇਸ਼ ਲਈ ਵਰਤ ਕੇ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਹਨ।

ਦੱਸਣਯੋਗ ਹੈ ਕਿ ਜਥੇਦਾਰ ਹਿੱਤ ਵਲੋਂ ਪਟਨਾ ਵਿਚ 13 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਦੌਰਾਨ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਤੁਲਨਾ ਗੁਰੂ ਸਾਹਿਬ ਨਾਲ ਕੀਤੀ ਗਈ ਸੀ। ਉਨ੍ਹਾਂ ਨੇ ਅਰਦਾਸ ਵਿਚ ਗੁਰੂ ਸਾਹਿਬ ਦੀ ਵਡਿਆਈ ਲਈ ਵਰਤੇ ਜਾਂਦੇ ਵਾਕ ਨਿਤੀਸ਼ ਕੁਮਾਰ ਲਈ ਵਰਤੇ ਸਨ। ਇਸ ਮਾਮਲੇ ਦਾ ਸਿੱਖ ਜਗਤ ਵਲੋਂ ਸਖ਼ਤ ਵਿਰੋਧ ਹੋਇਆ ਸੀ ਅਤੇ ਅਕਾਲ ਤਖ਼ਤ ਵਲੋਂ ਅੱਜ ਜਥੇਦਾਰ ਹਿੱਤ ਨੂੰ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਇਥੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਅਤੇ ਪੰਜ ਪਿਆਰਿਆਂ ਵਿਚ ਸ਼ਾਮਲ ਗਿਆਨੀ ਕੁਲਵੰਤ ਸਿੰਘ ਅਤੇ ਗਿਆਨੀ ਭਾਗ ਸਿੰਘ ਵੱਲੋਂ ਅਕਾਲ ਤਖ਼ਤ ਦੀ ਫਸੀਲ ਤੋਂ ਅਵਤਾਰ ਸਿੰਘ ਹਿੱਤ ਨੂੰ ਤਨਖਾਹ ਸੁਣਾਈ ਗਈ। ਇਸ ਤਹਿਤ ਆਦੇਸ਼ ਦਿੱਤਾ ਗਿਆ ਕਿ ਉਹ ਸੱਤ ਦਿਨ ਪਟਨਾ ਸਾਹਿਬ ਵਿਖੇ ਰੋਜ਼ਾਨਾ ਇਕ ਘੰਟਾ ਸੰਗਤ ਦੇ ਜੋੜੇ ਸਾਫ ਕਰਨ, ਸੰਗਤ ਦੇ ਜੂਠੇ ਬਰਤਨ ਮਾਂਜਣ ਅਤੇ ਕੀਰਤਨ ਸੁਣਨ। ਇਸੇ ਤਰ੍ਹਾਂ ਪੰਜ ਦਿਨ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਵਿਖੇ ਇਕ-ਇਕ ਘੰਟਾ ਇਹ ਤਿੰਨੋਂ ਸੇਵਾਵਾਂ ਪੂਰੀਆਂ ਕੀਤੀਆਂ ਜਾਣ।

ਇਸ ਸੇਵਾ ਦੌਰਾਨ ਦੋਵਾਂ ਥਾਵਾਂ 'ਤੇ ਤੜਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਹਾਜ਼ਰੀ ਭਰ ਕੇ ਹੁਕਮਨਾਮਾ ਸੁਣਿਆ ਜਾਵੇ ਅਤੇ ਦੋਵਾਂ ਥਾਵਾਂ 'ਤੇ ਸੇਵਾ ਮੁਕੰਮਲ ਹੋਣ ਮਗਰੋਂ ਇਕ-ਇਕ ਅਖੰਡ ਪਾਠ ਕਰਵਾਏ ਜਾਣ। ਇਸ ਤੋਂ ਇਲਾਵਾ ਦੋਵਾਂ ਥਾਵਾਂ 'ਤੇ 51-51 ਸੌ ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ ਜਾਵੇ। ਇਹ ਵੀ ਹਦਾਇਤ ਕੀਤੀ ਗਈ ਹੈ ਕਿ ਜਦੋਂ ਤਕ ਤਨਖਾਹ ਪੂਰੀ ਨਹੀਂ ਕੀਤੀ ਜਾਂਦੀ ਉਦੋਂ ਤੱਕ ਕਿਸੇ ਵੀ ਧਾਰਮਿਕ ਸਟੇਜ ਤੋਂ ਨਹੀਂ ਬੋਲਣਾ ਅਤੇ ਨਾ ਹੀ ਪ੍ਰਬੰਧਕੀ ਕਮੇਟੀ ਦੇ ਕੰਮਕਾਜ ਦੇਖਣੇ ਹਨ। ਇਸ ਸੇਵਾ ਦੌਰਾਨ ਪ੍ਰਬੰਧਕੀ ਕਮੇਟੀ ਦਾ ਕੋਈ ਵੀ ਅਧਿਕਾਰੀ ਜਾਂ ਮੈਂਬਰ ਉਸ ਦਾ ਸਹਿਯੋਗ ਨਹੀਂ ਕਰੇਗਾ। ਇਸ ਮਾਮਲੇ ਦੀ ਸਮੁੱਚੀ ਸੁਣਵਾਈ ਪਹਿਲੀ ਵਾਰ ਅਕਾਲ ਤਖ਼ਤ ਦੀ ਫਸੀਲ ਤੋਂ ਸਮੁੱਚੀ ਸੰਗਤ ਦੇ ਸਾਹਮਣੇ ਕੀਤੀ ਗਈ, ਜਿਸ ਤਹਿਤ ਅਵਤਾਰ ਸਿੰਘ ਹਿੱਤ ਅਕਾਲ ਤਖ਼ਤ ਦੇ ਸਾਹਮਣੇ ਹੇਠਾਂ ਹੱਥ ਜੋੜ ਕੇ ਖੜ੍ਹੇ ਸਨ। ਪੰਜ ਜਥੇਦਾਰ ਅਕਾਲ ਤਖ਼ਤ ਦੀ ਫਸੀਲ 'ਤੇ ਹਾਜ਼ਰ ਸਨ। ਅਵਤਾਰ ਸਿੰਘ ਹਿੱਤ ਉਪਰ ਲੱਗੇ ਦੋਸ਼ ਵੀ ਸੰਗਤ ਦੇ ਸਾਹਮਣੇ ਪੜ੍ਹ ਕੇ ਸੁਣਾਏ ਗਏ ਅਤੇ ਉਨ੍ਹਾਂ ਨੇ ਸੰਗਤ ਦੇ ਸਾਹਮਣੇ ਹੀ ਇਹ ਦੋਸ਼ ਸਵੀਕਾਰ ਕੀਤੇ। ਉਨ੍ਹਾਂ ਮੰਨਿਆ ਕਿ ਉਸ ਕੋਲੋਂ ਭੁਲੇਖੇ ਵਿਚ ਇਹ ਗਲਤੀ ਹੋਈ ਹੈ ਅਤੇ ਉਹ ਇਸ ਮਾਮਲੇ ਵਿਚ ਲਾਈ ਗਈ ਸੇਵਾ ਨੂੰ ਤਨ-ਮਨ ਨਾਲ ਪੂਰਾ ਕਰੇਗਾ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਿਰਫ ਅਵਤਾਰ ਸਿੰਘ ਹਿਤ ਦੇ ਮਾਮਲੇ ਨੂੰ ਵਿਚਾਰਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਭਵਿੱਖ ਵਿਚ ਅਕਾਲ ਤਖ਼ਤ ਤੋਂ ਅਜਿਹੀ ਕਾਰਵਾਈ ਸੰਗਤ ਦੀ ਹਾਜ਼ਰੀ ਵਿਚ ਕੀਤੀ ਜਾਵੇਗੀ ਨਾਕਿ ਬੰਦ ਕਮਰੇ ਵਿਚ।


ਗਲਤੀ ਕਬੂਲ ਰਹੇ ਅਵਤਾਰ ਸਿੰਘ ਹਿੱਤ।

# ਪ੍ਰਿਅੰਕਾ ਦੀ ਸਿਆਸਤ ਵਿਚ ਐਂਟਰੀ ਉਤੇ "ਕਾਂਵਾਰੌਲੀ"

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਵਿਚ ਨਹਿਰੂ-ਗਾਂਧੀ ਪਰਿਵਾਰ ਦੀ ਪੰਜਵੀਂ ਪੀੜ੍ਹੀ ਦੀ ਕੁੜੀ ਪ੍ਰਿਅੰਕਾ ਗਾਂਧੀ ਨੇ ਸਿਆਸਤ ਵਿਚ ਐਂਟਰੀ ਕੀਤੀ ਹੈ। ਇਸ ਫੈਸਲੇ ਤੋਂ ਬਾਅਦ ਸੈਂਕੜੇ ਦੇ ਕਰੀਬ ਸਿਆਸੀ ਲੀਡਰਾਂ ਅਤੇ ਰਾਜਨੀਤਕ ਮਾਹਰਾਂ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਪ੍ਰਿਅੰਕਾ ਦੇ ਸਿਆਸਤ ਵਿਚ ਆਉਣ ਤੋਂ ਬਾਅਦ ਜਿੱਥੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਪੁੱਠੀਆਂ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਉੱਥੇ ਹੀ ਭਾਜਪਾ ਦੇ ਮੁੱਖ ਆਗੂਆਂ ਨੇ ਵੀ ਟਵਿੱਟਰ ਉੱਤੇ 'ਸ਼ਬਦ ਬਾਣ' ਛੱਡਣੇ ਸ਼ੁਰੂ ਕਰ ਦਿੱਤੇ।

ਟਵੀਟੋ-ਟਵੀਟੀ ਦੀ ਇਸ ਖੇਡ 'ਚ ਪੀਐੱਮ. ਮੋਦੀ ਵੀ ਪਿੱਛੇ ਨਾ ਰਹੇ ਅਤੇ ਇਸ ਸਬੰਧੀ ਪ੍ਰਤੀਕਿਰਿਆ ਦਿੰਦੇ ਹੋਏ ਕਾਂਗਰਸ ਦੇ ਇਸ ਫੈਸਲੇ ਨੂੰ 'ਪਰਿਵਾਰਵਾਦ ਦੀ ਰਾਜਨੀਤੀ' ਕਰਾਰ ਦਿੱਤਾ। ਭਾਜਪਾ ਦੇ ਮੁੱਖ ਬੁਲਾਰੇ ਸੰਬਿਤ ਪਾਤਰਾ ਨੇ ਕਾਂਗਰਸ ਦੇ ਇਸ ਫੈਸਲੇ ਨੂੰ ਰਾਹੁਲ ਗਾਂਧੀ ਦੀ ਨਾਕਾਮੀ ਨਾਲ ਜੋੜ ਕੇ ਪੇਸ਼ ਕੀਤਾ। ਇਸ ਦੇ ਉਲਟ ਬੀਜੇਪੀ ਦੀ ਹਮਖਿਆਲ ਸ਼ਿਵਸੇਨਾ ਨੇ ਕਿਹਾ ਕਿ ਕਾਂਗਰਸ ਨੇ ਇਹ ਫੈਸਲਾ ਕਾਫੀ ਦੇਰ ਨਾਲ ਲਿਆ ਹੈ। ਇਕ ਰਿਪੋਰਟ ਮੁਤਾਬਕ ਲਗਭਗ ਸਾਰੇ ਮੁੱਖ ਆਗੂਆਂ ਨੇ ਵੱਖ-ਵੱਖ ਮੀਡੀਆ ਰਾਹੀਂ ਆਪਣੀ ਪ੍ਰਤੀਕਿਰਿਆ ਦਿੱਤੀ। ਮੀਡੀਆ ਨੇ ਵੀ ਇਸ ਮਾਮਲੇ ਸਬੰਧੀ ਕਾਫੀ ਦਿਲਚਸਪੀ



ਦਿਖਾਈ ਅਤੇ ਪ੍ਰਿਅੰਕਾ ਦੀ ਸਿਆਸਤ ਵਿਚ ਆਮਦ ਲਗਭਗ ਅਖਬਾਰਾਂ ਦੀ ਮੁੱਖ ਸੁਰਖੀ ਬਣੀ। ਕਿਸੇ ਨੇ ਇਸ ਨੂੰ ਰਾਹੁਲ ਵੱਲੋਂ ਚੋਣਾਂ ਤੋਂ ਪਹਿਲਾਂ ਖੇਡਿਆ ਗਿਆ ਮਾਸਟਰ ਸਟ੍ਰੋਕ ਦੱਸਿਆ ਅਤੇ ਕਿਸੇ ਨੇ 'ਇੰਦਰਾ ਇਜ਼ ਕਮ ਬੈਕ' ਵੀ ਕਹਿ ਕੇ ਪ੍ਰਚਾਰਿਆ।

ਸਿਆਸੀ ਮਾਹਰਾਂ ਨੇ ਵੀ ਪ੍ਰਿਅੰਕਾ ਗਾਂਧੀ ਦੀ ਆਮਦ ਨੂੰ ਲੈ ਕੇ ਖ਼ੂਬ ਸਰਗਰਮੀ ਦਿਖਾਈ। ਕਿਸੇ ਨੇ ਪ੍ਰਿਅੰਕਾ ਨੂੰ ਮਮਤਾ ਬੈਨਰਜੀ ਅਤੇ ਮਾਇਆਵਤੀ ਦਾ ਤੋੜ ਦੱਸਿਆ ਅਤੇ ਕਿਸੇ ਨੇ ਭਾਜਪਾ ਦਾ ਸੂਪੜਾ ਸਾਫ ਕਰਨ ਲਈ ਪੈਦਾ ਹੋਇਆ 'ਦੁਰਗਾ ਦਾ ਅਵਤਾਰ' ਕਿਹਾ। ਵਿਦੇਸ਼ੀ ਮੀਡੀਆ ਨੇ ਕਾਂਗਰਸ ਦੇ ਇਸ ਫੈਸਲੇ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਅਤੇ ਕਿਹਾ ਕਿ 'ਭਾਰਤ ਦੇ ਇਕ ਪੁਰਾਣੇ ਸਿਆਸੀ ਘਰਾਣੇ ਨੇ ਪੈਦਾ ਕੀਤਾ ਇਕ ਹੋਰ ਸਿਆਸਤਦਾਨ।' ਭਾਰਤੀ ਰਾਜਨੀਤੀ ਵਿਚ ਹਮੇਸ਼ਾ ਤੋਂ ਪਰਿਵਾਰਵਾਦ ਦਾ ਬੋਲਬਾਲਾ ਚਲਿਆ ਆ ਰਿਹਾ ਹੈ। ਤਾਜ਼ਾ ਘਟਨਾਕ੍ਰਮ ਵੀ ਇਸ ਦੀ ਹੀ ਇਕ ਹੋਰ ਉਦਾਹਰਣ ਹੈ।

## ਭਾਰਤ ਦੀਆਂ ਅਦਾਲਤਾਂ ਵਿਚ ਮੁਕੱਦਮਿਆਂ ਦੇ ਢੇਰ ਲੱਗੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਨੂੰਨ ਮੰਤਰਾਲੇ ਅਨੁਸਾਰ ਹਾਈ ਕੋਰਟ ਦੇ ਹਰੇਕ ਜੱਜ ਕੋਲ ਲਗਭਗ 4,500 ਮਾਮਲੇ ਸੁਣਵਾਈ ਲਈ ਪੈਂਡਿੰਗ ਹਨ। ਹੇਠਲੀਆਂ ਅਦਾਲਤਾਂ ਦੀ ਗੱਲ ਕਰੀਏ ਤਾਂ ਉਥੋਂ ਦੇ ਹਰੇਕ ਜੱਜ ਕੋਲ 1,300 ਮਾਮਲੇ ਸੁਣਵਾਈ ਲਈ ਪੈਂਡਿੰਗ ਹਨ। ਦੱਸਣਯੋਗ ਹੈ ਕਿ ਹਾਲ ਹੀ ਵਿਚ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਸਾਰੇ ਹਾਈ ਕੋਰਟ ਦੇ ਚੀਫ ਜਸਟਿਸਾਂ ਨੂੰ ਪੱਤਰ ਲਿਖ ਕੇ ਹੇਠਲੀਆਂ ਅਦਾਲਤਾਂ ਦੇ ਖਾਲੀ ਅਹੁਦਿਆਂ ਨੂੰ ਤੇਜ਼ੀ ਨਾਲ ਭਰਨ ਲਈ ਕਿਹਾ ਸੀ। ਹੇਠਲੀਆਂ ਅਦਾਲਤਾਂ ਵਿਚ ਜੱਜਾਂ ਦੀ ਮਨਜ਼ੂਰਸ਼ੁਦਾ ਗਿਣਤੀ 22,644 ਹੈ। ਇਨ੍ਹਾਂ ਅਦਾਲਤਾਂ ਵਿਚ ਕੰਮ ਕਰ ਰਹੇ ਜੱਜਾਂ ਦੀ ਗਿਣਤੀ 17,509 ਹੈ।ਇਸ ਤਰ੍ਹਾਂ 5,135 ਜੱਜਾਂ ਦੀ ਕਮੀ ਹੈ।


# WHITE HAWK TRUCKING INC

## *Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਪਾਕਿਸਤਾਨ ਨੈਸ਼ਨਲ ਅੰਸੈਂਬਲੀ ਮੈਂਬਰ ਤੇ ਸਿੱਖਸ ਆਫ ਅਮਰੀਕਾ ਦੇ ਡਾਇਰੈਕਟਰਾਂ ਵਿਚਾਲੇ ਮੀਟਿੰਗ

### ਘੱਟ ਗਿਣਤੀਆਂ ਤੇ ਸਿੱਖ ਭਾਈਚਾਰੇ ਦੀਆਂ ਮੰਗਾਂ ਸੰਬੰਧੀ ਵਿਚਾਰ



**ਨਿਊਯਾਰਕ/ਰਾਜ ਗੋਗਨਾ :**
ਪਾਕਿਸਤਾਨ ਸਿੱਖ ਕੌਂਸਲ ਦੇ ਚੀਫ ਪੈਟਰਨ ਰਮੇਸ਼ ਸਿੰਘ ਖਾਲਸਾ ਵਲੋਂ ਪਾਕਿਸਤਾਨ ਦੇ ਨੈਸ਼ਨਲ ਅਸੈਂਬਲੀ ਮੈਂਬਰ ਖੀਲ ਦਾਸ ਦੀ ਇੱਕ ਮੀਟਿੰਗ ਸਿੱਖਸ ਆਫ ਅਮਰੀਕਾ ਦੇ ਡਾਇਰੈਕਟਰਾਂ ਨਾਲ ਅਯੋਜਿਤ ਕਰਵਾਈ ਗਈ। ਇਹ ਮੀਟਿੰਗ ਇਸਲਾਮਾਬਾਦ ਕਲੱਬ ਵਿਖੇ ਹੋਈ, ਜਿੱਥੇ ਡਾ. ਸੁਰਿੰਦਰ ਸਿੰਘ ਗਿੱਲ ਅਤੇ ਬਲਜਿੰਦਰ ਸਿੰਘ ਸ਼ੰਮੀ ਨੇ ਉਨ੍ਹਾਂ ਨੂੰ ਘੱਟ ਗਿਣਤੀਆਂ ਦੀਆਂ ਮੁਸ਼ਕਲਾਂ ਸਬੰਧੀ ਜਾਣੂ ਕਰਵਾਇਆ।

ਪ੍ਰਵਾਸੀ ਸਿੱਖਾਂ ਵਲੋਂ ਨਨਕਾਣਾ ਸਾਹਿਬ ਯੂਨੀਵਰਸਿਟੀ ਅਤੇ ਪਹੁੰਚ ਵੀਜ਼ਾ ਸਬੰਧੀ ਮੰਗਾਂ ਬਾਰੇ ਖੀਲ ਦਾਸ ਨੇ ਆਉਣ ਵਾਲੇ ਅਸੈਂਬਲੀ ਇਜਲਾਸਾਂ ਵਿਚ ਦੋਵੇਂ ਮੰਗਾਂ ਉਠਾਉਣ ਦਾ ਜ਼ਿਕਰ ਕੀਤਾ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਨਕਾਣਾ ਸਾਹਿਬ ਹੋਂਦ ਵਿਚ ਆਉਣ ਦੀ ਉਮੀਦ ਪ੍ਰਗਟ ਕੀਤੀ ਗਈ। ਪ੍ਰਵਾਸੀਆਂ ਲਈ ਪਹੁੰਚ ਵੀਜ਼ੇ ਦੀ ਗੱਲ ਕਰਦੇ ਖੀਲ ਦਾਸ ਨੇ ਕਿਹਾ ਕਿ ਇਸ ਦੀ ਨੋਟੀਫਿਕੇਸ਼ਨ ਹੋਣ ਵਾਲੀ ਹੈ।

ਉਨ੍ਹਾਂ ਅੱਗੇ ਗੱਲ ਕਰਦਿਆਂ ਦੱਸਿਆ ਕਿ ਹਿੰਦੂਆਂ ਨੂੰ ਕੁਝ ਮੁਸ਼ਕਲਾਂ ਆਉਂਦੀਆਂ ਹਨ, ਜਿਨ੍ਹਾਂ ਵਿਚ ਪਿਆਰ ਵਿਆਹ ਦਾ ਮਸਲਾ ਇਸ ਸਬੰਧੀ ਧਰਮ ਤਬਦੀਲ ਦੀ ਸ਼ਰਤ ਕਰਕੇ ਅਹਿਮ ਮੁੱਦਾ ਬਣਿਆ ਹੋਇਆ ਹੈ, ਜੋ ਤਬਦੀਲੀ ਦੀ ਮੰਗ ਕਰਦਾ ਹੈ। ਉਸ ਲਈ ਵੀ ਜੱਦੋਜਹਿਦ ਕੀਤੀ ਜਾ ਰਹੀ ਹੈ। ਰਾਤਰੀ ਭੋਜ ਤੋਂ ਬਾਅਦ ਸਿੰਧ ਦੀਆਂ ਖਾਸ ਸ਼ਾਲਾਂ ਦੇ ਨਾਲ ਸਿੱਖਸ ਆਫ ਅਮਰੀਕਾ ਦੇ ਡਾਇਰੈਕਟਰਾਂ ਡਾ. ਸੁਰਿੰਦਰ ਸਿੰਘ ਗਿੱਲ ਤੇ ਬਲਜਿੰਦਰ ਸਿੰਘ ਸ਼ੰਮੀ ਤੇ ਪਾਕਿਸਤਾਨ ਸਿੱਖ ਕੌਂਸਲ ਦੇ ਚੇਅਰਮੈਨ ਰਮੇਸ਼ ਸਿੰਘ ਖਾਲਸਾ ਤੇ ਭਾਈ ਰਾਮ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਸਿੱਖਸ ਆਫ ਅਮਰੀਕਾ ਸੰਸਥਾ ਵਲੋਂ ਜਸਦੀਪ ਸਿੰਘ ਜੱਸੀ ਵਲੋਂ ਭੇਜੇ ਸਿਰੋਪਾਓ ਨਾਲ ਐੱਮ. ਐੱਨ. ਏ. ਦਾ ਵੀ ਸਨਮਾਨ ਕੀਤਾ ਗਿਆ।

# ਭਾਰਤ ਵਿਚ ਜਥੇਦਾਰ ਹਵਾਰਾ ਉਤੇ ਹੋ ਰਿਹਾ ਹੈ ਅਣਮਨੁੱਖੀ ਤਸ਼ੱਦਦ

### ਸਿੱਖ ਜਥੇਬੰਦੀਆਂ ਨੇ ਅਮਰੀਕੀ ਸੈਨੇਟਰਾਂ ਨੂੰ ਜਾਣੂ ਕਰਵਾਇਆ



**ਵਾਸ਼ਿੰਗਟਨ ਡੀਸੀ/ਹੁਸਨ ਲੜੋਆ ਬੰਗਾ :**
ਅਮਰੀਕਾ ਦੀਆਂ ਵੱਖ ਵੱਖ ਜਥੇਬੰਦੀਆਂ ਨੇ ਕੰਨੇਕਟਿਕਟ ਦੇ ਯੂਐਸ ਸੈਨੇਟਰ ਕ੍ਰਿਸ ਮੁਰਫੀ ਅਤੇ ਸੈਂਟਰ ਰਿਚਰਡ ਬਲਮੇਂਥਲ ਦੇ ਮੁੱਖ ਸਲਾਹਕਾਰਾਂ ਨਾਲ ਇਕ ਖਾਸ ਮੀਟਿੰਗ ਕੀਤੀ, ਜਿਸ ਵਿੱਚ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਕਿ ਸਰਬੱਤ ਖਾਲਸਾ ਵਿਚ ਸਿੱਖ ਕੌਮ ਦੀ ਅਗਵਾਈ ਕਰਨ ਲਈ ਚੁਣੇ ਗਏ ਜਥੇਦਾਰ ਜਥੇਦਾਰ ਜਗਤਾਰ ਸਿੰਘ ਹਵਾਰਾ ਉੱਤੇ ਭਾਰਤੀ ਸਰਕਾਰ ਵਲੋਂ ਲੰਮੇ ਸਮੇਂ ਤੋਂ ਤਸ਼ੱਦਦ ਕੀਤਾ ਜਾ ਰਿਹਾ ਹੈ। ਭਾਵੇਂ ਭਾਈ ਹਵਾਰਾ ਨੂੰ ਪੰਜਾਬ ਤੋਂ ਬਾਹਰ ਰੱਖਣ ਦੀ ਗੱਲ ਹੋਵੇ ਜਾਂ ਫਿਰ ਉਨ੍ਹਾਂ ਦਾ ਸਹੀ ਮੈਡੀਕਲ ਇਲਾਜ ਨਾ ਕਰਵਾਉਣ ਦੀ ਅਤੇ ਭਾਵੇਂ ਨਜਾਇਜ਼ ਕੇਸਾਂ ਵਿਚ ਖਿੱਚਣ ਦੀ, ਭਾਰਤੀ ਸਰਕਾਰ ਦਾ ਰਵੱਈਆ ਹਮੇਸ਼ਾ ਵਿਤਕਰੇ ਭਰਿਆ ਹੀ ਰਿਹਾ ਹੈ। ਅਮਰੀਕਾ ਦੇ ਕੁਝ ਨੌਜਵਾਨ ਨੁਮਾਇੰਦਿਆਂ ਨੇ ਆਪਣਾ ਦਰਦ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਜਾ ਕੇ ਆਪਣੇ ਸੈਨੇਟਰਾਂ ਨੂੰ ਬਿਆਨ ਕੀਤਾ ਤੇ ਸਟੇਟ ਡਿਪਾਰਟਮੈਂਟ ਨੂੰ ਜਥੇਦਾਰ ਹਵਾਰਾ ਦੀ ਰਿਹਾਈ ਲਈ ਅਪੀਲ ਕਰਨ ਨੂੰ ਕਿਹਾ। ਇਹ ਮੀਟਿੰਗ ਸਿੱਖ ਸੇਵਕ ਸੁਸਾਇਟੀ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਵਲੋਂ ਰਖਵਾਈ ਗਈ ਜਿਸ ਵਿਚ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਆਪਣੀਆਂ ਗੱਲਾਂ ਰੱਖੀਆਂ। ਇਸ ਮੀਟਿੰਗ ਵਿਚ ਉਨ੍ਹਾਂ ਨਾਲ ਵੌਇਸ ਓਫ ਫ੍ਰੀਡਮ ਤੋਂ ਪਰਮਜੀਤ ਸਿੰਘ, ਸਰਨਦੀਪ ਸਿੰਘ, ਪਵਨ ਸਿੰਘ ਵਰਜੀਨੀਆ, ਆਰਗੇਨਾਈਜ਼ੇਸ਼ਨ ਆਫ ਮਨਿਊਰਿਟੀਜ਼, ਬਖਸ਼ੀਸ਼ ਸਿੰਘ ਤੇ ਹੋਰ ਪਤਵੰਤੇ ਮੈਂਬਰ ਸ਼ਾਮਿਲ ਹੋਏ। ਭਾਰਤ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ, ਘੱਟ ਗਿਣਤੀਆਂ 'ਤੇ ਹਮਲੇ ਦੀ ਨਿੰਦਾ ਕਰਦਿਆਂ ਸਿੱਖ ਜਥੇਬੰਦੀਆਂ ਨੇ ਕਿਹਾ ਕਿ ਮੋਦੀ ਦੇ ਰਾਜ ਦੌਰਾਨ ਇਹੋ ਜਿਹੇ ਨਸਲੀ ਹਮਲੇ ਵਧੇ ਹਨ, ਜਿਸ ਦੇ ਜ਼ਿੰਮੇਵਾਰ ਹਿੰਦੂਵਾਦੀ ਲੋਕ ਅਤੇ ਉਨ੍ਹਾਂ ਦੀ ਵਿਚਾਰਧਾਰਾ ਹੈ, ਜੋ ਦੂਜੀਆਂ ਕੌਮਾਂ ਨੂੰ ਦਬਾ ਕੇ ਮਨੁੱਖੀ ਅਜ਼ਾਦੀ ਨੂੰ ਖਤਮ ਕਰਨਾ ਚਾਹੁੰਦੇ ਹਨ। ਖਾਲਸਾ ਨੇ ਕਿਹਾ ਕਿ ਅਮਰੀਕਾ, ਨਾਰਵੇ, ਆਸਟਰੇਲੀਆ, ਜਰਮਨੀ, ਆਇਰਲੈਂਡ ਅਤੇ ਚੈਕ ਗਣਰਾਜ ਆਦਿ ਨੇ ਇਹ ਵੀ ਮਸਲਾ ਚੁੱਕਿਆ ਹੈ ਕਿ ਭਾਰਤ ਵਿਚ ਘੱਟ ਗਿਣਤੀ ਕੌਮਾਂ ਨਾਲ ਸਬੰਧਤ ਸਮਾਜ ਸੇਵੀ ਸੰਸਥਾਵਾਂ ਲਈ ਵਿਦੇਸ਼ੀ ਫੰਡਾਂ ਤੇ ਰੋਕ ਲਗਾਈ ਗਈ ਹੈ।

## ਬੇ-ਏਰੀਏ 'ਚ ਭਾਰਤੀ ਗਣਤੰਤਰ ਦਿਵਸ ਮਨਾਇਆ

**ਮਿਲਪੀਟਸ/ਬਿਊਰੋ ਨਿਊਜ਼** : 26 ਜਨਵਰੀ 1950 ਨੂੰ ਹਿੰਦੂਸਤਾਨੀ ਰਿਆਸਤਾਂ ਨੂੰ ਭਾਰਤੀ ਯੂਨੀਅਨ ਵਿੱਚ ਮਿਲਾਉਣ ਦੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਭਾਰਤੀ ਸੰਵਿਧਾਨ ਲਾਗੂ ਹੋਇਆ। ਉਸ ਦਿਨ ਨੂੰ ਦੁਨੀਆ ਭਰ ਵਿੱਚ ਸਥਿਤ ਭਾਰਤੀ ਸਫ਼ਾਰਤਖ਼ਾਨੇ ਜਸ਼ਨ ਦੇ ਤੌਰ ਉਤੇ ਮਨਾਉਂਦੇ ਹਨ। ਭਾਰਤੀ ਕੌਂਸਲੇਟ ਵੱਲੋਂ ਮਿਲਪੀਟਸ ਦੇ ਇੰਡੀਅਨ ਕਮਿਊਨਿਟੀ ਸੈਂਟਰ ਵਿਖੇ ਗਣਤੰਤਰ ਦਿਵਸ ਦਾ ਪ੍ਰੋਗਰਾਮ ਰੱਖਿਆ ਗਿਆ ਜਿਸ ਵਿੱਚ ਗੁਰਦੁਆਰਾ ਸਾਹਿਬ ਸੈਨਹੋਜੇ ਤੋਂ ਬਾਬ ਢਿੱਲੋਂ ਤੇ ਪ੍ਰੀਤਮ ਗਰੇਵਾਲ਼ ਅਤੇ ਸਨੀਵੇਲ ਮੰਦਰ ਵੱਲੋਂ ਰਾਜ ਭਨੋਟ ਸ਼ਾਮਲ ਹੋਏ।




# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਸਰਬੱਤ ਖਾਲਸਾ ਵਿਚ ਥਾਪੇ ਸਿੰਘ ਸਹਿਬਾਨਾਂ ਨੂੰ ਆਪਸੀ ਮੱਤਭੇਦ ਦੂਰ ਕਰਕੇ ਕੌਮ ਨੂੰ ਸੇਧ ਦੇਣ ਦੀ ਅਪੀਲ

**ਸੰਗਰੂਰ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦੀ ਇੱਕ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਸਰਬੱਤ ਖਾਲਸਾ-2015 ਵਿੱਚ ਸਿੱਖ ਕੌਮ ਵਲੋਂ ਥਾਪੇ ਗਏ ਚਾਰ ਜਥੇਦਾਰਾਂ ਦੇ ਆਪਸੀ ਮੱਤਭੇਦਾਂ ਉਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਆਪਸ ਵਿੱਚ ਬੇਵਿਸ਼ਵਾਸ਼ੀ ਵਾਲਾ ਮਾਹੌਲ ਪੈਦਾ ਹੋ ਰਿਹਾ ਹੈ। ਸਿੱਖ ਕੌਮ ਨੂੰ ਸਰਬੱਤ ਖਾਲਸਾ ਜਥੇਦਾਰਾਂ ਤੋਂ ਬਹੁਤ ਉਮੀਦਾਂ ਸਨ, ਉਹ ਉਹਨਾਂ ਉਮੀਦਾਂ ਉਤੇ ਖਰੇ ਨਹੀਂ ਉਤਰ ਰਹੇ। ਸਿੱਖ ਕੌਮ ਨੇ ਆਪਣਾ ਜਜ਼ਬਾ ਸਰਬੱਤ ਖਾਲਸਾ-2015 ਵਿਚ ਵੀ ਦਿਖਾਇਆ, ਸਰਬੱਤ ਖਾਲਸਾ 2016 ਵਿਚ ਵੀ ਦਿਖਾਇਆ ਤੇ ਹੁਣ ਪਿਛਲੇ ਸਮੇਂ ਵਿੱਚ "ਬਰਗਾੜੀ ਮੋਰਚੇ" ਵਿੱਚ ਵੀ ਦਿਖਾਇਆ ਤੇ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੋਆਰਡੀਨੇਸ਼ਨ ਕਮੇਟੀ ਮਹਿਸੂਸ ਕਰਦੀ ਹੈ ਕਿ ਜਥੇਦਾਰ ਸਾਹਿਬਾਨ ਆਪਸ ਸਿਰ ਜੋੜ ਕੇ ਬੈਠਣ ਤਾਂ ਜੋ ਕੌਮ ਵਿੱਚ ਪੈਦਾ ਹੋਈ ਦੁਬਿਧਾ ਨੂੰ ਦੂਰ ਕੀਤਾ ਜਾ ਸਕੇ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਬੈਠੇ ਸਮਰਥਕਾਂ ਵਲੋਂ ਸਰਬੱਤ ਖਾਲਸਾ-2015 ਤੋਂ ਲੈ ਕੇ ਬਰਗਾੜੀ ਮੋਰਚੇ ਤਕ ਆਪਣੇ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ ਗਈ ਹੈ। ਸਰਬੱਤ ਖਾਲਸਾ ਵਿੱਚ ਪਾਸ ਕੀਤੇ ਗਏ ਮਤਿਆਂ ਵਿੱਚ ਇਕ ਮਤਾ ਇਹ ਵੀ ਸੀ ਕਿ ਵਰਲਡ ਸਿੱਖ ਪਾਰਲੀਮੈਂਟ ਬਣਾਈ ਜਾਵੇਗੀ ਤੇ ਇਸ ਪਾਰਲੀਮੈਂਟ ਨੂੰ ਅਜੇ ਤੱਕ ਚਾਰੋਂ ਜਥੇਦਾਰਾਂ ਨੇ ਇਕੱਠੇ ਹੋ ਕੇ ਐਡਰੈਸ ਨਹੀ ਕੀਤਾ। ਸੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੋਆਰਡੀਨੇਸ਼ਨ ਕਮੇਟੀ ਇਹ ਮਹਿਸੂਸ ਕਰਦੀ ਹੈ ਕਿ ਸਰਬੱਤ ਖਾਲਸਾ ਦੇ ਚਾਰੋਂ ਜਥੇਦਾਰ ਸਾਹਿਬਾਨ ਪਹਿਲਾਂ ਆਪਸ ਸਿਰ ਜੋੜ ਕੇ ਬੈਠਣ ਤਾਂ ਜੋ ਸਿੱਖ ਕੌਮ ਵਿੱਚ ਪੈਦਾ ਹੋਇਆ ਭੰਬਲਭੂਸਾ ਦੂਰ ਕੀਤਾ ਜਾ ਸਕੇ। ਲੋੜ ਹੈ ਆਪਣੀ ਹਉਮੈ, ਹੰਕਾਰ ਅਤੇ ਆਪਸੀ ਮਤਭੇਦ ਨੂੰ ਦੂਰ ਕਰਨ ਦੀ, ਤਾਂ ਕਿ ਸਿੱਖ ਕੌਮ ਵਿਚ ਫੈਲੀ ਨਿਰਾਸ਼ਾ ਨੂੰ ਦੂਰ ਕੀਤਾ ਜਾ ਸਕੇ। ਇਸ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਸ. ਬੂਟਾ ਸਿੰਘ ਖੜੌਦ, ਸ. ਸੁਰਜੀਤ ਸਿੰਘ ਕੁਲਾਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ, ਸ. ਜੀਤ ਸਿੰਘ ਆਲੋਅਰਖ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ. ਸੁਖਮਿੰਦਰ ਸਿੰਘ ਹੰਸਰਾ ਪ੍ਰਧਾਨ ਕਨੇਡਾ ਈਸਟ, ਸ. ਮੱਖਣ ਸਿੰਘ ਕਲੇਰ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ, ਸ. ਰੁਪਿੰਦਰ ਸਿੰਘ ਬਾਠ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਜਰਨੈਲ ਸਿੰਘ ਉਨਟਾਰੀਓ , ਮਨਵੀਰ ਸਿੰਘ ਕੁਬੈਕ, ਕਰਨੈਲ ਸਿੰਘ ਉਨਟਾਰੀਓ, ਮਨਕੀਤ ਸਿੰਘ ਢੇਸੀ ਕਨੇਡਾ, ਅਮਨਦੀਪ ਸਿੰਘ ਯੂਥ ਪ੍ਰਧਾਨ ਅਮਰੀਕਾ, ਭਾਈ ਚੈਨ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਫਰਾਂਸ, ਪਰਮਜੀਤ ਸਿੰਘ ਸੋਹਲ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਫਰਾਂਸ, ਸਰਬਜੀਤ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਟਲੀ, ਸੁਖਜੀਵਨ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਫਿਨਲੈਂਡ ਆਦਿ ਨੇ ਸ਼ਮੂਲੀਅਤ ਕੀਤੀ

# ਸਿੱਖਾਂ ਅਤੇ ਕਸ਼ਮੀਰੀਆਂ ਵੱਲੋਂ ਗਣਤੰਤਰ ਦਿਵਸ ਮੌਕੇ ਲੰਦਨ ਦੂਤਘਰ ਅੱਗੇ ਜ਼ਬਰਦਸਤ ਪ੍ਰਦਰਸ਼ਨ

**ਲੰਡਨ/ਬਿਊਰੋ ਨਿਊਜ਼ :**
ਭਾਰਤੀ ਗਣਤੰਤਰ ਦਿਵਸ ਮੌਕੇ 26 ਜਨਵਰੀ 2019 ਨੂੰ, ਲੰਡਨ ਸਥਿਤ ਭਾਰਤੀ ਦੂਤਘਰ ਅੱਗੇ ਖਾਲਿਸਤਾਨ ਲਈ ਸੰਘਰਸ਼ ਕਰ ਰਹੀਆਂ ਸਮੂਹ ਪੰਥਕ ਜਥੇਬੰਦੀਆਂ ਵੱਲੋਂ, ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਵਿਚ ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ, ਅਮਰੀਕ ਸਿੰਘ ਸਹੋਤਾ (OBE), , ਰਣਜੀਤ ਸਿੰਘ ਸਰਾਏ, ਜਨਰਲ ਸਕੱਤਰ, ਅਕਾਲੀ ਦਲ (UK) ਦੇ ਚੇਅਰਮੈਨ, ਗੁਰਦੇਵ ਸਿੰਘ ਚੌਹਾਨ, ਦਲ ਖਾਲਸਾ ਦੇ ਗੁਰਚਰਨ ਸਿੰਘ ਖਾਲਸਾ, ਸਿੱਖਸ ਫ਼ਾਰ ਜਸਟਿਸ ਦੇ ਦੁਪਿੰਦਰਜੀਤ ਸਿੰਘ, ਪਰਮਜੀਤ ਸਿੰਘ ਪੰਮਾ, ਸੰਯੁਕਤ ਖਾਲਸਾ ਦਲ ਅਤੇ ਫ਼ੈਡਰੇਸ਼ਨ ਆਫ਼ ਸਿੱਖ ਆਰਗਨਾਈਜ਼ੇਸ਼ਨਜ਼ ਦੇ ਕੁਆਰਡੀਨੇਟਰ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਵਿਸ਼ਵ ਸਿੱਖ ਸੰਸਦ ਦੇ ਭਾਈ ਜੋਗਾ ਸਿੰਘ ਅਤੇ ਭਾਈ ਮਨਪ੍ਰੀਤ ਸਿੰਘ ਤੋਂ ਇਲਾਵਾ,




ਬ੍ਰਿਟਿਸ਼ ਸਿੱਖ ਕੌਂਸਲ ਦੇ ਤਰਸੇਮ ਸਿੰਘ ਦਿਓਲ ਅਤੇ ਬਲਵੀਰ ਸਿੰਘ ਖੇਲਾ ਸਣੇ ਅਨੇਕਾਂ ਸਿੱਖ ਲੀਡਰਾਂ ਅਤੇ ਤਮਾਮ ਕਸ਼ਮੀਰੀ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਭਾਵੇਂ ਵਿਰੋਧੀ ਪ੍ਰਦਰਸ਼ਨ ਲਈ ਵੀ ਪੁਲਿਸ ਵੱਲੋਂ ਪ੍ਰਬੰਧ ਕੀਤੇ ਗਏ ਸਨ ਪਰ ਇਸ ਵਿਚ ਭਾਰਤੀ ਪੱਤਰਕਾਰ ਲਵੀਨਾ ਟੰਡਨ ਤੋਂ ਇਲਾਵਾ ਕੋਈ ਵੀ ਸ਼ਾਮਲ ਨਹੀਂ ਹੋਇਆ। ਉਸ

ਬਾਕੀ ਸਫ਼ਾ 28 'ਤੇ

# ਪੰਜਾਬੀ ਟਰੱਕ ਡਰਾਇਵਰ ਦੇ ਕਾਤਲ ਨੂੰ 17 ਸਾਲ ਕੈਦ ਦੀ ਸਜ਼ਾ

**ਹੈਮਿਲਟਨ (ਮਿਆਮੀ)/ਬਿਊਰੋ ਨਿਊਜ਼ :**
ਇਥੇ ਚਾਰ ਬੱਚਿਆਂ ਦੇ ਪਿਤਾ 32 ਸਾਲਾ ਸਿੱਖ ਦੀ ਹੱਤਿਆ ਕਰਨ ਦਾ ਜੁਰਮ ਕਬੂਲ ਕਰ ਲੈਣ ਵਾਲੇ ਦੋਸ਼ੀ ਨੂੰ ਅਦਾਲਤ ਨੇ 17 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। 12 ਮਈ 2018 ਨੂੰ ਪੰਜਾਬ ਤੋਂ ਆ ਕੇ ਅਮਰੀਕਾ ਵਿਚ ਰਹਿ ਰਹੇ ਜਸਪ੍ਰੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿਚ ਬ੍ਰੋਡਰਿਕ ਮਲਿਕ ਰੋਬਰਟਸ ਉੱਤੇ ਕਤਲ, ਡਕੈਤੀ, ਬੇਰਹਿਮੀ ਨਾਲ ਹਮਲਾ ਕਰਨ ਅਤੇ ਗ਼ੈਰਕਾਨੂੰਨੀ ਹਥਿਆਰ ਰੱਖਣ ਦਾ ਦੋਸ਼ ਲਗਾਇਆ ਗਿਆ ਸੀ।
ਗੌਰਤਲਬ ਹੈ ਕਿ ਇਸ ਘਟਨਾ ਵਿਚ ਰੋਬਰਟਸ ਨੇ ਪੰਜਾਬ ਦੇ ਕਪੂਰਥਲਾ ਦੇ ਨਜ਼ਦੀਕ ਪਿੰਡ ਨਡਾਲਾ



ਤੋਂ ਅਮਰੀਕਾ ਆਏ ਜਸਪ੍ਰੀਤ ਸਿੰਘ 'ਤੇ ਉਸ ਸਮੇਂ ਗੋਲੀ ਚਲਾਈ, ਜਦੋਂ ਉਹ ਆਪਣੀ ਕਾਰ ਵਿਚ ਬੈਠਾ ਸੀ। ਜਖਮੀ ਹਾਲਤ ਵਿਚ ਜਸਪ੍ਰੀਤ ਸਿੰਘ ਨੂੰ ਪਹਿਲਾਂ ਸਥਾਨਕ ਫੋਰਟ ਹੈਮਿਲਟਨ ਹਸਪਤਾਲ ਲਿਆਂਦਾ ਗਿਆ। ਮਗਰੋਂ ਉਸ ਨੂੰ ਹੈਲੀਕਾਪਟਰ ਰਾਹੀਂ ਡੇਟਨ, ਓਹਿਓ ਸਥਿਤ ਮਿਆਂਮੀ ਵੈਲੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਵੈਂਟੀਲੇਟਰ ਉਤੇ ਰੱਖਿਆ ਗਿਆ ਪਰ 10 ਦਿਨ ਬਾਅਦ ਉਸ ਦੀ ਮੌਤ ਹੋ ਗਈ। ਜਸਪ੍ਰੀਤ ਸਿੰਘ ਇਥੇ ਇੱਕ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ ਅਤੇ ਉਹ ਪਿਛਲੇ ਲਗਭਗ ਅੱਠ ਸਾਲ ਤੋਂ ਅਮਰੀਕਾ ਵਿਚ ਰਹਿ ਰਿਹਾ ਸੀ। ਮਾਨਯੋਗ ਜੱਜ ਨੇ ਕਿਹਾ ਕਿ ਇਹ ਇਕ ਨਸਲੀ ਨਫਰਤ ਦੇ ਘਿਨਾਉਣੇ ਜੁਰਮ ਦੀ ਸ਼੍ਰੇਣੀ ਵਿਚ ਨਹੀਂ ਆਉਂਦਾ ਹੈ, ਹਾਲਾਂਕਿ ਸਿੰਘ ਨੇ ਪੱਗ ਬੰਨ੍ਹੀ ਹੋਈ ਸੀ ਪਰ ਗੋਲੀਬਾਰੀ ਦੀ ਇਸ ਘਟਨਾ ਵਿਚ ਇਸ ਦੇ ਨਫ਼ਰਤੀ ਅਪਰਾਧ ਹੋਣ ਦਾ ਕੋਈ

ਬਾਕੀ ਸਫ਼ਾ 28 'ਤੇ









# ਢੀਂਡਸਾ ਸੁਖਬੀਰ ਬਾਦਲ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਹਟਾਉਣ ਦੇ ਹੱਕ ਵਿਚ

**ਸੰਗਰੂਰ/ਬਿਊਰੋ ਨਿਊਜ਼ :** ਜਿਸ ਦਿਨ ਤੋਂ ਸੁਖਦੇਵ ਸਿੰਘ ਢੀਂਡਸਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦਿੱਤਾ ਹੈ, ਉਸੇ ਦਿਨ ਤੋਂ ਢੀਂਡਸਾ ਚੁੱਪ ਸਨ। ਕੁਝ ਮਹੀਨਿਆਂ ਦੀ ਚੁੱਪੀ ਤੋਂ ਬਾਅਦ ਆਖ਼ਰਕਾਰ ਢੀਂਡਸਾ ਨੇ ਹੁਣ ਆਪਣੇ ਦਿਲ ਦੀ ਗੱਲ ਕਹਿ ਹੀ ਦਿੱਤੀ ਹੈ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਨੂੰ ਬਚਾਉਣਾ ਹੈ ਤਾਂ ਸੁਖਬੀਰ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਆਹੁਦੇ ਤੋਂ ਲਾਂਭੇ ਹੋਣਾ ਹੀ ਪਵੇਗਾ।

ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਨਵੇਂ ਪ੍ਰਧਾਨ ਦੀ ਲੋੜ ਹੈ ਤਾਂ ਕਿ ਲੋਕਾਂ ਦੇ ਗੁੱਸੇ ਨੂੰ ਦੇਖਦਿਆਂ ਮੌਜੂਦਾ ਹਾਲਾਤ 'ਤੇ ਕਾਬੂ ਪਾਇਆ ਜਾ ਸਕੇ। ਢੀਂਡਸਾ ਦੇ ਇਸ ਬਿਆਨ ਨਾਲ ਉਨ੍ਹਾਂ ਹਾਲਾਤਾਂ ਵਿੱਚ ਬਾਦਲਾਂ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਨ੍ਹਾਂ ਵਿੱਚ ਪਾਰਟੀ ਦੇ 3 ਸੀਨੀਅਰ ਟਕਸਾਲੀ ਆਗੂਆਂ ਨੇ ਅਕਾਲੀ ਦਲ ਛੱਡ ਮਾਝੇ ਵਿੱਚੋਂ ਪਹਿਲਾਂ ਹੀ ਪਾਰਟੀ ਨੂੰ ਵੱਡਾ ਝਟਕਾ ਦਿੱਤਾ ਹੈ। ਇਸ ਮੌਕੇ ਢੀਂਡਸਾ ਨੇ ਇਹ ਵੀ ਕਿਹਾ ਉਨ੍ਹਾਂ ਨੇ ਆਪਣੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਵੀ ਕਿਹਾ ਹੈ ਕਿ ਉਹ ਆਉਂਦੀਆਂ ਲੋਕ ਸਭਾ ਚੋਣਾਂ ਨਾ ਲੜਨ ਕਿਉਂਕਿ ਲੋਕਾਂ ਦਾ ਮੂਡ ਪਾਰਟੀ ਦੇ ਹੱਕ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਨਾਂ ਅੰਦਰ ਕੁਝ ਆਗੂਆਂ ਖ਼ਿਲਾਫ ਗੁੱਸਾ ਹੈ ਨਾ ਕਿ ਪਾਰਟੀ ਖ਼ਿਲਾਫ। ਢੀਂਡਸਾ ਨੇ ਦਾਅਵਾ ਕੀਤਾ ਕਿ ਜੇਕਰ ਇਹ ਆਗੂ ਪਿੱਛੇ ਹਟ ਜਾਣ ਤਾਂ ਪਾਰਟੀ ਕੁਝ ਦਿਨਾਂ ਵਿਚ ਹੀ ਮੁੜ ਪੈਰਾਂ ਸਿਰ ਹੋ ਜਾਵੇਗੀ। ਸੁਖਦੇਵ ਸਿੰਘ ਢੀਂਡਸਾ ਨੇ ਇੱਥੋਂ ਤਕ ਦਾਅਵਾ ਕੀਤਾ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਜਿਹੜੇ ਟਕਸਾਲੀ ਆਗੂ ਤੇ ਹੋਰ ਲੋਕ ਪਾਰਟੀ ਛੱਡ ਗਏ ਹਨ, ਉਹ ਮੁੜ ਪਾਰਟੀ ਵਿਚ ਸ਼ਾਮਲ





ਹੋ ਜਾਣਗੇ ਤੇ ਜਿਹੜੇ ਇਸ ਸਿਸਟਮ ਤੋਂ ਦੁਖੀ ਹੋ ਕੇ ਆਪੋ ਆਪਣੇ ਘਰਾਂ ਵਿਚ ਜਾ ਬੈਠੇ ਹਨ ਉਹ ਮੁੜ ਸਰਗਰਮ ਹੋਣਗੇ। ਢੀਂਡਸਾ ਅਨੁਸਾਰ ਲੋਕਾਂ ਦੇ ਗੁੱਸੇ ਲਈ ਸਿਰਫ ਪਾਰਟੀ ਪ੍ਰਧਾਨ ਨੂੰ ਹੀ ਜਿੰਮੇਵਾਰ ਠਹਿਰਾਇਆ ਜਾਵੇਗਾ ਕਿਉਂਕਿ ਜੇਕਰ ਜਿੱਤ ਦਾ ਸਿਹਰਾ ਪ੍ਰਧਾਨ ਨੂੰ ਜਾਂਦਾ ਹੈ ਤਾਂ ਹਾਰ ਵੀ ਉਸ ਦੇ ਹਿੱਸੇ ਹੀ ਆਵੇਗੀ। ਢੀਂਡਸਾ ਨੇ ਕਿਹਾ ਕਿ 2017 ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਮੈਂ ਸੁਖਬੀਰ ਨੂੰ ਪ੍ਰਧਾਨਗੀ ਛੱਡਣ ਲਈ ਕਿਹਾ ਸੀ ਪਰ ਮੇਰੀ ਕਿਸੇ ਨੇ ਨਹੀਂ ਸੁਣੀ। ਜੇਕਰ ਉਸ ਵੇਲੇ ਸੁਖਬੀਰ ਪ੍ਰਧਾਨਗੀ ਛੱਡ ਦਿੰਦਾ ਤਾਂ ਲੋਕਾਂ ਦਾ ਗੁੱਸਾ ਖਤਮ ਹੋ ਜਾਣਾ ਸੀ। ਆਪਣੇ ਦਿਲ ਦੀ ਪੂਰੀ ਭੜਾਸ ਕੱਢਦਿਆਂ ਵੱਡੇ ਢੀਂਡਸਾ ਨੇ ਕਿਹਾ ਕਿ ਜਿਹੜੇ ਲੋਕ ਪਾਰਟੀ 'ਤੇ ਕਾਬਜ਼ ਹਨ ਜੇਕਰ ਉਹ ਅਕਾਲੀ ਦਲ ਨੂੰ ਬਚਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਅਹੁਦਿਆਂ ਦਾ ਬਲੀਦਾਨ ਦੇਣਾ ਹੀ ਪਵੇਗਾ। ਇਸ ਮੌਕੇ ਢੀਂਡਸਾ ਨੇ ਕਿਹਾ ਕਿ ਜੇਕਰ ਸੁਖਬੀਰ ਆਪਣੇ ਅਹੁਦੇ ਤੋਂ ਹਟਦੇ ਹਨ ਤਾਂ ਇਹ ਫੈਸਲਾ ਪਾਰਟੀ ਵਰਕਰਾਂ ਨੇ ਕਰਨਾ ਹੈ ਕਿ ਅਗਲਾ ਪ੍ਰਧਾਨ ਕੌਣ ਬਣੇ ਕਿਉਂਕਿ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਸੰਬੰਧ ਵਿੱਚ ਜਦੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਂ ਤਾਂ ਪਹਿਲਾਂ ਹੀ ਇਹ ਸਾਫ ਕਰ ਦਿੱਤਾ ਹੈ ਕਿ ਅਕਾਲੀ ਦਲ ਬਾਦਲ ਪਰਿਵਾਰ ਦੀ ਜਾਗੀਰ ਨਹੀਂ ਹੈ ਕਿਉਂਕਿ ਪਾਰਟੀ ਕੋਲ ਇੱਕ ਲੋਕਤੰਤਰਿਕ ਢਾਂਚਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਕੋਰ ਕਮੇਟੀ, ਜਿਹੜੀ ਕਿ ਪਾਰਟੀ ਦਾ ਸਰਵ ਉੱਚ ਢਾਂਚਾ ਹੁੰਦਾ ਹੈ, ਉਸ ਤੋਂ ਇਲਾਵਾ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਉਨ੍ਹਾਂ (ਸੁਖਬੀਰ ਬਾਦਲ) ਵਿਚ ਵਿਸ਼ਵਾਸ ਜਤਾਕੇ ਪ੍ਰਧਾਨਗੀ ਵਾਲੀ ਇਹ ਡਿਊਟੀ ਉਨ੍ਹਾਂ ਨੂੰ ਦਿੱਤੀ ਹੈ।

## ਪੰਜਾਬ ਦੇ ਸਾਬਕਾ ਮੰਤਰੀ ਦਲੀਪ ਸਿੰਘ ਪਾਂਧੀ ਦੀ ਮੌਤ

**ਅਮਲੋਹ/ਬਿਊਰੋ ਨਿਊਜ਼ :** ਪੰਜਾਬ ਦੇ ਸਾਬਕਾ ਮੰਤਰੀ ਦਲੀਪ ਸਿੰਘ ਪਾਂਧੀ (82 ਸਾਲ) ਦਾ ਦੇਹਾਂਤ ਹੋ ਗਿਆ ਹੈ। ਉਹ ਕੁਝ ਸਮੇਂ ਤੋਂ ਬੀਮਾਰ ਸਨ। ਇਹ ਜਾਣਕਾਰੀ ਉਨ੍ਹਾਂ ਦੀ ਬੇਟੀ ਗੁਰਦਰਸ਼ਨ ਕੌਰ, ਜਵਾਈ ਮਹਿੰਦਰ ਸਿੰਘ ਰੰਧਾਵਾ ਅਤੇ ਦੋਹਤੇ ਜਸਤੇਸ ਸਿੰਘ ਰੰਧਾਵਾ ਨੇ ਦਿੱਤੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸ੍ਰੀ ਪਾਂਧੀ ਨੂੰ ਸਾਹ ਲੈਣ ਵਿਚ ਤਕਲੀਫ਼ ਮਗਰੋਂ ਹਸਪਤਾਲ ਲਿਜਾਇਆ ਗਿਆ, ਪਰ ਉੱਥੇ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਉਨ੍ਹਾਂ ਦੀ ਹਸਪਤਾਲ ਵਿਚ ਹੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਸ੍ਰੀ ਪਾਂਧੀ ਦਾ ਜਨਮ ਅਮਲੋਹ ਸਬ ਡਿਵੀਜ਼ਨ ਦੇ ਪਿੰਡ ਝੰਬਾਲਾ ਵਿਚ ਹੋਇਆ ਸੀ। ਉਹ ਸੰਨ 1969 ਵਿਚ ਪਹਿਲੀ ਵਾਰ ਅਮਲੋਹ ਹਲਕੇ ਤੋਂ ਵਿਧਾਇਕ ਬਣੇ ਤੇ ਮਗਰੋਂ 1977, 1980 ਅਤੇ 1985 ਵਿਚ ਅਮਲੋਹ ਹਲਕੇ ਤੋਂ ਮੁੜ ਵਿਧਾਇਕ ਚੁਣੇ ਗਏ।

# ਪੰਜ ਪਾਰਟੀ ਗੱਠਜੋੜ ਵਿਚ ਲੋਕ ਸਭਾ ਚੋਣ ਲਈ ਸੀਟਾਂ ਦੀ ਵੰਡ-ਵੰਡਾਈ

### *ਪਟਿਆਲਾ ਸੀਟ ਲਈ ਡਾ. ਧਰਮਵੀਰ ਗਾਂਧੀ ਦੇ ਨਾਂ 'ਤੇ ਸਹਿਮਤੀ*

**ਜਲੰਧਰ/ਬਿਊਰੋ ਨਿਊਜ਼ :**
ਲੋਕ ਸਭਾ ਚੋਣਾਂ ਵਿਚ ਤੀਜਾ ਬਦਲ ਉਸਾਰਨ ਲਈ ਸਾਂਝਾ ਮੁਹਾਜ ਉਸਾਰਨ ਦੇ ਯਤਨ ਵਜੋਂ ਪੰਜ ਸੰਗਠਨਾਂ ਦੇ ਆਗੂਆਂ ਦੀ ਹੋਈ ਮੀਟਿੰਗ ਵਿਚ ਗੱਠਜੋੜ ਦਾ ਗਠਨ ਕਰਨ ਬਾਰੇ ਆਮ ਸਹਿਮਤੀ ਹੋਈ ਹੈ। 'ਆਪ' ਦਾ ਕੋਈ ਵੀ ਆਗੂ ਮੀਟਿੰਗ ਵਿਚ ਸ਼ਾਮਿਲ ਨਹੀਂ ਹੋਇਆ। 'ਆਪ' ਆਗੂ ਖਹਿਰਾ ਤੇ ਬੈਂਸ ਧੜਿਆਂ ਵਾਲੇ ਸਾਂਝੇ ਮੁਹਾਜ਼ ਵਿਚ ਸ਼ਾਮਿਲ ਹੋਣ ਤੋਂ ਸੰਕੋਚ ਕਰ ਰਹੇ ਹਨ। ਪਤਾ ਲੱਗਾ ਹੈ ਕਿ ਗੁਰਾਇਆਂ ਵਿਖੇ ਹੋਈ ਮੀਟਿੰਗ ਵਿਚ ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਤੇ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਬਸਪਾ



ਦੇ ਪੰਜਾਬ ਦੇ ਇੰਚਾਰਜ ਡਾ. ਰਣਬੀਰ ਸਿੰਘ ਬੈਨੀਪਾਲ ਤੇ ਪ੍ਰਧਾਨ ਰਛਪਾਲ ਸਿੰਘ ਰਾਜੂ, ਪੰਜਾਬ ਮੰਚ ਦੇ ਡਾ. ਧਰਮਵੀਰ ਗਾਂਧੀ ਮੈਂਬਰ ਲੋਕ ਸਭਾ, ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਲੋਕ ਸਭਾ ਮੈਂਬਰ ਤੇ ਡਾ. ਰਤਨ ਸਿੰਘ ਅਜਨਾਲਾ, ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਹਾਜ਼ਰ ਸਨ। ਉਕਤ ਆਗੂਆਂ ਨੇ ਸਾਂਝੇ ਤੌਰ 'ਤੇ ਚੋਣ ਲੜਨ ਅਤੇ ਸੀਟਾਂ ਦੀ ਵੰਡ ਬਾਰੇ ਵਿਚਾਰ-ਵਟਾਂਦਰਾ ਕੀਤਾ। ਪਤਾ ਲੱਗਾ ਹੈ ਕਿ ਗੱਠਜੋੜ ਬਣਾਏ ਜਾਣ ਬਾਰੇ ਆਮ ਸਹਿਮਤੀ ਬਣੀ ਤੇ ਅੱਧੀ ਦਰਜਨ ਦੇ ਕਰੀਬ ਸੀਟਾਂ ਬਾਰੇ ਮੁੱਢਲੇ ਵਿਚਾਰ-ਵਟਾਂਦਰੇ 'ਚ ਆਮ ਸਹਿਮਤੀ ਹੋਈ ਹੈ। ਕਰੀਬ ਹਫ਼ਤੇ ਬਾਅਦ ਸਾਰੇ ਆਗੂ ਮੁੜ ਮੀਟਿੰਗ ਕਰਕੇ ਸਾਰੀਆਂ ਸੀਟਾਂ ਦੀ ਵੰਡ ਬਾਰੇ ਫ਼ੈਸਲਾ ਕਰਨ ਬਾਰੇ ਵਿਚਾਰ-ਵਟਾਂਦਰਾ ਕਰਨਗੇ। 'ਆਪ' ਨੂੰ ਗੱਠਜੋੜ 'ਚ ਸ਼ਾਮਿਲ ਕਰਨ ਬਾਰੇ ਰਸਤਾ ਖੁੱਲ੍ਹਾ ਰੱਖਿਆ ਹੈ ਤੇ ਦੱਸਿਆ ਜਾਂਦਾ ਹੈ ਕਿ ਟਕਸਾਲੀ ਦਲ ਦੇ ਆਗੂ ਉਨ੍ਹਾਂ ਨਾਲ ਗੱਲਬਾਤ ਕਰ ਰਹੇ ਹਨ। ਪਰ 'ਆਪ' ਆਗੂ ਗੱਠਜੋੜ ਵਿਚ ਸ਼ਾਮਿਲ ਹੋਣ ਤੋਂ ਸੰਕੋਚ ਵਰਤ ਰਹੇ ਦੱਸੇ ਜਾ ਰਹੇ ਹਨ। 'ਆਪ' ਦੀ ਪੰਜਾਬ ਦੀ ਕੋਰ ਕਮੇਟੀ ਦੇ ਇਕ ਮੈਂਬਰ ਨੇ ਦੱਸਿਆ ਕਿ ਉਨ੍ਹਾਂ ਨੇ ਫੈਸਲਾ ਲਿਆ ਹੈ ਕਿ ਖਹਿਰਾ ਤੇ ਬੈਂਸ ਵਾਲੇ ਕਿਸੇ ਵੀ ਗੱਠਜੋੜ ਵਿਚ ਉਨ੍ਹਾਂ ਦੀ ਪਾਰਟੀ ਸ਼ਾਮਿਲ ਨਹੀਂ ਹੋਵੇਗੀ। 'ਆਪ' ਦੇ ਵਿਧਾਇਕ ਤੇ ਹੋਰਨਾਂ ਪਾਰਟੀਆਂ ਨਾਲ ਗੱਲਬਾਤ ਲਈ ਅਧਿਕਾਰਤ ਕੀਤੇ ਅਮਨ ਅਰੋੜਾ ਨੇ ਸੰਪਰਕ ਕਰਨ 'ਤੇ ਕਿਹਾ ਕਿ ਉਹ ਵਿਚਾਰ-ਵਟਾਂਦਰਾ ਕਰ ਰਹੇ ਹਨ ਤੇ ਟਕਸਾਲੀ ਅਕਾਲੀਆਂ ਤੇ

ਬਾਕੀ ਸਫ਼ਾ 29 'ਤੇ

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

### ਮਾਮਲਾ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਦਾ

# ਸੌਦਾ ਸਾਧ ਖਿਲਾਫ ਰੱਦ ਹੋਏ ਕੇਸ ਮੁੜ ਖੋਲ੍ਹਣ ਦੀ ਮੰਗ

**ਜਲੰਧਰ/ਬਿਊਰੋ ਨਿਊਜ਼ :** ਸਿੱਖ ਜਥੇਬੰਦੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੰਨ 2007 ਦੇ ਕੇਸ ਵਿਚੋਂ ਬਚਾਉਣ ਦੀ ਸੀਨੀਅਰ ਉੱਚ ਅਧਿਕਾਰੀਆਂ ਤੋਂ ਮੁੜ ਸਮਾਂਬੱਧ ਜਾਂਚ ਕਰਵਾਈ ਜਾਵੇ। ਦਰਬਾਰ-ਏ-ਖਾਲਸਾ ਜਥੇਬੰਦੀ ਦੇ ਮੁਖੀ ਭਾਈ ਹਰਜਿੰਦਰ ਸਿੰਘ ਮਾਝੀ ਤੇ ਐਲਾਇੰਸ ਆਫ਼ ਸਿੱਖ ਆਰਗੇਨਾਈਜੇਸ਼ਨ ਦੇ ਬੁਲਾਰੇ ਸੁਖਦੇਵ ਸਿੰਘ ਫਗਵਾੜਾ ਸਮੇਤ 30 ਸਿੱਖ ਜਥੇਬੰਦੀਆਂ ਵੱਲੋਂ ਲਿਖੀ ਗਈ ਚਿੱਠੀ ਵਿਚ ਮੁੱਖ ਮੰਤਰੀ ਨੂੰ ਅਪੀਲ ਕੀਤੀ ਗਈ ਹੈ ਕਿ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਵੱਲੋਂ ਵੀ ਇਸ ਕੇਸ ਨੂੰ ਮੁੜ ਖੋਲ੍ਹਣ ਦੀ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ



ਇਕ ਪਟੀਸ਼ਨ ਪਾਈ ਹੋਈ ਹੈ ਤੇ ਪੰਜਾਬ ਸਰਕਾਰ ਇਸ ਪਟੀਸ਼ਨ 'ਚ ਨਿਆਂ ਦਿਵਾਉਣ ਲਈ ਠੀਕ ਪੱਖ ਰੱਖਣ ਵਿਚ ਸਹਿਯੋਗ ਦੇਵੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਇਸ ਮਾਮਲੇ ਦੀ ਅਗਲੀ ਸੁਣਵਾਈ 13 ਫਰਵਰੀ ਨੂੰ ਹੋਣੀ ਹੈ। ਸਿੱਖ ਆਗੂਆਂ ਨੇ ਕਿਹਾ ਕਿ ਜਾਂਚ ਵਿਚ ਇਹ ਵੀ ਸਪੱਸ਼ਟ ਕੀਤਾ ਜਾਵੇ ਕਿ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਵਾਲੇ ਡੇਰਾ ਮੁਖੀ ਰਾਮ ਰਹੀਮ ਨੂੰ ਬਚਾਉਣ ਲਈ ਕਿਹੜੇ-ਕਿਹੜੇ ਸਿਆਸੀ ਆਗੂ ਨੇ ਤੇ ਖਾਸ ਕਰਕੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੁਲੀਸ ਅਧਿਕਾਰੀਆਂ ਨੂੰ ਕੀ ਆਦੇਸ਼ ਦਿੱਤੇ ਸਨ, ਇਨ੍ਹਾਂ ਵਿਰੁੱਧ ਵੀ ਜਾਂਚ ਕਰਕੇ ਇਨ੍ਹਾਂ ਨੂੰ ਕੇਸ ਵਿਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਇਹ ਸਮਾਂਬੱਧ ਜਾਂਚ 15 ਦਿਨਾਂ 'ਚ ਕੀਤੀ ਜਾਵੇ।

# ਅਖੇ ਬਾਬੇ ਕਰ ਰਹੇ ਨੇ ਫਰਿੱਜ ਵਿਚ ਤਪੱਸਿਆ..ਜਯ ਹੋ

## ਫ਼ਰਿੱਜ 'ਚ 5 ਸਾਲ ਤੋਂ ਰੱਖੀ ਹੋਈ ਹੈ ਆਸ਼ੁਤੋਸ਼ ਦੀ ਮ੍ਰਿਤਕ ਦੇਹ

**ਲੁਧਿਆਣਾ/ਬਿਊਰੋ ਨਿਊਜ਼ :** ਪੰਜਾਬ ਦੇ ਲੁਧਿਆਣਾ ਚ ਨੂਰਮਹਿਲ ਡੇਰੇ ਦੇ ਮੁਖੀ ਅਤੇ ਦਿਵਯ ਜੋਤੀ ਜਾਗਰੀਤੀ ਸੰਸਥਾਨ ਦੇ ਸੰਤ ਆਸ਼ੁਤੋਸ਼ ਮਹਾਰਾਜ ਨੂੰ ਡਾਕਟਰਾਂ ਨੇ 5 ਸਾਲ ਪਹਿਲਾਂ 28 ਜਨਵਰੀ ਨੂੰ 2014 ਨੂੰ ਮ੍ਰਿਤਕ ਐਲਾਨ ਦਿੱਤਾ ਸੀ ਪਰ ਭਗਤਾਂ ਨੇ ਹਾਲੇ ਵੀ ਉਨ੍ਹਾਂ ਦੀ ਦੇਹ ਨੂੰ -22 ਡਿਗਰੀ ਸੈਲਸੀਅਸ ਦੇ ਤਾਪਮਾਨ ਵਿਚ ਫ਼ਰਿੱਜ 'ਚ ਰੱਖਿਆ ਹੋਇਆ ਹੈ। ਜਿੱਥੇ ਉਨ੍ਹਾਂ ਦੀ ਦੇਹ ਫ਼ਰਿੱਜ ਚ ਰੱਖੀ ਗਈ ਹੈ, ਉਸ ਕਮਰੇ ਦੀ 20 ਭਗਤ 24 ਘੰਟੇ ਸੁਰੱਖਿਆ ਚ ਖੜ੍ਹੇ ਰਹਿੰਦੇ ਹਨ। ਪੰਜਾਬ ਅਤੇ ਹਰਿਆਣਾ



ਹਾਈਕੋਰਟ ਦੇ ਹੁਕਮਾਂ ਦੇ ਬਾਅਦ ਤਿੰਨ ਡਾਕਟਰਾਂ ਦਾ ਪੈਨਲ ਹਰੇਕ 6 ਮਹੀਨਿਆਂ ਚ ਆਸ਼ੁਤੋਸ਼ ਦੀ ਦੇਹ ਦੀ ਜਾਂਚ ਕਰਦਾ ਹੈ ਕਿ ਉਨ੍ਹਾਂ ਦੀ ਦੇਹ ਖਰਾਬ ਤਾਂ ਨਹੀਂ ਹੋ ਰਹੀ । ਡਾਕਟਰਾਂ ਦੇ ਇਸ ਪੈਨਲ ਨੇ ਹਾਲ ਹੀ ਵਿਚ ਦਸੰਬਰ 2018 'ਚ ਉਨ੍ਹਾਂ ਦੀ ਦੇਹ ਦੀ ਜਾਂਚ ਕੀਤੀ ਸੀ। ਇਸ ਪੈਨਲ ਵਿਚ ਦਯਾਨੰਦ ਮੈਡੀਕਲ ਕਾਲਜ ਦੇ ਡਾ. ਅਜੇ ਗੋਇਲ, ਇਸ ਕਾਲਜ ਦੇ ਫ਼ੌਰੈਂਸਿਕ ਮੈਡੀਸਿਨ ਡਿਪਾਰਟਮੈਂਟ ਦੇ ਡਾ. ਗੌਤਮ ਵਿਸ਼ਵਾਸ ਅਤੇ ਜਲੰਧਰ ਦੇ ਸਿਵਲ ਸਰਜਨ ਸ਼ਾਮਲ ਹਨ।

# ਜਥੇਦਾਰ ਇਕਬਾਲ ਸਿੰਘ ਖ਼ਿਲਾਫ਼ ਸ਼੍ਰੀ ਅਕਾਲ ਤਖ਼ਤ ਪੁੱਜੀ ਸ਼ਿਕਾਇਤ

### *ਦੋ ਵਿਆਹ ਕਰਾਉਣ ਤੇ ਆਰਐਸਐਸ ਏਜੰਟ ਹੋਣ ਦਾ ਇਲਜ਼ਾਮ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ ਦੀਆਂ ਮੁਸ਼ਕਲਾਂ ਘਟਣ ਦਾ ਨਾਂ ਨਹੀਂ ਲੈ ਰਹੀਆਂ। ਤਖ਼ਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਇਕ ਮੈਂਬਰ ਕਮਿੱਕਰ ਸਿੰਘ ਮਕੰਦਪੁਰ ਨੇ ਅਕਾਲ ਤਖ਼ਤ ਸਾਹਿਬ ਜਾ ਕੇ ਜਥੇਦਾਰ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਬੋਰਡ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਜਥੇਦਾਰ



ਇਕਬਾਲ ਸਿੰਘ ਨੇ ਦੋ ਵਿਆਹ ਕਰਵਾਏ ਹਨ। ਉਨ੍ਹਾਂ 'ਤੇ ਇਲਜ਼ਾਮ ਹਨ ਕਿ ਉਨ੍ਹਾਂ ਦੇ ਚਾਲ-ਚਲਣ ਠੀਕ ਨਹੀਂ ਹਨ ਤੇ ਉਹ ਆਰਐਸਐਸ ਦੇ ਏਜੰਟ ਹਨ। ਉਨ੍ਹਾਂ ਨੂੰ ਸੇਵਾ ਮੁਕਤ ਕਰਨ ਦੀ ਮੰਗ ਕੀਤੀ ਗਈ।ਉਨ੍ਹਾਂ ਦੋਸ਼ ਲਾਇਆ ਕਿ 13 ਜਨਵਰੀ 2019 ਨੂੰ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਆਪਣੇ ਸੰਬੋਧਨ ਦੌਰਾਨ ਗਿਆਨੀ ਇਕਬਾਲ ਸਿੰਘ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਤੁਲਨਾ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੀ ਹੈ। ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜ ਸਿੰਘਾਂ ਦੀ ਮੀਟਿੰਗ ਵਿੱਚ ਇਸ ਸਬੰਧੀ ਫੈਸਲਾ ਲਿਆ ਜਾਏਗਾ।।

ਗਿਆਨੀ ਇਕਬਾਲ ਸਿੰਘ ਨੇ ਦੋਸ਼ ਲਾਇਆ ਕਿ ਸ਼ਿਕਾਇਤ ਕਰਤਾ ਕਮਿੱਕਰ ਸਿੰਘ ਪ੍ਰਬੰਧਕੀ ਕਮੇਟੀ ਦਾ ਪ੍ਰਧਾਨ ਬਣਨ ਦਾ ਇਛੁੱਕ ਹੈ ਅਤੇ ਈਰਖਾ ਕਾਰਨ ਦੂਸ਼ਣਬਾਜ਼ੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਬੀ ਬਲਜੀਤ ਕੌਰ ਇਕ ਸਾਲ ਪਹਿਲਾਂ ਹੀ ਸ਼ਿਕਾਇਤ ਵਾਪਸ ਲੈ ਚੁੱਕੀ ਹੈ ਅਤੇ ਮਾਮਲਾ ਨਿੱਬੜ ਚੁੱਕਾ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਗਿਆਨੀ ਇਕਬਾਲ ਸਿੰਘ ਖ਼ਿਲਾਫ਼ ਸ਼ਿਕਾਇਤ ਮਿਲੀ ਹੈ ਅਤੇ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵੇਲੇ ਵਿਚਾਰਿਆ ਜਾਵੇਗਾ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)



• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਥਕ ਇਕੱਤਰਤਾ ਵਿਚ ਪੰਜਾਬ ਸਰਕਾਰ ਨੂੰ 15 ਫਰਵਰੀ ਤਕ ਮੰਗਾਂ ਪੂਰੀਆਂ ਕਰਨ ਦਾ ਅਲਟੀਮੇਟਮ

- **ਉਲਝੀਆਂ ਪੰਥਕ ਤਣੀਆਂ ਸੁਲਝਾਉਣ ਦੀ ਹੋਈ ਕੋਸ਼ਿਸ਼**
- **ਸੰਗਤਾਂ ਦੀ ਨਰਾਜ਼ਗੀ ਦਾ ਭਰਵਾਂ ਪ੍ਰਗਟਾਵਾ**

**ਚੰਡੀਗੜ੍ਹ/ਸੁਖਵਿੰਦਰ ਸਿੰਘ**

ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨਾਲ ਜ਼ਖਮੀ ਹੋਈ ਸਿੱਖੀ ਦੀ ਰੂਹ ਜਦੋਂ ਮਾਝੇ ਦੇ ਪਿੰਡ ਚੱਬੇ ਵਿਖੇ ਸਰਬੱਤ ਖ਼ਾਲਸਾ ਦੇ ਰੂਪ ਵਿਚ ਇਕੱਤਰ ਹੋਈ ਤਾਂ ਪੰਥ ਨੇ ਇਕਸੁਰ ਹੋ ਕੇ ਕੌਮੀ ਜੁਝਾਰੂ ਆਗੂ ਭਾਈ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਚੁਣਿਆ। ਜਥੇਦਾਰ ਹਵਾਰਾ ਦੀ ਇਸ ਅਹੁਦੇ ਲਈ ਚੋਣ ਦੀ ਉਸ ਇਕੱਠ ਸਮੇਤ ਹਵਾਵਾਂ ਨੇ ਵੀ ਹਾਮੀ ਭਰੀ ਜਿਸ ਨੂੰ ਸਮੁੱਚੀ ਦੁਨੀਆ ਨੇ ਵੇਖਿਆ। ਪਰ ਭਾਰਤੀ ਜੇਲ੍ਹ ਵਿਚ ਨਜ਼ਰਬੰਦ ਭਾਈ ਜਗਤਾਰ ਸਿੰਘ ਹਵਾਰਾ ਤੋਂ ਇਲਾਵਾ ਐਲਾਨੇ ਗਏ ਬਾਕੀ ਤਿੰਨ ਜਥੇਦਾਰਾਂ ਦੀ ਚੋਣ ਬਾਰੇ ਖਦਸ਼ਿਆਂ ਦਾ ਅਹਿਸਾਸ ਉਸ ਇਕੱਠ ਦੇ ਉਸ ਘੜੀ ਪੈਦਾ ਹੋਏ ਜਜ਼ਬਾਤ ਤੋਂ ਹੀ ਹੋ ਰਿਹਾ ਸੀ। ਭਾਈ ਜਗਤਾਰ ਸਿੰਘ ਹਵਾਰਾ ਦੀ ਚੋਣ ਲਈ ਜਿਵੇਂ ਉਤਸ਼ਾਹ ਕਿਸੇ ਤੋਂ ਲੁਕਿਆ ਨਹੀਂ ਸੀ, ਉਵੇਂ ਹੀ ਇਹਨਾਂ ਬਾਕੀ ਤਿੰਨ ਜਥੇਦਾਰਾਂ (ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਅਜਨਾਲਾ) ਦੀ ਚੋਣ ਪ੍ਰਤੀ ਖਦਸ਼ਿਆਂ ਦਾ ਅਹਿਸਾਸ ਵੀ ਕਿਸੇ ਤੋਂ ਲੁਕਿਆ ਨਹੀਂ ਸੀ।

ਪੰਥ ਦੇ ਇਹ ਖਦਸ਼ੇ ਛੇਤੀ ਹੀ ਇਹਨਾਂ ਤਿੰਨ ਜਥੇਦਾਰਾਂ ਦੇ ਫੈਸਲਿਆਂ, ਬੋਲਚਾਲ ਅਤੇ ਆਪਸੀ ਵਖਰੇਵਿਆਂ ਤੋਂ ਸੱਚ ਸਾਬਿਤ ਹੋਣ ਲੱਗੇ। ਇਸ ਦੌਰਾਨ ਜੇਲ੍ਹ ਵਿਚ ਨਜ਼ਰਬੰਦ ਜਥੇਦਾਰ ਜਗਤਾਰ ਸਿੰਘ ਹਵਾਰਾ ਲਈ ਸਭ ਤੋਂ ਔਖਾ ਸਮਾਂ ਬਣ ਆਇਆ। ਹਿੱਕ ਦੇ ਜ਼ੋਰ ਅਤੇ ਆਤਮਿਕ ਬਲ ਨਾਲ ਸਿੱਖੀ ਦੇ ਦੁਸ਼ਮਣਾਂ ਖਿਲਾਫ ਜੂਝਣ ਵਾਲਾ ਜੁਝਾਰੂ ਪੰਥ ਅੰਦਰ ਚਲ ਰਹੀ ਚੌਧਰਾਂ ਦੀ ਨੀਵੇਂ ਪੱਧਰ ਦੀ ਤੂੰ-ਤੂੰ, ਮੈਂ-ਮੈਂ ਵਿਚ ਉਲਝਣ ਲੱਗਿਆ। ਜੁਝਾਰੂਆਂ ਦੀ ਕੌਮ ਦੇ ਉਸ ਜੁਝਾਰੂ ਜਥੇਦਾਰ ਨੂੰ ਹਰ ਕੋਈ ਆਪਣੀ ਸਲਾਹ ਮੁਤਾਬਕ ਚਲਾਉਣ ਲਈ ਯਤਨਸ਼ੀਲ ਸੀ ਤੇ ਉਸ ਦੀ ਖੱਟੀ ਪੰਥਕ ਘਾਲ ਕਮਾਈ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਣ ਦੇ ਸਿਰਤੋੜ ਯਤਨ ਹੋ ਰਹੇ ਸਨ।

ਸਰਬੱਤ ਖ਼ਾਲਸਾ ਸਮਾਗਮ ਵਿਚ ਮੁੜ ਜਾਗੀਆਂ ਪੰਥਕ ਤਰੰਗਾਂ ਦੁਬਾਰਾ ਫੇਰ ਮੱਧਮ ਪੈਣੀਆਂ ਸ਼ੁਰੂ ਹੋ ਗਈਆਂ ਸਨ ਕਿਉਂਕਿ ਆਗੂ ਪੰਥਕ ਭਾਵਨਾਵਾਂ ਦੇ ਹਾਣ ਦੇ ਨਹੀਂ ਹੋ ਸਕੇ ਸਨ। ਪੰਥ ਦੇ ਵਿਰੋਧੀ ਨਿਤ-ਦਿਨ ਪੰਥ ਦੀ ਧਰਤੀ 'ਤੇ ਪੰਥ ਦਾ ਮੂੰਹ ਚਿੜਾ ਰਹੇ ਸਨ। ਸਭ ਪਾਸੇ ਨਿਰਾਸ਼ਤਾ ਦਾ ਆਲਮ ਛਾਇਆ ਹੋਇਆ ਸੀ। ਸਰਬੱਤ ਖ਼ਾਲਸਾ ਸਮਾਗਮ ਵਿਚ ਚੁਣੇ ਗਏ ਤਿੰਨ ਜਥੇਦਾਰ (ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਤੋਂ ਇਲਾਵਾ) ਆਪਣੀ ਸਾਖ ਗੁਆ ਰਹੇ ਸਨ ਕਿਉਂਕਿ ਉਹ ਪੰਥਕ ਭਾਵਨਾਵਾਂ ਦੀ ਤਰਜ਼ 'ਤੇ ਕੋਈ ਫੈਸਲਾ ਨਹੀਂ ਸਨ ਕਰ ਸਕੇ। ਇਸ ਮਾਹੌਲ ਵਿਚ ਫੇਰ ਉਹ ਪਲ ਆਇਆ ਜਦੋਂ ਪੰਥ ਵਿਚ ਦੁਬਾਰਾ ਫੇਰ ਇਕ ਆਸ ਦੀ ਕਿਰਨ ਜਾਗੀ।

1 ਜੂਨ 2018 ਨੂੰ ਪਿੰਡ ਬਰਗਾੜੀ ਦੀ ਦਾਣਾ ਮੰਡੀ ਵਿਚ ਹੋਏ ਪੰਥਕ ਇਕੱਠ ਵਿਚ ਭਾਈ ਧਿਆਨ ਸਿੰਘ ਮੰਡ ਨੇ ਬਤੌਰ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਰਕਾਰ ਖਿਲਾਫ ਮੋਰਚੇ ਦਾ ਐਲਾਨ ਕਰ ਦਿੱਤਾ। ਉਸ ਮੌਕੇ ਪੰਥਕ ਭਾਵਨਾਵਾਂ ਨੂੰ ਦੁਬਾਰਾ ਫੇਰ ਕਿਸੇ ਰੂਹਾਨੀ ਤਾਕਤ ਨੇ ਛੋਹਿਆ ਤੇ ਪੰਥ ਦੁਬਾਰਾ ਫੇਰ ਮੋਰਚੇ 'ਤੇ ਡਟ ਗਿਆ। ਇਸ ਮੋਰਚੇ ਦੀਆਂ ਤਿੰਨ ਪ੍ਰਮੁੱਖ ਮੰਗਾਂ ਰੱਖੀਆਂ ਗਈਆਂ; ੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ



ਨੂੰ ਸਜ਼ਾ, ੨) ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀਆਂ ਦੀ ਗ੍ਰਿਫਤਾਰੀ, ੩) ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਸਿੰਘਾਂ ਦੀ ਰਿਹਾਈ।

ਇਸ ਮੋਰਚੇ ਨੂੰ ਸਿੱਖ ਸੰਗਤਾਂ ਨੇ ਵੱਡਾ ਸਮਰਥਨ ਦਿੱਤਾ ਤੇ ਬਿਨਾ ਸ਼ੱਕ ਸਰਕਾਰ 'ਤੇ ਵੱਡਾ ਦਬਾਅ ਬਣਾਉਣ ਵਿਚ ਕਾਮਯਾਬ ਵੀ ਹੋ ਗਿਆ ਸੀ। ਸਰਬੱਤ ਖ਼ਾਲਸਾ ਵਲੋਂ ਚੁਣੇ ਗਏ ਜਥੇਦਾਰਾਂ 'ਤੇ ਕੌਮ ਦਾ ਵਿਸ਼ਵਾਸ ਬੱਝ ਗਿਆ ਸੀ ਤੇ ਪ੍ਰਤੀਤ ਹੋ ਰਿਹਾ ਸੀ ਕਿ ਬਰਗਾੜੀ ਪਿੰਡ ਦੀ ਜਿਸ ਮਿੱਟੀ ਨੂੰ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਦੁੱਖ ਝੱਲਣਾ ਪਿਆ ਹੈ, ਉਹ ਸਿੱਖ ਇਤਿਹਾਸ ਵਿਚ ਸਦਾ ਲਈ ਅਮਰ ਹੋ ਜਾਵੇਗੀ।

ਪਰ ਮੋਰਚੇ ਦੇ 136ਵੇਂ ਦਿਨ ਭਾਈ ਧਿਆਨ ਸਿੰਘ ਮੰਡ ਵਲੋਂ ਬਿਨਾ ਕੋਈ ਮੰਗ ਪੂਰੀ ਹੋਇਆਂ ਸਰਕਾਰ ਦੇ ਭਰੋਸੇ 'ਤੇ ਮੋਰਚਾ ਖਤਮ ਕਰਨ ਦਾ ਐਲਾਨ ਕਰ ਦਿੱਤਾ ਗਿਆ। ਗੁਰੂ ਅਦਬ ਲਈ ਜੂਝ ਰਹੇ ਪੰਥ ਵਿਚ ਇਕ ਵਾਰ ਫੇਰ ਨਿਰਾਸ਼ਤਾ ਦਾ ਆਲਮ ਛਾ ਗਿਆ। ਹਾਲਤ ਹੋਰ ਵੀ ਬੁਰੇ ਉਦੋਂ ਬਣ ਗਏ ਜਦੋਂ ਮੋਰਚੇ ਦੀ ਅਗਵਾਈ ਕਰ ਰਹੇ ਦੋਵੇਂ ਜਥੇਦਾਰ (ਭਾਈ ਧਿਆਨ ਸਿੰਘ ਮੰਡ ਅਤੇ ਭਾਈ ਬਲਜੀਤ ਸਿੰਘ ਦਾਦੂਵਾਲ) ਆਪਸ ਵਿਚ ਮਿਹਣੋ-ਮਿਹਣੀ ਹੋ ਗਏ। ਭਾਈ ਬਲਜੀਤ ਸਿੰਘ ਦਾਦੂਵਾਲ ਨੇ ਦੋਸ਼ ਲਾਇਆ ਕਿ ਮੋਰਚਾ ਖਤਮ ਕਰਨ ਦੇ ਫੈਸਲੇ ਵਿਚ ਭਾਈ ਮੰਡ ਨੇ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਤੇ ਆਪ ਮੁਹਾਰੇ ਫੈਸਲਾ ਕੀਤਾ। ਆਗੂਆਂ ਦੀ ਇਸ ਤੂੰ-ਤੂੰ, ਮੈਂ-ਮੈਂ ਦਾ ਕਾਰਨ ਕੋਈ ਵੀ ਹੋਵੇ ਪਰ ਬਿਨਾ ਮੰਗਾਂ ਪੂਰੀਆਂ ਹੋਇਆਂ ਮੋਰਚਾ ਖਤਮ ਕਰਨ ਨਾਲ ਪੰਥ ਇਕ ਵਾਰ ਫੇਰ ਠੱਗਿਆ ਠੱਗਿਆ ਮਹਿਸੂਸ ਕਰਨ ਲੱਗਾ।

ਪੰਥ ਦੇ ਵਿਹੜੇ ਮੁੜ ਪਸਰੀ ਇਸ ਨਿਰਾਸ਼ਤਾ ਦੇ ਆਲਮ ਵਿਚੋਂ ਪੰਥ ਨੂੰ ਬਾਹਰ ਕੱਢਣ ਲਈ ਭਾਈ ਜਗਤਾਰ ਸਿੰਘ ਹਵਾਰਾ ਦੇ ਨਾਂ 'ਤੇ ਪੰਜ ਨਾਮਵਰ ਸਖਸ਼ੀਅਤਾਂ (ਸੀਨੀਅਰ ਵਕੀਲ ਸ. ਅਮਰ ਸਿੰਘ ਚਾਹਲ, ਭਾਈ ਨਰਾਇਣ ਸਿੰਘ ਚੌੜਾ, ਭਾਈ ਜਸਪਾਲ ਸਿੰਘ ਹੇਰਾਂ, ਪ੍ਰੋ. ਬਲਜਿੰਦਰ ਸਿੰਘ ਅਤੇ ਮਾਸਟਰ ਭਾਈ ਸੰਤੋਖ ਸਿੰਘ ਦੱਬਾਂਵਾਲਾ) ਦੀ ਇਕ ਕਮੇਟੀ ਸਥਾਪਿਤ ਕੀਤੀ ਗਈ। ਇਸ ਪੰਜ ਮੈਂਬਰੀ ਕਮੇਟੀ ਵਲੋਂ ਪੰਥ ਨੂੰ ਚੰਡੀਗੜ੍ਹ ਵਿਚ ਇਕੱਤਰ ਹੋਣ ਦਾ ਸੱਦਾ ਦਿੱਤਾ ਗਿਆ। ਇਸ ਇਕੱਤਰਤਾ ਵਿਚ ਬਰਗਾੜੀ ਮੋਰਚੇ ਸਬੰਧੀ ਵਿਚਾਰ ਕਰਨ ਤੋਂ ਉਪਰੰਤ ਅਗਲੀ ਰਣਨੀਤੀ ਬਣਾਉਣ ਦਾ ਅਜੰਡਾ ਰੱਖਿਆ ਗਿਆ।

ਸੈਕਟਰ 38 ਬੀ ਦੇ ਗੁਰਦੁਆਰਾ ਸਾਹਿਬ ਵਿਖੇ 27 ਜਨਵਰੀ ਨੂੰ ਹੋਈ ਇਸ ਇਕੱਤਰਤਾ ਵਿਚ

**ਬਾਕੀ ਸਫ਼ਾ 28 'ਤੇ**

## ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਟ ਸਾਹਮਣੇ ਪੇਸ਼ ਹੋਣ ਤੋਂ ਇਨਕਾਰ

**ਜਲੰਧਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਬੇਅਦਬੀ ਤੇ ਬਰਗਾੜੀ ਗੋਲੀਕਾਂਡ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਸਿੱਟ) ਜੇਕਰ ਉਨ੍ਹਾਂ ਨੂੰ ਪੁੱਛਗਿੱਛ ਲਈ ਸੱਦਦੀ ਹੈ, ਤਾਂ ਉਹ ਬਿਲਕੁਲ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਉਹ ਕਿਸੇ ਜਾਂਚ ਟੀਮ ਦੇ ਦਫਤਰ ਵਿਚ ਨਹੀਂ ਜਾਣਗੇ। ਜੇ ਕਿਸੇ ਜਾਂਚ ਟੀਮ ਨੇ ਪੁੱਛਗਿੱਛ ਕਰਨੀ ਹੈ ਤਾਂ ਉਨ੍ਹਾਂ ਕੋਲ ਆ ਸਕਦੀ ਹੈ।



ਦੱਸ ਦਈਏ ਕਿ ਇਸ ਮਾਮਲੇ ਵਿਚ ਐਸਆਈਟੀ ਵੱਲੋਂ ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ ਪਿੱਛੋਂ ਆਖਿਆ ਸੀ ਕਿ ਉਹ ਸਾਬਕਾ ਜਥੇਦਾਰ ਨੂੰ ਤਲਬ ਕਰ ਸਕਦੀ ਹੈ। ਗਿਆਨੀ ਗੁਰਬਚਨ ਸਿੰਘ ਕਿਹਾ ਕਿ ਜਾਂਚ ਟੀਮ ਅਕਾਲ ਤਖ਼ਤ ਦੇ ਜਥੇਦਾਰ ਨੂੰ ਤਲਬ ਨਹੀਂ ਕਰ ਸਕਦੀ। ਜੇਕਰ ਮੇਰੇ ਦਾਇਰੇ ਵਿਚ ਆਉਂਦੀ ਕੋਈ ਗੱਲ ਪੁੱਛਣਗੇ ਤਾਂ ਜ਼ਰੂਰ ਦੱਸਾਂਗਾ। ਦੱਸ ਦਈਏ ਕਿ ਗਿਆਨੀ ਗੁਰਬਚਨ ਸਿੰਘ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿੱਤੀ ਸੀ। ਉਦੋਂ ਦੋਸ਼ ਲੱਗੇ ਸਨ ਕਿ ਜਥੇਦਾਰ ਨੇ ਬਾਦਲਾਂ ਦੇ ਦਬਾਅ ਕਾਰਨ ਡੇਰਾ ਮੁਖੀ ਨੂੰ ਮੁਆਫ ਕੀਤਾ ਤੇ ਫਿਰ ਸਿੱਖਾਂ ਦਾ ਰੋਹ ਵੇਖ ਕੇ ਮੁਆਫੀ ਰੱਦ ਕਰ ਦਿੱਤੀ।




# ਭਾਰਤੀ ਲੋਕਤੰਤਰ 'ਤੇ ਕਾਲੇ ਧਨ ਦਾ ਪ੍ਰਛਾਵਾਂ

- **ਚੋਣਾਂ ਦੌਰਾਨ 75 ਫ਼ੀਸਦੀ ਖ਼ਰਚ ਕਾਲੇ ਧਨ ਰਾਹੀਂ**
- **ਬੇਨਾਮੀ ਸਰੋਤਾਂ ਤੋਂ ਸਭ ਤੋਂ ਵਧੇਰੇ ਧਨ ਭਾਜਪਾ ਦੇ ਖਾਤੇ ਵਿਚ ਆਇਆ**




**ਜਲੰਧਰ/ਬਿਊਰੋ ਨਿਊਜ਼ :**
ਲੋਕਤੰਤਰਿਕ ਸੁਧਾਰ ਐਸੋਸੀਏਸ਼ਨ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤੀ ਲੋਕਤੰਤਰ ਨੂੰ ਚਲਾਉਣ ਵਿਚ ਪੈਸੇ ਅਤੇ ਖਾਸ ਤੌਰ 'ਤੇ ਕਾਲੇ ਧਨ ਦੀ ਭੂਮਿਕਾ ਬਹੁਤ ਵਧ ਗਈ ਹੈ। ਇਸ ਰਿਪੋਰਟ ਵਿਚ ਇਹ ਦੱਸਿਆ ਗਿਆ ਹੈ ਕਿ ਸਾਲ 2017-18 ਦੌਰਾਨ ਰਾਜਸੀ ਪਾਰਟੀਆਂ ਵਲੋਂ ਉਨ੍ਹਾਂ ਨੂੰ ਪ੍ਰਾਪਤ ਹੋਏ ਚੰਦੇ ਵਿਚੋਂ 50 ਫ਼ੀਸਦੀ ਬੇਨਾਮੀ ਸਰੋਤਾਂ ਤੋਂ ਆਇਆ ਹੈ। ਇਹ ਤੱਥ ਹੈਰਾਨ ਕਰਨ ਵਾਲਾ ਹੈ। ਕਾਲੇ ਧਨ ਨੇ ਅੱਜ ਦੇਸ਼ ਵਿਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਨੂੰ ਬਹੁਤ ਗਹਿਰਾ ਕੀਤਾ ਹੈ। ਇਸ ਕਾਲੇ ਧਨ ਦੀ ਸ਼ੁਰੂਆਤ ਰਾਜਸੀ ਪਾਰਟੀਆਂ ਵਲੋਂ ਹੀ ਕੀਤੀ ਜਾਂਦੀ ਹੈ। ਭਾਰਤੀ ਲੋਕਤੰਤਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਵਿਚ ਚਿੱਟਾ ਧਨ ਤਾਂ ਬਹੁਤ ਥੋੜ੍ਹਾ ਖ਼ਰਚ ਹੁੰਦਾ ਹੈ, ਜਿਸ ਦੀ ਆਗਿਆ ਖੁਦ ਚੋਣ ਕਮਿਸ਼ਨ ਦਿੰਦਾ ਹੈ। ਉਂਜ ਚੋਣ ਕਮਿਸ਼ਨ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਇਕ ਸਰਪੰਚ ਜਾਂ ਕੌਂਸਲਰ ਦੀ ਚੋਣ ਵਿਚ ਵੀ ਲੱਖਾਂ ਰੁਪਏ ਖਰਚ ਹੋ ਜਾਂਦੇ ਹਨ। ਇਸ ਖਰਚ ਵਿਚ ਥੋੜ੍ਹਾ ਹਿੱਸਾ ਰਾਜਸੀ ਪਾਰਟੀਆਂ ਦਾ ਹੁੰਦਾ ਹੈ। ਵੱਡੀਆਂ ਰਾਜਸੀ ਪਾਰਟੀਆਂ ਆਪਣੇ ਉਮੀਦਵਾਰਾਂ ਦੀ ਕੁਝ ਮਦਦ ਕਰਦੀਆਂ ਹਨ ਪਰ ਬਹੁਤਾ ਖਰਚ ਉਮੀਦਵਾਰ ਵਲੋਂ ਆਪਣੇ ਕੋਲੋਂ ਕੀਤਾ ਜਾਂਦਾ ਹੈ ਅਤੇ ਇਸ ਵਿਚ 75 ਫ਼ੀਸਦੀ ਖ਼ਰਚ ਕਾਲੇ ਧਨ ਰਾਹੀਂ ਹੀ ਹੁੰਦਾ ਹੈ। ਰਾਜਸੀ ਪਾਰਟੀਆਂ ਜੋ ਖਰਚ ਕਰਦੀਆਂ ਹਨ, ਉਹ ਉਨ੍ਹਾਂ ਨੂੰ ਚੰਦੇ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ ਅਤੇ ਇਨ੍ਹਾਂ ਵਿਚੋਂ ਬਹੁਤਾ ਚੰਦਾ ਬੇਨਾਮੀ ਸਰੋਤਾਂ ਤੋਂ ਪ੍ਰਾਪਤ ਹੁੰਦਾ ਹੈ। ਅਕਸਰ ਇਹ ਵੇਖਿਆ ਗਿਆ ਹੈ ਕਿ ਭ੍ਰਿਸ਼ਟਾਚਾਰ ਵਿੱਚ ਲਿਪਤ ਵੱਡੀਆਂ-ਵੱਡੀਆਂ ਕੰਪਨੀਆਂ ਜਾਂ ਵਿਅਕਤੀ ਆਪਣਾ ਕਾਲ਼ਾ ਧਨ ਚੋਣਾਂ ਦੇ ਸਮੇਂ ਰਾਜਨੀਤਕ ਪਾਰਟੀਆਂ ਨੂੰ ਇਸ ਉਮੀਦ ਵਿੱਚ ਸੌਂਪ ਦਿੰਦੇ ਹਨ ਕਿ ਚੋਣਾਂ ਤੋਂ ਬਾਅਦ ਉਨ੍ਹਾਂ ਦੇ ਹਿਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਚੁਣਾਵੀ ਫੰਡਿੰਗ ਦਾ ਮੁੱਦਾ ਦਰਅਸਲ ਸਰਕਾਰ ਵੱਲੋਂ ਲਾਗੂ ਕੀਤੀਆਂ ਜਾਣ ਵਾਲੀਆਂ ਆਰਥਿਕ ਨੀਤੀਆਂ ਨਾਲ ਸਿੱਧੇ ਢੰਗ ਨਾਲ ਜੁੜਿਆ ਹੈ। ਸਰਕਾਰ ਵਿਚ ਆਈ ਪਾਰਟੀ ਇਸ ਦੇ ਪ੍ਰਭਾਵ ਵਿਚ ਆ ਕੇ ਨਿਯਮਾਂ ਵਿਚ ਢਿੱਲ ਦੇਣ ਨੂੰ ਮਜਬੂਰ ਹੋ ਜਾਂਦੀ ਹੈ। ਫੰਡ ਦੇਣ ਵਾਲੇ ਕਾਰਪੋਰੇਟ ਘਰਾਣੇ ਸਰਕਾਰ ਚਲਾ ਰਹੀ ਪਾਰਟੀ ਦੇ ਆਗੂਆਂ ਨੂੰ ਆਪਣੀ ਜੇਬ ਵਿੱਚ ਰੱਖਦੇ ਹਨ। ਜੇਕਰ ਉਹ ਮੀਡੀਆ ਨਾਲ ਸਬੰਧਿਤ ਹੋਣ ਤਾਂ ਆਮ ਨਾਗਰਿਕਾਂ ਦੇ ਵਿਚਾਰਾਂ ਨੂੰ ਇਸ ਤਰ੍ਹਾਂ ਬਦਲਨ ਵਿੱਚ ਕਾਮਯਾਬ ਹੋ ਜਾਂਦੇ ਹਨ ਕਿ ਆਮ ਜਨਤਾ ਸਰਕਾਰ ਵੱਲੋਂ ਚੁੱਕੇ ਜਾ ਰਹੇ ਸਖਤ ਕਦਮਾਂ ਨੂੰ ਜਨਹਿਤ ਵਿੱਚ ਦੇਖਣ ਲੱਗਦੀ ਹੈ।

ਅਕਸਰ ਵੇਖਿਆ ਜਾ ਰਿਹਾ ਹੈ ਕਿ ਕੁਝ ਮੀਡੀਆ ਘਰਾਣੇ ਉਨ੍ਹਾਂ ਮੀਡੀਆ ਕਰਮੀਆਂ ਨੂੰ ਬਾਹਰ ਦਾ ਰਸਤਾ ਵਿਖਾਉਣ ਵਿਚ ਦੇਰ ਨਹੀਂ ਲਗਾ ਰਹੇ , ਜੋ ਸੱਚ ਦੇ ਪੱਖ ਵਿਚ ਖੜੇ ਹੋ ਕੇ ਸਰਕਾਰ ਦੀ ਆਲੋਚਨਾ ਕਰਦੇ ਹਨ। ਇਸ ਲਈ ਕੋਈ ਵੀ ਇਮਾਨਦਾਰ ਸਰਕਾਰ ਪੱਤਰਕਾਰਤਾ ਵਿਚ ਦਖਲਅੰਦਾਜੀ, ਰਿਸ਼ਵਤਖੋਰੀ ਅਤੇ ਸੰਸਥਾਗਤ ਭ੍ਰਿਸ਼ਟਾਚਾਰ ਨੂੰ ਘੱਟ ਕਰਨ ਲਈ ਚੋਣਾਂ ਵਿਚ ਵੱਡੀ ਪੂੰਜੀ ਦੀ ਭੂਮਿਕਾ ਨੂੰ ਕੰਟਰੋਲ ਹੇਠਾਂ ਰੱਖਣਾ ਚਾਹੇਗੀ। ਪਰ ਭਾਰਤ ਵਿੱਚ ਕੰਪਨੀਆਂ ਉੱਤੇ ਲਾਗੂ ਉਹ ਰੋਕ ਵੀ ਇੱਕ ਵਿੱਤੀ ਬਿਲ ਰਾਹੀਂ ਖਤਮ ਕਰ ਦਿੱਤੀ ਗਈ ਹੈ , ਜਿਸਦੇ ਤਹਿਤ ਉਹ ਆਪਣੇ ਪਿਛਲੇ ਤਿੰਨ ਸਾਲਾਂ ਦੇ ਔਸਤ ਸ਼ੁੱਧ ਮੁਨਾਫੇ ਦਾ 7.5 ਫ਼ੀਸਦੀ ਹਿੱਸਾ ਹੀ ਫੰਡ ਦੇ ਰੂਪ ਵਿੱਚ ਰਾਜਨੀਤਿਕ ਪਾਰਟੀਆਂ ਨੂੰ ਦੇ ਸਕਦੀਆਂ ਸਨ। ਹੁਣ ਤਾਂ ਉਹ ਇਸ ਸਬੰਧੀ ਜਿੰਨਾ ਚਾਹੁਣ, ਓਨਾ ਖਰਚ ਕਰ ਸਕਦੀਆਂ ਹਨ। ਐਚ ਡੀ ਦੇਵਗੌੜਾ ਦੇ ਪ੍ਰਧਾਨ ਮੰਤਰੀ ਕਾਲ ਵਿਚ ਇੰਦਰਜੀਤ ਗੁਪਤਾ ਕਮੇਟੀ ਨੇ ਸਿਫਾਰਿਸ਼ ਕੀਤੀ ਸੀ ਕਿ ਚੋਣਾਂ ਵਿਚ ਉਮੀਦਵਾਰਾਂ ਨੂੰ ਹੇਠਲਾ ਵਿੱਤੀ ਆਧਾਰ ਪ੍ਰਦਾਨ ਕਰਨ ਲਈ ਸਰਕਾਰੀ ਫੰਡਿੰਗ ਦਾ ਨਿਯਮ ਹੋਣਾ ਚਾਹੀਦਾ ਹੈ।

ਕਈ ਦੇਸ਼ਾਂ ਵਿਚ ਅਜਿਹੀ ਵਿਵਸਥਾ ਪਹਿਲਾਂ ਹੀ ਮੌਜੂਦ ਹੈ। ਸਾਡੇ ਇੱਥੇ ਵੀ ਅਜਿਹਾ ਕੀਤਾ ਜਾਣਾ ਚਾਹੀਦਾ ਹੈ। ਪਰ ਸਾਡੇ ਇੱਥੇ ਹੋਵੇਗਾ ਇਹ ਕਿ ਉਮੀਦਵਾਰਾਂ ਦੀ ਕਾਰਪੋਰੇਟ ਫੰਡਿੰਗ ਉੱਤੇ ਕੋਈ ਰੋਕ ਨਾ ਹੋਣ ਦੀ ਮੌਜੂਦਾ ਹਾਲਤ ਵਿੱਚ ਸਰਕਾਰੀ ਖਜਾਨੇ ਤੋਂ ਮਿਲਣ ਵਾਲੀ ਸਹਾਇਤਾ ਉਮੀਦਵਾਰਾਂ ਦੇ ਸੰਸਾਧਨਾਂ ਦਾ ਇੱਕ ਹੋਰ ਸਰੋਤ ਬਣ ਕੇ ਰਹਿ ਜਾਵੇਗੀ। ਇਸ ਲਈ ਪਹਿਲਾਂ ਕਾਰਪੋਰੇਟ ਫੰਡਿੰਗ ਉੱਤੇ ਕਾਬੂ ਕਰਨਾ ਜਰੂਰੀ ਹੈ। ਇਸ ਰਿਪੋਰਟ ਵਿਚ ਦਰਜ ਅੰਕੜਿਆਂ ਮੁਤਾਬਿਕ ਪਿਛਲੇ ਸਾਲ ਦੇਸ਼ ਦੀਆਂ 6 ਵੱਡੀਆਂ ਰਾਜਸੀ ਪਾਰਟੀਆਂ ਭਾਜਪਾ, ਕਾਂਗਰਸ, ਸਪਾ, ਤ੍ਰਿਣਮੂਲ ਕਾਂਗਰਸ, ਕਮਿਊਨਿਸਟ ਪਾਰਟੀ ਅਤੇ ਐਨ.ਸੀ.ਪੀ. ਨੂੰ ਕੁੱਲ 1293 ਕਰੋੜ ਰੁਪਏ ਤੋਂ ਵੱਧ ਦਾ ਸਿੱਧਾ ਚੰਦਾ ਪ੍ਰਾਪਤ ਹੋਇਆ। ਬਿਨਾਂ ਸ਼ੱਕ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਪਰ ਹੁਣ ਚੋਣਾਂ ਦੌਰਾਨ ਰਾਜਸੀ ਪਾਰਟੀਆਂ ਜਿਸ ਉਦਾਰਤਾ ਨਾਲ ਧਨ ਦੀ ਵਰਤੋਂ ਕਰਦੀਆਂ ਹਨ, ਉਸ ਨਾਲ ਇਕ ਪਾਸੇ ਜਿਥੇ ਸੰਪੂਰਨ ਚੋਣ ਪ੍ਰਕਿਰਿਆ ਮਜ਼ਾਕ ਬਣ ਕੇ ਰਹਿ ਗਈ ਹੈ, ਉਥੇ ਲੋਕਤੰਤਰ ਦਾ ਇਹ ਪੱਖ ਨੁਕਸਾਨਦੇਹ ਵੀ ਸਿੱਧ ਹੋ ਰਿਹਾ ਹੈ। ਸੰਨ 1964 ਵਿਚ ਬਣੀ ਸੰਥਾਨਮ ਕਮੇਟੀ ਨੇ ਵੀ ਇਹ ਮੰਨਿਆ ਸੀ ਕਿ ਰਾਜਸੀ ਪਾਰਟੀਆਂ ਜਿਸ ਤਰ੍ਹਾਂ ਚੰਦੇ ਹਾਸਲ ਕਰਦੀਆਂ ਹਨ, ਇਸ ਨਾਲ ਦੇਸ਼ ਵਿਚ ਚੋਣ ਖਰਚ ਲਗਾਤਾਰ ਵਧ ਰਿਹਾ ਹੈ ਅਤੇ ਇਸ ਨੇ ਭ੍ਰਿਸ਼ਟਾਚਾਰ ਵਿਚ ਭਾਰੀ ਵਾਧਾ ਕੀਤਾ ਹੈ। ਇਸ ਕਮੇਟੀ ਨੇ ਰਾਜਸੀ ਪਾਰਟੀਆਂ ਦੇ ਚੰਦੇ ਵਿਚ ਪਾਰਦਰਸ਼ਤਾ ਲਿਆਂਦੇ ਜਾਣ ਅਤੇ ਇਸ ਪ੍ਰਕਿਰਿਆ ਨੂੰ ਲਗਾਤਾਰ ਜਾਰੀ ਰੱਖਣ ਦੀ ਵੀ ਸਿਫਾਰਸ਼ ਕੀਤੀ ਸੀ। ਸਰਬਉੱਚ ਅਦਾਲਤ ਨੇ ਵੀ ਸਾਲ 1996 ਵਿਚ ਚੋਣ ਖਰਚ 'ਤੇ ਟਿੱਪਣੀ ਕਰਦੇ ਹੋਏ ਕਿਹਾ ਸੀ ਕਿ ਚੋਣ ਕਮਿਸ਼ਨ ਨੂੰ ਇਹ ਹੱਕ ਹੈ ਕਿ ਉਹ ਰਾਜਸੀ ਪਾਰਟੀਆਂ ਤੋਂ ਖਰਚ ਕੀਤੀ ਗਈ ਰਕਮ ਬਾਰੇ ਪੁੱਛਗਿੱਛ ਕਰੇ ਅਤੇ ਉਸ ਨੂੰ ਇਹ ਕਰਨੀ ਵੀ ਚਾਹੀਦੀ ਹੈ। ਸਰਬਉੱਚ ਅਦਾਲਤ ਨੇ ਇਹ ਵੀ ਕਿਹਾ ਸੀ ਕਿ ਜਦੋਂ ਚੋਣਾਂ ਵਿਚ ਬੇਹੱਦ ਖਰਚ ਕੀਤਾ ਜਾਵੇਗਾ ਤਾਂ ਰਾਜਨੀਤਕ ਪਾਰਟੀਆਂ ਅਤੇ ਰਾਜਸੀ ਲੋਕ ਇਸ ਧਨ ਨੂੰ ਵਸੂਲਣ ਲਈ ਭ੍ਰਿਸ਼ਟ ਤਰੀਕੇ ਜ਼ਰੂਰ ਅਪਨਾਉਣਗੇ। ਅਸੀਂ ਸਮਝਦੇ ਹਾਂ ਕਿ ਅੱਜ ਦੀ ਰਾਜਨੀਤੀ ਵਿਚ ਜਨ-ਸੇਵਾ ਅਤੇ ਰਾਸ਼ਟਰ ਹਿਤ ਦੇ ਮੁੱਦੇ ਗੁਆਚ ਗਏ ਹਨ ਅਤੇ ਰਾਜਨੀਤਕ ਪਾਰਟੀਆਂ ਵਲੋਂ ਹਰ ਹਾਲ ਵਿਚ ਸੱਤਾ ਪ੍ਰਾਪਤ ਕਰਨਾ ਹੀ ਇਕ ਮਾਤਰ ਮਕਸਦ ਰਹਿ ਗਿਆ ਹੈ। ਇਹ ਮਕਸਦ ਹੀ ਉਨ੍ਹਾਂ ਨੂੰ ਵੱਡੀ ਰਕਮ ਦੇ ਰੂਪ ਵਿਚ ਚੰਦੇ ਹਾਸਲ ਕਰਨ ਲਈ ਪ੍ਰੇਰਤ ਕਰਦਾ ਹੈ। ਸੱਚ ਤਾਂ ਇਹ ਹੈ ਕਿ ਰਾਜਸੀ ਪਾਰਟੀਆਂ ਦੇ ਏਜੰਡੇ ਵਿਚ ਅੱਜ ਜਨ-ਸੇਵਾ ਅਤੇ ਰਾਸ਼ਟਰਹਿਤ ਦੇ ਮੁੱਦੇ ਆਲੋਪ ਹੋ ਗਏ ਹਨ। ਇਨ੍ਹਾਂ ਲੋਕਾਂ ਦਾ ਮੁੱਖ ਮਕਸਦ ਸੱਤਾ ਪ੍ਰਾਪਤ ਕਰਨਾ ਹੀ ਰਹਿ ਗਿਆ ਹੈ। ਛੋਟੇ ਤੋਂ ਲੈ ਕੇ ਵੱਡੇ ਤੱਕ ਸਾਰੇ ਨੇਤਾ ਸੱਤਾ ਹਾਸਲ ਕਰਨ ਲਈ ਹਰ ਹਰਬਾ ਵਰਤਦੇ ਹਨ। ਰਾਜਨੀਤੀ ਦੇ ਇਸੇ ਆਚਰਣ ਕਾਰਨ ਅਮੀਰ ਹੋਰ ਅਮੀਰ ਅਤੇ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ। ਤਾਜ਼ਾ ਰਿਪੋਰਟ ਅਨੁਸਾਰ ਬੇਨਾਮੀ ਸਰੋਤਾਂ ਤੋਂ ਸਭ ਤੋਂ ਵਧੇਰੇ ਧਨ ਭਾਜਪਾ ਦੇ ਖਾਤੇ ਵਿਚ ਹੀ ਆਇਆ ਹੈ। ਇਹੀ ਕਾਲਾ ਧਨ ਦੇਸ਼ ਦੀ ਰਾਜਨੀਤੀ ਨੂੰ ਭ੍ਰਿਸ਼ਟਾਚਾਰ ਦੀ ਦਲਦਲ ਵਲ ਧੱਕਦਾ ਹੈ। ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਨੇ ਲੋਕ-ਲੁਭਾਵਣੇ ਨਾਹਰਿਆਂ ਦਾ ਸਹਾਰਾ ਲੈ ਕੇ 2014 ਵਿੱਚ ਆਪਣੇ ਤੌਰ 'ਤੇ ਪਾਰਲੀਮੈਂਟ ਵਿਚ ਬਹੁ-ਸੰਮਤੀ ਬਣਾ ਲਈ। ਇਸ ਵਿਚ ਵਿਦੇਸ਼ਾਂ ਵਿਚ ਪਏ ਕਾਲੇ ਧਨ ਦੀ ਵਾਪਸੀ ਅਤੇ ਹਰ ਭਾਰਤੀ ਦੇ ਖਾਤੇ ਵਿਚ ਪੰਦਰਾਂ ਲੱਖ ਜਮ੍ਹਾਂ ਕਰਾਉਣ ਦਾ ਵਾਅਦਾ, ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਅਤੇ ਪਾਕਿਸਤਾਨ ਪ੍ਰਤੀ ਸਖ਼ਤ ਤੋਂ ਸਖ਼ਤ ਰਵੱਈਆ ਅਪਣਾਉਣ ਵਰਗੇ ਲਾਰੇ ਸ਼ਾਮਲ ਸਨ। ਸੱਤਾ ਵਿੱਚ ਆਉਂਦੇ ਹੀ ਨੋਟਬੰਦੀ ਅਤੇ ਜੀਐੱਸਟੀ ਲਾਗੂ ਕਰ ਕੇ ਲੋਕਾਂ ਵਿਚਲੇ ਸੰਕਟ ਨੂੰ ਵਧਾ ਦਿੱਤਾ। ਗੁਜਰਾਤ ਮਾਡਲ ਦੇ ਪ੍ਰਚਾਰ ਥੱਲੇ ਹਿੰਦੂਤਵ ਦਾ ਏਜੰਡਾ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਜਿਹੜਾ ਵੀ ਸਰਕਾਰ ਦਾ ਵਿਰੋਧ ਕਰਦਾ, ਉਸ ਨੂੰ ਦੇਸ਼ ਵਿਰੋਧੀ ਗਰਦਾਨ ਦਿੱਤਾ ਜਾਂਦਾ। ਪ੍ਰੈੱਸ ਅਤੇ ਬਿਜਲਈ ਮਾਧਿਅਮ ਉੱਤੇ ਆਪਣਾ ਪ੍ਰਭਾਵ ਬਣਾ ਕੇ ਸਾਰੀਆਂ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਦਾ ਸਿਲਸਿਲਾ ਆਰੰਭ ਦਿੱਤਾ। ਕਿਤੇ ਗਊ ਰੱਖਿਆ, ਕਿਤੇ ਬੰਦੇ ਮਾਤਰਮ, ਕਿਤੇ ਗੰਗਾ ਨੂੰ ਪਵਿੱਤਰ ਕਰਨ ਅਤੇ ਕਿਤੇ ਬਾਬਰੀ ਮਸਜਿਦ ਦਾ ਮਸਲਾ ਉਛਾਲਣਾ ਸ਼ੁਰੂ ਕਰ ਦਿੱਤਾ। ਇਸ ਦੇ ਵਿਰੋਧ ਵਿੱਚ ਜਨ-ਅੰਦੋਲਨ ਆਪ-ਮੁਹਾਰੇ ਉੱਠਣੇ ਸ਼ੁਰੂ ਹੋ ਗਏ।ਜਿਸ ਦੇਸ਼ ਵਿੱਚ 35 ਕਰੋੜ ਅਬਾਦੀ ਰਾਤਾਂ ਨੂੰ ਭੁੱਖੀ ਸੌਂਦੀ ਹੋਵੇ, ਹਰ ਰੋਜ਼ ਨੌ ਹਜ਼ਾਰ ਬੱਚੇ ਭੁੱਖ ਅਤੇ ਕੁਪੋਸ਼ਣ ਨਾਲ਼ ਮਰਦੇ ਹੋਣ, 18 ਕਰੋੜ ਲੋਕ ਝੁੱਗੀਆਂ ਵਿਚ ਰਹਿੰਦੇ ਹੋਣ, 18 ਕਰੋੜ ਲੋਕ ਫੁੱਟਪਾਥਾਂ 'ਤੇ ਸੌਂਦੇ ਹੋਣ ਅਤੇ ਲਗਭਗ 80 ਕਰੋੜ ਲੋਕ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਨਾ ਕਰ ਪਾਉਂਦੇ ਹੋਣ, ਉੱਥੇ ਇਨਾਂ ਲੋਕਾਂ ਦੀ ਅਗਵਾਈ ਕਰਨ ਵਾਲ਼ਿਆਂ ਦਾ ਸਲਾਨਾ (ਕੇਂਦਰ ਤੇ ਰਾਜਾਂ ਦੇ ਸਾਰੇ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਨੂੰ ਮਿਲਾ ਕੇ) ਖ਼ਰਬਾਂ ਰੁਪਏ (ਯਾਣੀ ਕੁੱਝ ਹਜ਼ਾਰ ਕਰੋੜ ਰੁਪਏ) ਖ਼ਰਚ ਹੁੰਦੇ ਹਨ। ਮਨੁੱਖੀ ਵਿਕਾਸ ਸੂਚਕ ਅੰਕ ਦੇ ਹਿਸਾਬ ਨਾਲ਼, ਗਰੀਬੀ ਦੇ ਮਾਮਲਿਆਂ ਵਿੱਚ ਭਾਰਤ ਭਾਵੇਂ ਦੁਨੀਆਂ ਵਿੱਚ ਸਭ ਤੋਂ ਹੇਠਲੇ ਦਰਜੇ ਦੇ ਦੇਸ਼ਾਂ (ਅਫ਼ਰੀਕਾ ਅਤੇ ਸਬ-ਸਹਾਰਾ ਦੇ ਕੁੱਝ ਦੇਸ਼ਾਂ ਨਾਲ਼, ਤੇ ਪਾਕਿਸਤਾਨ, ਨੇਪਾਲ, ਬੰਗਲਾਦੇਸ਼ ਤੋਂ ਵੀ ਹੇਠਾਂ) ਖੜ੍ਹਾ ਹੋਵੇ। ਪਰ ਐਸ਼ੋ ਅਰਾਮ ਦੇ ਮਾਮਲੇ ਵਿੱਚ ਭਾਰਤ ਦੇ ਲੀਡਰਾਂ ਦਾ ਜੀਵਨ ਅਮਰੀਕਾ, ਬ੍ਰਿਟੇਨ, ਜਰਮਨੀ, ਜਾਪਾਨ ਆਦਿ ਦੇਸ਼ਾਂ ਦੇ ਲੀਡਰਾਂ ਦੇ ਬਰਾਬਰ ਨਹੀਂ ਸਗੋਂ ਉਨਾਂ ਤੋਂ ਕਾਫੀ ਅੱਗੇ ਹੈ। ਰਾਜਧਾਨੀਆਂ ਵਿੱਚ ਉਨਾਂ ਦੇ ਬੰਗਲੇ, ਉਨਾਂ ਦੀਆਂ ਏ.ਸੀ. ਗੱਡੀਆਂ, ਉਨਾਂ ਦੀਆਂ ਸਹੂਲਤਾਂ, ਉਨਾਂ ਦੀ ਸੇਵਾਂ ਵਿੱਚ ਤਤਪਰ ਅਮਲੇ-ਚਾਕਰ ਅਤੇ ਸੁਰੱਖਿਆ ਕਰਮੀ—ਸਭ ਕੁੱਝ ਉਨਾਂ ਨੂੰ ਰਾਜਿਆਂ-ਮਹਾਰਾਜਿਆਂ ਦੇ ਜੀਵਨ ਦਾ ਭੁਲੇਖਾ ਪਾਉਂਦਾ ਹੈ। ਇਸ ਨਾਲ ਲੋਕਤੰਤਰ ਦਾ ਨੁਕਸਾਨ ਹੋਏਗਾ। ਇਸ ਨਾਲ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਵੀ ਪ੍ਰਭਾਵਿਤ ਹੁੰਦੀ ਹੈ। ਇਸ ਹਾਲਤ ਨੂੰ ਬਹੁਤੀ ਦੇਰ ਤਕ ਸਹਿਣ ਵੀ ਨਹੀਂ ਕੀਤਾ ਜਾ ਸਕਦਾ। ਦੇਸ਼, ਦੇਸ਼ ਦੀ ਸਰਕਾਰ, ਚੋਣ ਕਮਿਸ਼ਨ ਅਤੇ ਸਰਬਉੱਚ ਅਦਾਲਤ ਨੂੰ ਸਥਿਤੀਆਂ ਦੀ ਇਸ ਭਿਆਨਕਤਾ ਨੂੰ ਰੋਕਣ ਲਈ ਕੁਝ ਤਾਂ ਕਰਨਾ ਹੀ ਪਵੇਗਾ। ਇਹ ਰਾਜ ਪ੍ਰਬੰਧ ਤਾਂ ਖ਼ੁਦ ਮਹਾਂ ਭ੍ਰਿਸ਼ਟਾਚਾਰ ਅਤੇ ਤਰ੍ਹਾਂ-ਤਰ੍ਹਾਂ ਦੇ ਨਜਾਇਜ਼ ਤਰੀਕਿਆਂ ਨਾਲ ਦੌਲਤ ਜਮ੍ਹਾਂ ਕਰਨ ਵਾਲੀ ਆਦਮਖ਼ੋਰ ਜਮਾਤ ਦੀ ਜਨਣੀ ਹੈ। ਇਸ ਦੇ ਅਸਲ ਕਿਰਦਾਰ ਤੋਂ ਅਨਜਾਣ ਬੰਦਾ ਹੀ ਇਹ ਭਰਮ ਪਾਲੇਗਾ ਕਿ ਇਸ ਵਿਚ ਬਣਨ ਵਾਲੀਆਂ ਸਰਕਾਰਾਂ ਨਜਾਇਜ਼ ਦੌਲਤ ਨੂੰ ਖ਼ਤਮ ਕਰਨਗੀਆਂ। ਭਾਜਪਾ ਹੈ ਜਾਂ ਕਾਂਗਰਸ ਇਹ ਕਦੇ ਨਹੀਂ ਦੱਸਦੇ ਕਿ ਉਨ੍ਹਾਂ ਦਾ ਸਮੁੱਚਾ ਦਾਰੋਮਦਾਰ ਹੀ ਕਾਲੇ ਧਨ ਨਾਲ ਚੱਲਦਾ ਹੈ। ਉਨ੍ਹਾਂ ਵਲੋਂ ਚੋਣ ਮੁਹਿੰਮਾਂ ਵਿਚ ਜੋ ਧਨ ਪਾਣੀ ਵਾਂਗ ਵਹਾਇਆ ਜਾਂਦਾ ਹੈ, ਉਹ ਵੀ ਕਾਲਾ ਧਨ ਹੈ। ਇਸ ਦੇ ਵਸੀਲੇ ਉਹ ਕਦੇ ਨਸ਼ਰ ਨਹੀਂ ਕਰਦੇ। ਮੋਦੀ ਦੀ 2014 ਦੀ ਚੋਣ ਪ੍ਰਚਾਰ ਮੁਹਿੰਮ ਇਸੇ 'ਕਾਲੇ ਧਨ' ਨਾਲ ਚਲਾਈ ਗਈ ਸੀ। ਮੋਦੀ ਉਪਰ ਸਹਾਰਾ ਕੰਪਨੀ ਤੋਂ 55 ਕਰੋੜ ਅਤੇ ਬਿਰਲਾ ਕੰਪਨੀ ਤੋਂ 25 ਕਰੋੜ ਰਿਸ਼ਵਤ ਲੈਣ ਦੇ ਇਲਜ਼ਾਮ ਹਨ ਅਤੇ ਇਹ ਮੁਕੱਦਮਾ ਸੁਪਰੀਮ ਕੋਰਟ ਵਿਚ ਸੁਣਵਾਈ ਯੋਗ ਮੰਨ ਲਿਆ ਗਿਆ ਹੈ।

ਖੁੱਲ੍ਹੀ ਮੰਡੀ ਦੀਆਂ ਮਨਮਾਨੀਆਂ ਦਾ ਨਵਉਦਾਰਵਾਦੀ ਆਰਥਿਕ ਮਾਡਲ ਖ਼ੁਦ ਹੀ ਸਭ ਤੋਂ ਵੱਡਾ ਕਾਲਾ ਧੰਦਾ ਹੈ ਜਿਸ ਵਿਚ ਪੂਰੀ ਤਰ੍ਹਾਂ ਬੇਲਗਾਮ ਕਾਰਪੋਰੇਟ ਸਰਮਾਏਦਾਰੀ ਬਾਕੀ ਸਮਾਜ ਦੀ ਕੀਮਤ 'ਤੇ ਘੋਰ ਤੋਂ ਘੋਰ ਨਾਜਾਇਜ਼ ਢੰਗਾਂ ਨਾਲ ਸੁਪਰ ਮੁਨਾਫ਼ੇ ਬਟੋਰਨ ਲਈ ਆਜ਼ਾਦ ਹੈ।

# 1984 ਦੀ ਸਿੱਖ ਨਸਲਕੁਸ਼ੀ ਨੂੰ ਜਾਇਜ਼ ਦੱਸਣ ਵਾਲੇ ਨਾਨਾ ਦੇਸ਼ਮੁਖ ਨੂੰ ਭਾਰਤ ਰਤਨ

ਕੈਪਸ਼ਨ : ਨਾਨਾ ਦੇਸ਼ਮੁਖ ਨੇ 8 ਨਵੰਬਰ 1984 ਨੂੰ ਲਿਖੇ ਆਪਣੇ ਪਰਚੇ ਵਿਚ 1984 ਦੀ ਸਿੱਖ ਨਸਲਕੁਸ਼ੀ ਨੂੰ ਜਾਇਜ਼ ਠਹਿਰਾਇਆ ਸੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਵਿਚ ਮੋਦੀ ਸਰਕਾਰ ਵੱਲੋਂ 1984 ਦੀ ਸਿੱਖ ਨਸਲਕੁਸ਼ੀ ਵਿਚ ਹਜ਼ਾਰਾਂ ਸਿੱਖਾਂ ਦੇ ਕੀਤੇ ਗਏ ਕਤਲੇਆਮ ਨੂੰ ਜਾਇਜ਼ ਦੱਸਣ ਵਾਲੇ ਰਾਸ਼ਟਰੀ ਸਵੈਸੇਵਕ ਸੰਘ (ਆਰਐਸਐਸ.) ਦੇ ਵਿਚਾਰਕ ਤੇ ਆਗੂ ਰਹੇ ਨਾਨਾ ਦੇਸ਼ਮੁਖ ਨੂੰ ਮਰਨ ਤੋਂ ਬਾਅਦ ਭਾਰਤ ਰਤਨ ਦਾ ਸਰਕਾਰੀ ਸਨਮਾਨ ਦਿੱਤਾ ਗਿਆ ਹੈ।

ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਦੇ ਘਰੇਲੂ ਮਾਮਲਿਆਂ ਦੀ ਵਜ਼ਾਰਤ ਵਲੋਂ ਸਰਕਾਰੀ ਸਨਮਾਨਾਂ ਦੀ ਜਾਰੀ ਕੀਤੀ ਗਈ ਸੂਚੀ ਵਿਚ ਭਾਰਤ ਰਤਨ ਲਈ ਨਾਨਾ ਦੇਸ਼ਮੁਖ ਦਾ ਨਾਂ ਸ਼ਾਮਲ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਜਦੋਂ ਨਵੰਬਰ 1984 ਵਿਚ ਜਦੋਂ ਭਾਰਤ ਭਰ ਵਿਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ ਤਾਂ 8 ਨਵੰਬਰ 1984 ਨੂੰ ਨਾਨਾ ਦੇਸ਼ਮੁਖ ਵਲੋਂ ਗੁਰੂ ਨਾਨਕ ਜੀ ਦੇ ਪਰਕਾਸ਼ ਦਿਹਾੜੇ ਮੌਕੇ ਇਕ ਪਰਚਾ ਲਿਖ ਕੇ ਤੇ ਛਪਵਾ ਕੇ ਵੱਡੀ ਪੱਧਰ ਉੱਤੇ ਵੰਡਿਆ ਗਿਆ ਸੀ ਜਿਸ ਵਿਚ ਉਸ ਨੇ ਸਿੱਖਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਇਆ ਸੀ।

ਨਾਨਾ ਦੇਸ਼ਮੁਖ ਦੀ ਇਹ ਲਿਖਤ ਹਿੰਦੂਤਵੀ ਧਿਰਾਂ ਦੀ ਸਿੱਖਾਂ ਦੀ ਨਸਲਕੁਸ਼ੀ ਵਿਚ ਸ਼ਮੂਲੀਅਤ ਤੇ ਇਸ ਕਤਲੇਆਮ ਦਾ ਵਿਚਾਰਧਾਰਕ ਅਧਾਰ ਮੁਹੱਈਆ ਕਰਵਾਏ ਜਾਣ ਦਾ ਅਹਿਮ ਸਬੂਤ ਹੈ।

ਭਾਵੇਂ ਕਿ ਆਰਐਸਐਸ. ਤੇ ਭਾਜਪਾ ਵਰਗੀਆਂ ਹਿੰਦੂਤਵੀ ਧਿਰਾਂ ਆਪਣੇ ਸਿਆਸੀ ਮੁਫਾਦਾਂ ਨੂੰ ਮੁੱਖ ਰੱਖ ਕੇ ਹੁਣ ਸਿੱਖ ਨਸਲਕੁਸ਼ੀ 1984 ਦੇ ਕਾਰੇ ਦੀ ਨਿੰਦਾ ਕਰਦੇ ਹਨ ਪਰ ਇਹ ਦਸਤਾਵੇਜ਼ ਉਹਨਾਂ ਵਲੋਂ ਉਸ ਵੇਲੇ ਨਿਭਾਈ ਗਈ ਭੂਮਿਕਾ ਦਾ ਪ੍ਰਤੱਖ ਪ੍ਰਗਟਾਵਾ ਕਰਦਾ ਹੈ।



ਇਸੇ ਦੌਰਾਨ ਭਾਰਤ ਸਰਕਾਰ ਨੇ ਸੁਪਰੀਮ ਕੋਰਟ ਦੇ ਵਕੀਲ ਅਤੇ ਆਮ ਆਦਮੀ ਪਾਰਟੀ ਤੋਂ ਹਾਲੀਆਂ ਸਮੇਂ ਚ ਵੱਖ ਹੋਏ ਐਚਐਸ. ਫੂਲਕਾ ਨੂੰ 'ਪੰਜਾਬ - ਜਨਤਕ ਕੰਮਾਂ' ਦੀ ਸ਼੍ਰੇਣੀ ਚ ਪਦਮਸ਼੍ਰੀ ਐਲਾਨਿਆ ਹੈ। ਭਾਰਤ ਸਰਕਾਰ ਦੇ ਘਰੇਲੂ ਮਾਮਲਿਆਂ ਦੀ ਵਜ਼ਾਰਤ ਵੱਲੋਂ ਜਾਰੀ ਸੂਚੀ ਵਿਚ ਵਕੀਲ ਐਚਐਸ. ਫੂਲਕਾ ਨੂੰ ਪੰਜਾਬ - ਜਨਤਕ ਕੰਮਾਂ ਦੀ ਸ਼੍ਰੇਣੀ ਤਹਿਤ ਪਦਮਸ਼੍ਰੀ ਦਾ ਇਨਾਮ ਦਿੱਤਾ ਗਿਆ ਹੈ। ਸ. ਫੂਲਕਾ ਨੇ ਇਹ ਸਨਮਾਨ ਮਨੁੱਕੀ ਹੱਕਾਂ ਲਈ ਕੰਮ ਕਰਨ ਵਾਲਿਆਂ ਦੇ ਨਾਂ ਸਮਰਪਿਤ ਕਰਨ ਦਾ ਐਲਾਨ ਕੀਤਾ ਹੈ।

# ਭਾਰਤੀ ਵੋਟਿੰਗ ਮਸ਼ੀਨਾਂ ਮੁੜ ਸ਼ੱਕ ਦੇ ਘੇਰੇ ਵਿਚ ਆਈਆਂ

## ਭਾਰਤੀ ਸਾਈਬਰ ਮਾਹਿਰ ਦਾ ਦਾਅਵਾ

## 2014 ਦੀਆਂ ਲੋਕ ਸਭਾ ਚੋਣ 'ਚ ਈਵੀਐਮ ਹੈਕ ਹੋਈ



- ਈਵੀਐੱਮਜ਼ ਨਾਲ ਛੇੜਛਾੜ ਦੇ ਮਾਮਲੇ ਦਾ ਪਰਦਾਫਾਸ਼ ਕਰਨ ਵਾਲੇ ਸਈਦ ਸ਼ੁਜਾ ਖਿਲਾਫ਼ ਭਾਰਤ 'ਚ ਦਿੱਲੀ ਪੁਲੀਸ ਨੇ ਐਫਆਈਆਰ ਦਰਜ ਕਰਨ ਨੂੰ ਕਿਹਾ
- ਭਾਜਪਾ ਨੇ 'ਸਾਈਬਰ ਮਾਹਿਰ' ਦੇ ਦਾਅਵਿਆਂ ਨੂੰ ਕਾਂਗਰਸ ਦੀ ਸਾਜ਼ਿਸ਼ ਕਰਾਰ ਦਿੱਤਾ
- ਮਾਇਆਵਤੀ ਵੱਲੋਂ ਬੈਲਟ ਪੇਪਰ ਵਰਤਣ ਦੀ ਮੰਗ
- ਭਾਰਤੀ ਵੋਟਿੰਗ ਮਸ਼ੀਨਾਂ ਬਣਾਉਣ ਵਾਲੀ ਕੰਪਨੀ ਨੇ ਸ਼ੁਜ਼ਾ ਦੇ ਦੋਸ਼ਾਂ ਨੂੰ ਨਕਾਰਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪਹਿਲਾਂ ਯੂਕੇ ਤੇ ਹੁਣ ਅਮਰੀਕਾ ਵਿੱਚ ਬੈਠੇ ਇੱਕ ਸਾਈਬਰ ਮਾਹਿਰ ਸਈਦ ਸ਼ੁਜਾ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਿਚ ਵੋਟਿੰਗ ਮਸ਼ੀਨਾਂ ਰਾਹੀਂ ਹੇਰਾਫੇਰੀ ਕੀਤੀ ਜਾ ਰਹੀ ਹੈ। ਲੰਦਨ ਵਿਚ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਉਸ ਨੇ ਦਾਅਵਾ ਕੀਤਾ ਸੀ ਕਿ ਈਵੀਐੱਮ ਨੂੰ ਹੈਕ ਕੀਤਾ ਜਾ ਸਕਦਾ ਹੈ ਤੇ ਸਾਲ 2014 ਦੀਆਂ ਆਮ ਚੋਣਾਂ ਵਿੱਚ ਘੁਟਾਲ਼ਾ ਹੋਇਆ ਸੀ। ਉਸ ਦਾ ਇਹ ਵੀ ਦਾਅਵਾ ਸੀ ਕਿ ਉਹ 'ਇਲੈਕਟ੍ਰਿਕ ਕਾਰਪੋਰੇਸ਼ਨ ਆਫ਼ ਇੰਡੀਆ ਲਿਮਿਟੇਡ' ਨਾਲ ਜੁੜਿਆ ਰਿਹਾ ਹੈ ਤੇ ਵੱਖੋ-ਵੱਖਰੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਨਾਲ ਛੇੜਖਾਨੀ ਕੀਤੀ ਗਈ ਸੀ। ਉਸ ਨੇ ਪੰਜ ਸਾਲ ਪਹਿਲਾਂ ਦੀਆਂ ਉਨ੍ਹਾਂ ਚੋਣਾਂ ਨਾਲ ਵੀ ਇਹ ਹੈਕਿੰਗ ਜੋੜ ਦਿੱਤੀ ਹੈ, ਜਿਨ੍ਹਾਂ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਓਦੋਂ ਬਹੁ-ਗਿਣਤੀ ਦੇ ਲਈ ਲੋੜੀਂਦੀਆਂ ਦੋ ਸੌ ਬਹੱਤਰ ਸੀਟਾਂ ਤੋਂ ਵੀ ਦਸ ਵੱਧ ਲੈ ਗਈ ਸੀ, ਜਦੋਂ ਮੋਦੀ ਸਾਹਿਬ ਖ਼ੁਦ ਕਹਿ ਚੁੱਕੇ ਸਨ ਕਿ ਦੋ ਸੌ ਦੇ ਨੇੜੇ ਹੀ ਜਾ ਸਕਦੇ ਹਨ। ਸ਼ੁਜਾ ਦਾ ਕਹਿਣਾ ਹੈ ਕਿ ਯੂਪੀ ਮੱਧ ਪ੍ਰਦੇਸ਼ ਗੁਜਰਾਤ, ਰਾਜਸਥਾਨ, ਛੱਤੀਸਗੜ੍ਹ, ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਈਵੀਐਮ ਹੈਕ ਹੋਈ, ਹਾਲਾਂਕਿ 2015 ਵਿਚ ਦਿੱਲੀ ਵਿਧਾਨ ਸਭਾ ਚੋਣ ਵਿਚ ਹੈਕਿੰਗ ਰੋਕੀ ਗਈ। ਨਤੀਜਾ ਇਹ ਹੋਇਆ ਕਿ 'ਆਪ' ਪਾਰਟੀ 70 ਤੋਂ 67 ਸੀਟਾਂ ਪ੍ਰਾਪਤ ਕਰ ਗਈ। ਕਾਂਗਰਸ, ਸਮਾਜਵਾਦੀ ਪਾਰਟੀ, ਬਸਪਾ ਤੇ 'ਆਪ' ਈਵੀਐਮ ਹੈਕਿੰਗ ਵਿਚ ਸ਼ਾਮਲ ਨਹੀਂ। ਸ਼ੁਜਾ ਅਨੁਸਾਰ ਭਾਜਪਾ ਨੇਤਾ ਤੇ ਸਾਬਕਾ ਕੇਂਦਰੀ ਮੰਤਰੀ ਗੋਪੀਨਾਥ ਮੁੰਡੇ ਦੀ ਹੱਤਿਆ ਕੀਤੀ ਗਈ, ਕਿਉਂਕਿ ਲੋਕ ਸਭਾ ਚੋਣਾਂ 2014 ਦੌਰਾਨ ਈਵੀਐਮ ਹੈਕਿੰਗ ਬਾਰੇ ਉਹ ਜਾਣਦੇ ਸਨ। ਯਾਦ ਰਹੇ ਕਿ ਭਾਜਪਾ ਦੇ ਚੋਣ ਜਿੱਤਣ ਦੇ ਹਫਤਾ ਭਰ ਬਾਅਦ ਦਿੱਲੀ ਵਿਚ ਮੁੰਡੇ ਦੀ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਸੀ। ਸ਼ੁਜਾ ਨੇ ਕਿਹਾ ਕਿ ਮੁੰਡੇ ਦੀ ਮੌਤ ਦੀ ਜਾਂਚ ਕਰ ਰਹੇ ਐਨਆਈਏ ਅਫ਼ਸਰ ਤੰਜ਼ਮ ਅਹਿਮਦ ਇਸ ਮਾਮਲੇ ਵਿਚ ਐਫਆਈਆਰ ਦਰਜ ਕਰਾਉਣ ਵਾਲੇ ਸਨ ਪਰ ਉਹਨਾਂ ਦੀ ਵੀ ਹੱਤਿਆ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਈਵੀਐਮ ਬਣਾਉਣ ਵਾਲੀ ਸਰਕਾਰੀ ਕੰਪਨੀ ਇਲਕੈਟ੍ਰੌਨਿਕ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ ਇਸ ਫਰਾਡ ਲਈ ਜ਼ਿੰਮੇਵਾਰ ਹੈ।

ਸੈਯਦ ਸ਼ੁਜਾ ਨੇ ਵੀਡੀਓ ਕਾਨਫ਼ਰੰਸ ਰਾਹੀਂ ਦਾਅਵੇ ਤਾਂ ਕੀਤੇ ਪਰ ਸਾਬੂਤ ਨਹੀਂ ਪੇਸ਼ ਕਰ ਸਕਿਆ। ਕਿਹਾ ਜਾ ਰਿਹਾ ਹੈ ਕਿ ਸ਼ੁਜਾ ਇੱਕ ਸਾਈਬਰ ਸਕਿਉਰਿਟੀ ਸੋਧ ਕਰਤਾ ਹੈ ਤੇ ਅਮਰੀਕਾ ਵਿਚ ਨੌਕਰੀ ਕਰਦਾ ਹੈ। ਸੈਯਦ ਸ਼ੁਜਾ ਨੇ ਦਾਅਵਾ ਕੀਤਾ ਕਿ ਸਾਲ 2014 ਵਿਚ ਉਸ ਦੀ ਟੀਮ ਨੂੰ ਕਿਸੇ ਵੀ ਤਰ੍ਹਾਂ ਈਵੀਐੱਮ ਮਸ਼ੀਨ ਨੂੰ ਹੈਕ ਕਰਨ ਲਈ ਕਿਹਾ ਗਿਆ ਸੀ। ਸ਼ੁਜਾ ਮੁਤਾਬਿਕ ਜਦ ਉਸ ਨੇ ਮਸ਼ੀਨ ਹੈਕ ਕਰ ਦਿੱਤੀ ਤਾਂ ਉਸ 'ਤੇ ਹੈਦਰਾਬਾਦ ਵਿਚ ਜਾਨਲੇਵਾ ਹਮਲਾ ਹੋਇਆ। ਉਹ ਤਾਂ ਬਚ ਨਿਕਲਿਆ ਪਰ ਉਸ ਦੇ ਸਾਥੀ ਮਾਰੇ ਗਏ। ਇਸ ਤੋਂ ਬਾਅਦ ਉਨ੍ਹਾਂ ਦੇ ਸਾਥੀਆਂ ਨੂੰ ਦੰਗਿਆਂ ਦਾ ਸ਼ਿਕਾਰ ਦੱਸਿਆ ਗਿਆ ਪਰ ਉਸ ਦੇ ਦਾਅਵਿਆਂ ਦੀ ਪੁਸ਼ਟੀ ਨਹੀਂ ਹੋਈ, ਕਿਉਂਕਿ ਇਸ ਬਾਰੇ ਉਸ ਨੇ ਕੋਈ ਸਬੂਤ ਪੇਸ਼ ਨਹੀਂ ਕੀਤੇ ਹਨ।

ਦੂਜੇ ਪਾਸੇ ਜਨਤਕ ਖੇਤਰ ਦੀ ਕੰਪਨੀ 'ਇਲੈਕਟ੍ਰਿਕ ਕਾਰਪੋਰੇਸ਼ਨ ਆਫ਼ ਇੰਡੀਆ ਲਿਮਿਟੇਡ' ਨੇ ਕਿਹਾ ਹੈ ਕਿ ਸ਼ੁਜ਼ਾ ਦੀ 2009 ਤੋਂ ਲੈ ਕੇ 2014 ਦੌਰਾਨ ਉਸ ਨਾਲ ਕਦੇ ਕੋਈ ਭੂਮਿਕਾ ਨਹੀਂ ਰਹੀ। ਮੈਨੇਜਿੰਗ ਡਾਇਰੈਕਟਰ ਰੀਅਰ ਐਡਮਿਰਲ (ਸੇਵਾ-ਮੁਕਤ) ਸੰਜੇ ਚੌਬੇ ਨੇ ਸ਼ੁਜ਼ਾ ਦੇ ਸਾਰੇ ਦੋਸ਼ਾਂ ਨੂੰ ਮੁੱਢੋਂ ਰੱਦ ਕੀਤਾ।

ਇੱਥੇ ਜ਼ਿਕਰਯੋਗ ਹੈ ਕਿ ਭਾਰਤ ਵਿਚ ਵੋਟਿੰਗ ਮਸ਼ੀਨਾਂ ਦੀ ਦੁਰਵਰਤੋਂ ਬਾਰੇ ਬੜੇ ਦੋਸ਼ ਲੱਗਦੇ ਰਹੇ ਹਨ ਤੇ ਹਰ ਵਾਰੀ ਭਾਰਤ ਦਾ ਚੋਣ ਕਮਿਸ਼ਨ ਇਹੋ ਰੱਟ ਲਾਈ ਕਿ ਇਸ ਵਿੱਚ ਕਿਸੇ ਤਰ੍ਹਾਂ ਦੀ ਹੇਰਾਫੇਰੀ ਦੀ ਗੁੰਜਾਇਸ਼ ਹੀ ਨਹੀਂ ਹੈ। ਜਦੋਂ ਮੱਧ ਪ੍ਰਦੇਸ਼ ਵਿੱਚ ਜ਼ਿਲਾ ਪੱਧਰ ਦੇ ਇੱਕ ਚੋਣ ਅਫ਼ਸਰ ਨੇ ਪੱਤਰਕਾਰਾਂ ਦੇ ਸਾਹਮਣੇ ਮਸ਼ੀਨਾਂ ਪੇਸ਼ ਕਰਕੇ ਉਨ੍ਹਾਂ ਦੀ ਕਾਰੀਗਰੀ ਵਿਖਾਉਣ ਦੀ ਕੋਸ਼ਿਸ਼ ਕੀਤੀ ਤਾਂ ਸਾਰਿਆਂ ਦੇ ਸਾਹਮਣੇ ਹਰ ਬਟਨ ਦਬਾਏ ਜਾਣ ਉੱਤੇ ਵੋਟ ਇੱਕੋ ਪਾਰਟੀ ਭਾਜਪਾ ਦੇ ਖਾਤੇ ਵਿੱਚ ਪੈਣ ਲੱਗ ਪਈ ਸੀ। ਇਸ ਨਾਲ ਘਬਰਾਏ ਹੋਏ ਚੋਣ ਕਮਿਸ਼ਨ ਨੇ ਇਹ ਕਿਹਾ ਸੀ ਕਿ ਇਹ ਕੁਝ ਮਸ਼ੀਨਾਂ ਖ਼ਰਾਬ ਸਨ ਤੇ ਉਨ੍ਹਾਂ ਵਿੱਚੋਂ ਇੱਕ ਲਿਆ ਕੇ ਪੇਸ਼ ਕਰ ਦਿੱਤੀ ਗਈ ਜਾਪਦੀ ਹੈ। ਮੋਦੀ ਸਰਕਾਰ ਹਰ ਵਾਰੀ ਇਹੋ ਗੱਲ ਕਹਿੰਦੀ ਰਹੀ ਹੈ ਕਿ ਉਸ ਦਾ ਕਿਸੇ ਵੀ ਥਾਂ ਇਸ ਤਰ੍ਹਾਂ ਦੀ ਕਿਸੇ ਗੱਲ ਨਾਲ ਕੋਈ ਸੰਬੰਧ ਨਹੀਂ ਰਿਹਾ ਤੇ ਹਰ ਥਾਂ ਹੀ ਇਹ ਦੋਸ਼ ਸਿੱਧਾ ਭਾਜਪਾ ਉੱਤੇ ਲੱਗਦਾ ਰਿਹਾ ਹੈ।

ਦੂਸਰੇ ਪਾਸੇ ਭਾਜਪਾ ਦੇ ਆਗੂ ਹਮੇਸ਼ਾ ਇਹ ਕਹਿੰਦੇ ਰਹੇ ਹਨ ਕਿ ਇਹ ਸਭ ਕਾਂਗਰਸ ਪਾਰਟੀ ਅਤੇ ਹੋਰ ਵਿਰੋਧੀ ਧਿਰਾਂ ਦਾ ਆਪਣੀ ਕਮਜ਼ੋਰੀ ਲੁਕਾਉਣ ਦਾ ਰੌਲਾ ਹੈ। ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਸਭ ਤੋਂ ਪਹਿਲਾਂ ਇਨ੍ਹਾਂ ਮਸ਼ੀਨਾਂ ਉੱਤੇ ਸ਼ੱਕ ਦੀ ਉਂਗਲ ਭਾਜਪਾ ਦੇ ਆਗੂਆਂ ਨੇ ਹੀ ਚੁੱਕੀ ਸੀ। ਓਦੋਂ ਚੋਣ ਕਮਿਸ਼ਨ ਨੇ ਸਭ ਪਾਰਟੀਆਂ ਦੇ ਲੀਡਰ ਸੱਦੇ ਅਤੇ ਮਸ਼ੀਨਾਂ ਉੱਤੇ ਆਪਣਾ ਸ਼ੱਕ ਜ਼ਾਹਿਰ ਕਰਨ ਲਈ ਮੌਕਾ ਪੇਸ਼ ਕੀਤਾ ਸੀ ਤੇ ਬਾਕੀ ਪਾਰਟੀਆਂ ਵਾਲਿਆਂ ਨੇ ਜਦੋਂ ਕਿਹਾ ਸੀ ਕਿ ਉਨ੍ਹਾਂ ਕੋਲ ਇਸ ਸ਼ੱਕ ਦਾ ਕੋਈ ਪੱਕਾ ਆਧਾਰ ਨਹੀਂ ਹੈ, ਓਦੋਂ ਭਾਜਪਾ ਦਾ ਇੱਕ ਸਾਬਕਾ ਕੇਂਦਰੀ ਮੰਤਰੀ ਕਹਿੰਦਾ ਰਿਹਾ ਸੀ ਕਿ ਉਸ ਦੇ ਮਨ ਵਿੱਚ ਬੈਠਾ ਸ਼ੱਕ ਨਿਕਲ ਨਹੀਂ ਰਿਹਾ। ਜਦੋਂ ਦੂਜੇ ਲੋਕ ਸ਼ੱਕ ਕਰਦੇ ਹਨ ਤਾਂ ਭਾਜਪਾ ਆਪਣੀਆਂ ਵਿਰੋਧੀ ਪਾਰਟੀਆਂ ਨੂੰ ਭੰਡਣ ਲੱਗ ਜਾਂਦੀ ਹੈ ਪਰ ਸ਼ੱਕ ਨੂੰ ਨਵਿਰਤ ਨਹੀਂ ਹੋਣ ਦਿੰਦੀ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਹੁਣ ਭਾਜਪਾ ਦੀ ਸਹਿਯੋਗੀ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਵੀ ਇਹ ਕਹੀ ਜਾਂਦੇ ਹਨ ਕਿ ਭਾਜਪਾ ਨੂੰ ਕਿਸੇ ਮਹਾਂਗੱਠਜੋੜ ਤੋਂ ਡਰਨ ਦੀ ਇਸ ਲਈ ਲੋੜ ਨਹੀਂ ਕਿ ਇਸ ਦਾ ਵੋਟਿੰਗ ਮਸ਼ੀਨਾਂ ਨਾਲ ਗੱਠਜੋੜ ਹੋ ਚੁੱਕਾ ਹੈ।

ਅਸਲ ਵਿਚ ਇਹ ਸਭ ਲੋਕਤੰਤਰ ਦੇ ਘਾਣ ਵਲ ਜਾ ਰਹੇ ਕਦਮ ਹਨ। ਇਸ ਲਈ ਭਾਜਪਾ ਵੱਡੀ ਜ਼ਿੰਮੇਵਾਰ ਹੈ, ਜੋ ਇਹ ਸ਼ੰਕੇ ਨਵਿਰਤ ਨਹੀਂ ਹੋਣ ਦੇਣਾ ਚਾਹੁੰਦੀ। ਬਹੁਤ ਸਾਰੇ ਦੇਸ਼ਾਂ ਵਿੱਚ ਚੋਣ ਵੇਲੇ ਮਸ਼ੀਨਾਂ ਦੀ ਵਰਤੋਂ ਕਰਨ ਦੀ ਥਾਂ ਹਾਲੇ ਵੀ ਬੈੱਲਟ ਪੇਪਰ ਦੀ ਵਰਤੋਂ ਕੀਤੀ ਜਾਂਦੀ ਹੈ। ਅਮਰੀਕਾ ਵਿੱਚ ਕਾਗ਼ਜ਼ ਵਾਲੇ ਵੋਟ ਪੱਤਰ ਦੀ ਵਰਤੋਂ ਹੋ ਸਕਦੀ ਹੈ ਤਾਂ ਭਾਰਤ ਵਿੱਚ ਵੀ ਕੀਤੀ ਜਾ ਸਕਦੀ ਹੈ। ਇਸ ਬਾਰੇ ਭਾਜਪਾ ਜ਼ਿੱਦ ਕਿਉਂ ਕਰ ਰਹੀ ਹੈ।

**ਚੋਣ ਕਮਿਸ਼ਨ ਵੱਲੋਂ ਸ਼ੁਜਾ ਖ਼ਿਲਾਫ਼ ਸ਼ਿਕਾਇਤ:** ਖ਼ੁਦ ਨੂੰ ਸਾਈਬਰ ਮਾਹਿਰ ਦੱਸ ਕੇ ਲੋਕ ਸਭਾ ਚੋਣਾਂ 2014 ਵਿਚ ਧਾਂਦਲੀ ਹੋਣ ਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੇ ਹੈਕ ਹੋਣ ਦਾ ਦਾਅਵਾ ਵਾਲੇ ਵਿਅਕਤੀ ਸੁਜਾ ਖ਼ਿਲਾਫ਼ ਚੋਣ ਕਮਿਸ਼ਨ ਨੇ ਦਿੱਲੀ ਪੁਲੀਸ ਨੂੰ ਐੱਫਆਈਆਰ ਦਰਜ ਕਰਨ ਲਈ ਕਿਹਾ ਹੈ। ਕਮਿਸ਼ਨ ਨੇ ਕਿਹਾ ਹੈ ਕਿ ਸਈਦ ਸ਼ੁਜਾ ਨੇ ਅਜਿਹਾ ਕਰਕੇ ਭਾਰਤੀ ਕਾਨੂੰਨ ਦੀ ਉਲੰਘਣਾ ਕੀਤੀ ਹੈ। ਚੋਣ ਕਮਿਸ਼ਨ ਨੇ ਸ਼ਿਕਾਇਤ ਵਿਚ ਸ਼ੁਜਾ ਦੇ ਦਾਅਵਿਆਂ ਦੀ 'ਤੁਰੰਤ ਜਾਂਚ' ਮੰਗੀ ਹੈ। ਭਾਜਪਾ ਨੇ 'ਸਾਈਬਰ ਮਾਹਿਰ' ਦੇ ਦਾਅਵਿਆਂ ਨੂੰ ਕਾਂਗਰਸ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਕਾਂਗਰਸ ਭਾਰਤੀ ਲੋਕਤੰਤਰ ਤੇ ਚੋਣ ਕਮਿਸ਼ਨ ਨੂੰ 'ਬਦਨਾਮ' ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਸਾਦ ਨੇ ਕਿਹਾ ਕਿ ਕਾਂਗਰਸ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿਚ ਆਪਣੀ ਹਾਰ ਸਪੱਸ਼ਟ ਨਜ਼ਰ ਆ ਰਹੀ ਹੈ ਤੇ ਇਸੇ ਲਈ ਪਾਰਟੀ ਹੁਣ ਹਰ ਹੱਥਕੰਡਾ ਅਪਣਾ ਕੇ ਵਿਰੋਧੀਆਂ ਦੀ ਸਾਖ਼ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਲੰਡਨ ਵਿਚ ਮੀਡੀਆਂ ਕਾਨਫ਼ਰੰਸ ਕਰਵਾਉਣ ਵਾਲੀ ਇੰਡੀਅਨ ਜਰਨਲਿਸਟ'ਸ ਐਸੋਸੀਏਸ਼ਨ ਦਾ ਮੁਖੀ ਆਸ਼ੀਸ਼ ਰੇਅ ਹੈ ਤੇ ਉਹ 'ਪੱਕਾ ਕਾਂਗਰਸੀ' ਹੈ। ਪ੍ਰਸਾਦ ਨੇ ਦਾਅਵਾ ਕੀਤਾ ਕਿ ਉਹ ਉਹ ਕਾਂਗਰਸ ਪੱਖੀ ਨੈਸ਼ਨਲ ਹੈਰਾਲਡ ਲਈ ਲਿਖਦਾ ਰਿਹਾ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਉਹ ਕਾਂਗਰਸ ਲਈ ਪ੍ਰਚਾਰ ਵੀ ਕਰਦਾ ਹੈ। ਇਸ ਤੋਂ ਇਲਾਵਾ ਉਸ ਨੇ ਰਾਹੁਲ ਗਾਂਧੀ ਲਈ ਲੰਡਨ ਵਿਚ ਜਨਤਕ ਇਕੱਠ ਦਾ ਵੀ ਪ੍ਰਬੰਧ ਕੀਤਾ ਸੀ। ਪ੍ਰਸਾਦ ਨੇ ਲੰਡਨ ਦੀ ਕਾਨਫ਼ਰੰਸ ਵਿਚ ਕਾਂਗਰਸੀ ਆਗੂ ਕਪਿਲ ਸਿੱਬਲ ਦੀ ਮੌਜੂਦਗੀ 'ਤੇ ਵੀ ਸਵਾਲ ਉਠਾਇਆ।

ਉਨ੍ਹਾਂ ਕਿਹਾ ਕਿ ਦਾਅਵਾ ਕਰਨ ਵਾਲੇ ਸ਼ੁਜਾ ਨੇ ਵੀ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ ਹੈ ਤੇ ਇਹ ਸਾਰਾ ਸਿਆਸੀ ਡਰਾਮਾ ਹੈ। ਪ੍ਰਸਾਦ ਨੇ ਦੋਸ਼ ਲਾਇਆ ਕਿ ਪੱਛਮੀ ਬੰਗਾਲ ਵਿਚ ਹੋਈਆਂ ਸਥਾਨਕ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਨੇ ਬੈਲਟ ਪੇਪਰਾਂ ਨਾਲ ਛੇੜਛਾੜ ਕੀਤੀ ਸੀ ਕਿਉਂਕਿ ਈਵੀਐੱਮ ਨਹੀਂ ਵਰਤੀਆਂ ਗਈਆਂ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਗੋਪੀਨਾਥ ਮੁੰਡੇ ਦੀ ਹੱਤਿਆ ਦਾ ਦੋਸ਼ ਭਾਜਪਾ ਸਿਰ ਮੜ੍ਹੇ ਜਾਣ 'ਤੇ ਪਾਰਟੀ 'ਬੇਹੱਦ ਦੁਖੀ' ਹੋਈ ਹੈ। ਉਨ੍ਹਾਂ ਕਿਹਾ ਕਿ ਈਵੀਐੱਮ 1996 ਤੋਂ ਵਰਤੀ ਜਾ ਰਹੀ ਹੈ ਤੇ ਕਈ ਗ਼ੈਰ-ਭਾਜਪਾ ਸਰਕਾਰਾਂ ਸੂਬਿਆਂ ਤੇ ਕੇਂਦਰ ਵਿਚ ਬਣੀਆਂ ਹਨ।

**ਵਿਰੋਧੀਆਂ ਵੱਲੋਂ ਭਾਜਪਾ ਦੀ ਨਿੰਦਾ :** ਸੀਨੀਅਰ ਕਾਂਗਰਸੀ ਆਗੂ ਕਪਿਲ ਸਿੱਬਲ ਨੇ ਈਵੀਐੱਮਜ਼ ਨਾਲ ਛੇੜਛਾੜ ਦੇ ਦਾਅਵਿਆਂ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਰਵੱਈਆ ਇਸ ਮੁੱਦੇ 'ਤੇ 'ਗ਼ੈਰਜ਼ਿੰਮੇਵਰਾਨਾ' ਹੈ। ਉਨ੍ਹਾਂ ਕਿਹਾ ਕਿ ਕੇਸ ਦਰਜ ਕੀਤਾ ਜਾਵੇ ਤੇ ਸਾਈਬਰ ਮਾਹਿਰ ਦੇ ਦਾਅਵੇ ਗਲਤ ਨਿਕਲਣ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ ਵੀ ਈਵੀਐੱਮਜ਼ ਨੂੰ ਜਮਹੂਰੀਅਤ ਲਈ 'ਵੱਡਾ ਖ਼ਤਰਾ' ਦੱਸਿਆ ਹੈ ਤੇ ਆਪਣੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਛੇੜਛਾੜ ਦੇ ਦਾਅਵਿਆਂ ਦੇ ਮੱਦੇਨਜ਼ਰ 'ਚੌਕਸ' ਰਹਿਣ ਲਈ ਕਿਹਾ ਹੈ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਭਾਰਤ ਤੋਂ ਜ਼ਿਆਦਾ ਵਿਕਸਿਤ ਜਪਾਨ ਜਿਹੇ ਕਈ ਦੇਸ਼ ਈਵੀਐੱਮਜ਼ ਦੀ ਵਰਤੋਂ ਨਹੀਂ ਕਰ ਰਹੇ ਤੇ ਫਿਰ ਕੇਂਦਰ ਇਸ ਦੇ ਬਦਲ ਬਾਰੇ ਕਿਉਂ ਨਹੀਂ ਸੋਚ ਰਿਹਾ ? ਬਸਪਾ ਸੁਪਰੀਮੋ ਮਾਇਆਵਤੀ ਨੇ ਮੰਗ ਕੀਤੀ ਹੈ ਕਿ ਆਗਾਮੀ ਲੋਕ ਸਭਾ ਚੋਣਾਂ ਵਿਚ ਈਵੀਐੱਮਜ਼ ਦੀ ਜਗ੍ਹਾ ਬੈਲਟ ਪੇਪਰ ਵਰਤੇ ਜਾਣ। ਤਾਜ਼ਾ ਖੁਲਾਸੇ ਬੇਹੱਦ ਗੰਭੀਰ ਕਿਸਮ ਦੇ ਹਨ। ਇਸ ਲਈ ਸੁਰੱਖਿਆ ਦੇ ਲਿਹਾਜ਼ ਨਾਲ ਲੋਕ ਸਭਾ ਚੋਣਾਂ ਬੈਲਟ ਪੇਪਰ ਨਾਲ ਹੋਣ। ਉਨ੍ਹਾਂ ਚੋਣ ਕਮਿਸ਼ਨ ਤੋਂ ਵੀ ਇਸ ਦਾ ਨੋਟਿਸ ਲੈਣ ਦੀ ਮੰਗ ਕੀਤੀ। ਮਾਇਆਵਤੀ ਨੇ ਕਿਹਾ ਕਿ ਇਸ ਖੁਲਾਸੇ ਨਾਲ ਭਾਜਪਾ ਬੇਨਕਾਬ ਹੋਈ ਹੈ। ਦੂਸਰੇ ਪਾਸੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਗੱਪ ਛੱਡਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਸਈਦ ਸ਼ੁਜਾ ਖ਼ੁਫੀਆ ਏਜੰਸੀ ਆਈਐੱਸਆਈ ਜਾਂ ਅਤਿਵਾਦੀ ਜਥੇਬੰਦੀ ਆਈਐੱਸਆਈਐੱਸ ਦੇ ਸੰਪਰਕ ਵਿਚ ਹੈ। ਉਨ੍ਹਾਂ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਾਕਿ ਤੇ ਚੀਨ ਦੇ ਏਜੰਡੇ ਦੀ ਨਿਗਰਾਨੀ ਪਾਰਟੀ ਦਾ 'ਸਿਖ਼ਰਲਾ ਆਗੂ' ਕਰ ਰਿਹਾ ਹੈ।

# ਚੰਡੀਗੜ੍ਹ ਲੋਕ ਸਭਾ : ਕਾਂਗਰਸ ਵਿਚ "ਇਕ ਅਨਾਰ-ਤਿੰਨ ਬਿਮਾਰ"

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਿਆਸਤ ਦੀ ਤੇਜ਼-ਤਰਾਰ ਸਿੱਧੂ ਜੋੜੀ ਹਮੇਸ਼ਾ ਕੋਈ ਨਾ ਕੋਈ ਚੈਲੰਜ ਖੜ੍ਹਾ ਕਰਨ ਦੀ ਆਦੀ ਹੈ। ਹੁਣ ਪੰਜਾਬ ਦੀ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਅੰਮ੍ਰਿਤਸਰ ਹਲਕੇ ਨੂੰ ਛੱਡ ਕੇ ਲੋਕ ਸਭਾ ਹਲਕਾ ਚੰਡੀਗੜ੍ਹ ਤੋਂ ਉਮੀਦਵਾਰ ਵਜੋਂ ਆਪਣੀ ਦਾਅਵੇਦਾਰੀ ਪੇਸ਼ ਕਰਕੇ ਸਿਆਸੀ ਹਲਚਲ ਮਚਾ ਦਿੱਤੀ ਹੈ। ਉਧਰ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਵੱਲੋਂ ਪੇਸ਼ ਸੱਜਰੇ ਦਾਅਵੇ ਨਾਲ ਚੰਡੀਗੜ੍ਹ ਸੰਸਦੀ ਸੀਟ ਤੋਂ ਟਿਕਟ ਲਈ ਕਾਂਗਰਸ ਵਿਚਾਲੇ ਤਿੰਨ ਧਿਰੀ ਮੁਕਾਬਲੇ ਦੇ ਆਸਾਰ ਬਣ ਸਕਦੇ ਹਨ। ਤੀਜੇ ਦਾਅਵੇਦਾਰ ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਹਨ। ਸ੍ਰੀਮਤੀ ਸਿੱਧੂ ਨੇ ਜਿਸ ਤਰੀਕੇ ਨਾਲ ਚੰਡੀਗੜ੍ਹ ਵਿੱਚ ਦਸਤਕ ਦਿੱਤੀ ਹੈ, ਉਸ ਤੋਂ ਇਕ ਗੱਲ ਤਾਂ ਸਪਸ਼ਟ ਹੈ ਕਿ ਸਿੱਧੂ ਜੋੜੀ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਭੈਣ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਆਪਣੀਆਂ ਨਜ਼ਦੀਕੀਆਂ ਦਾ ਲਾਭ ਉਠਾ ਲਿਆ ਹੈ। ਸ੍ਰੀਮਤੀ ਨਵਜੋਤ ਕੌਰ ਸਿੱਧੂ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਚੰਡੀਗੜ੍ਹ ਵਿਚ ਸਨ। ਉਨ੍ਹਾਂ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਦੇ ਬਾਗੀ ਧੜੇ ਦੀ ਅਗਵਾਈ ਕਰ ਰਹੀ ਸਾਬਕਾ ਮੇਅਰ ਪੂਨਮ ਸ਼ਰਮਾ ਵੱਲੋਂ ਧਨਾਸ ਕਲੋਨੀ ਵਿੱਚ ਰੱਖੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਸ੍ਰੀਮਤੀ ਸਿੱਧੂ ਨੇ ਇਸ ਮੌਕੇ ਕਿਹਾ ਕਿ ਪੰਜਾਬ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਵਿਚਕਾਰ ਧੜੇਬੰਦੀਆਂ ਚਲਦੀਆਂ ਆ ਰਹੀਆਂ ਹਨ, ਜਿਸ ਕਾਰਨ ਉਹ ਪੰਜਾਬ ਛੱਡ ਕੇ ਚੰਡੀਗੜ੍ਹ ਤੋਂ ਲੋਕ ਸਭਾ ਦੀ ਚੋਣ ਲੜਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਤੀ ਤੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਪੰਜਾਬ ਵਿੱਚ ਕੋਈ ਧੜਾ ਨਹੀਂ ਹੈ। ਸ੍ਰੀਮਤੀ ਸਿੱਧੂ ਨੇ ਦਾਅਵਾ ਕੀਤਾ ਕਿ ਜੇ ਹਾਈਕਮਾਂਡ ਚੰਡੀਗੜ੍ਹ ਤੋਂ ਉਨ੍ਹਾਂ ਨੂੰ ਟਿਕਟ ਦੇਵੇਗੀ ਤਾਂ ਸ੍ਰੀ ਬਾਂਸਲ ਉਨ੍ਹਾਂ ਨੂੰ ਸਮਰਥਨ ਜ਼ਰੂਰ ਦੇਣਗੇ ਅਤੇ ਜੇ ਸ੍ਰੀ ਬਾਂਸਲ ਨੂੰ ਟਿਕਟ ਮਿਲੀ ਤਾਂ ਉਹ ਵੀ ਉਨ੍ਹਾਂ ਦਾ ਖੁੱਲ੍ਹ ਕੇ ਸਮਰਥਨ ਕਰਨਗੇ। ਉਨ੍ਹਾਂ ਚੰਡੀਗੜ੍ਹ ਦੀ ਮੌਜੂਦਾ ਸੰਸਦ ਮੈਂਬਰ ਕਿਰਨ ਖੇਰ ਉਪਰ ਵਰ੍ਹਦਿਆਂ ਕਿਹਾ ਕਿ ਉਹ ਸ਼ਹਿਰ ਵਿਚ ਹੋਰ ਤਾਂ ਕੁਝ ਨਹੀਂ ਕਰਵਾ ਸਕੀ ਘੱਟੋ-ਘੱਟ ਫਿਲਮੀ ਹਸਤੀ ਹੋਣ ਕਾਰਨ ਇਥੇ ਫਿਲਮ ਸਿਟੀ ਹੀ ਬਣਵਾ ਦਿੰਦੇ। ਇਸ ਮੌਕੇ ਪਵਨ ਬਾਂਸਲ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਪਾਰਟੀ ਲਈ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਹਾਈਕਮਾਂਡ ਉਨ੍ਹਾਂ ਨੂੰ ਹੀ ਟਿਕਟ ਦੇਵੇਗੀ।





ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਚੰਡੀਗੜ੍ਹ ਕਾਂਗਰਸ ਦੇ ਦਫਤਰ ਪੁੱਜੇ ਅਤੇ ਪ੍ਰਧਾਨ ਪ੍ਰਦੀਪ ਛਾਬੜਾ ਨੂੰ ਚੰਡੀਗੜ੍ਹ ਤੋਂ ਚੋਣ ਲੜਨ ਦੀ ਅਰਜ਼ੀ ਦਿੱਤੀ। ਉਨ੍ਹਾਂ ਕਿਹਾ ਕਿ ਉਹ ਚੰਡੀਗੜ੍ਹ ਦੇ ਜੰਮਪਲ ਹਨ ਅਤੇ ਐਤਕੀਂ ਇਥੋਂ ਹੀ ਸੰਸਦੀ ਚੋਣ ਲੜਨਾ ਚਾਹੁੰਦੇ ਹਨ। ਤਿਵਾੜੀ ਦੇ ਦਾਅਵੇ ਨਾਲ ਚੰਡੀਗੜ੍ਹ ਵਿੱਚ ਟਿਕਟ ਹਾਸਲ ਕਰਨ ਲਈ ਕਾਂਗਰਸ ਦੇ ਤਿੰਨ ਧੜੇ ਖੜੇ ਹੋ ਗਏ ਹਨ।

ਅੰਮ੍ਰਿਤਸਰ ਟਾਈਮਜ਼
AMRITSAR TIMES
30 ਜਨਵਰੀ 2019 ਤੋਂ 05 ਫਰਵਰੀ 2019

# ਬਾਦਲਕੇ-ਬਰਗਾੜੀ ਤੇ ਬਹਿਬਲ ਗੋਲੀ ਕਾਂਡ

**ਮਨਜੀਤ ਸਿੰਘ ਟਿਵਾਣਾ**

ਪੰਜਾਬ ਨੇ ਬਾਦਲਕਿਆਂ ਅਤੇ ਭਗਵਿਆਂ ਦੇ ਸਿਆਸੀ ਸੀਰ ਦੌਰਾਨ ਬਹੁਤ ਹੀ ਮਾੜਾ ਦੌਰ ਹੰਢਾਇਆ ਹੈ। ਇਸ ਦੌਰ ਵਿਚ ਹੀ ਬਰਗਾੜੀ ਸਮੇਤ ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੋਚੀ ਸਮਝੀ ਸਾਜ਼ਿਸ਼ ਤਹਿਤ ਬੇਅਦਬੀ ਕੀਤੀ ਗਈ। ਇਸ ਤੋਂ ਬਾਅਦ ਬਹਿਬਲ ਕਲਾਂ ਗੋਲੀ ਕਾਂਡ ਵਾਪਰਿਆ, ਜਿਸ ਵਿਚ ਬੇਅਦਬੀ ਦੇ ਰੋਸ 'ਚ ਸੜਕਾਂ ਤੇ ਸ਼ਾਂਤਮਈ ਧਰਨਾ ਲਾ ਕੇ ਬੈਠੀਆਂ ਸਿੱਖ ਸੰਗਤਾਂ ਉਤੇ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਦੋ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ। ਇਸੇ ਤਰ੍ਹਾਂ ਕੋਟਕਪੂਰੇ 'ਚ ਵੀ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੀਆਂ ਸਿੱਖ ਸੰਗਤਾਂ ਉਤੇ ਬਿਨਾ ਕਿਸੇ ਚੇਤਾਵਨੀ ਤੋਂ ਅੰਨ੍ਹੇਵਾਹ ਲਾਠੀਚਾਰਜ ਤੇ ਫਾਇਰਿੰਗ ਕੀਤੀ ਗਈ ਸੀ। ਪਰਕਾਸ਼ ਸਿੰਘ ਬਾਦਲ ਦਾ ਭਗਵਿਆਂ ਨਾਲ ਸਿਆਸੀ ਗੱਠਜੋੜ, ਉਸ ਦੇ ਨਾਗਪੁਰੀ ਕੁਨੈਕਸ਼ਨ ਤੇ ਸਿੱਖ ਸੰਸਥਾਵਾਂ ਉਤੇ ਕਬਜ਼ਾ ਕਰ ਕੇ ਉਨ੍ਹਾਂ ਦੇ ਵਕਾਰ ਤੇ ਉਨ੍ਹਾਂ ਦੀ ਇਤਿਹਾਸਕ ਆਭਾ ਨੂੰ ਖਤਮ ਕਰਨ ਦੀਆਂ ਕਾਲੀਆਂ ਕਰਤੂਤਾਂ ਵੱਖਰੇ ਤੌਰ ਉਤੇ ਗੰਭੀਰ ਵਿਚਾਰ ਦੀ ਮੰਗ ਕਰਦੀਆਂ ਹਨ। ਤਾਜ਼ਾ ਘਟਨਾਕ੍ਰਮ ਵਿਚ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਵਿਚ ਬਾਦਲਕਿਆਂ ਦੀ ਸਿੱਧੀ-ਅਸਿੱਧੀ ਸ਼ਮੂਲੀਅਤ ਦੇ ਪ੍ਰਤੱਖ ਸਬੂਤ ਅਤੇ ਕਾਨੂੰਨਨ ਕਾਰਵਾਈ ਸੀਨ ਉਤੇ ਹਨ।

ਬਾਦਲਕਿਆਂ ਤੇ ਬਰਗਾੜੀ ਬੇਅਦਬੀ ਕਾਂਡ ਦਾ ਗੂੜ੍ਹਾ ਰਿਸ਼ਤਾ ਹੈ। ਇਕ ਸਿੱਖ ਲਈ ਗੁਰੂ ਦੀ ਬੇਅਦਬੀ ਤੋਂ ਵੱਡਾ ਕੋਈ ਗੁਨਾਹ ਨਹੀਂ ਹੋ ਸਕਦਾ। ਸਾਡੇ ਸਮਿਆਂ ਦਾ ਇਹ ਇਕ ਕੌੜਾ ਸੱਚ ਹੈ ਕਿ ਸਿੱਖਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਾ ਡੇਰਾ ਸਿਰਸਾ ਤੇ ਉਸ ਦਾ "ਗੁਰੂ-ਡੰਮ" ਸਿੱਖ ਪੰਥ ਦੇ ਨਾਮ ਉਤੇ ਵੋਟਾਂ ਲੈ ਕੇ ਰਾਜ-ਭਾਗ ਮਾਨਣ ਵਾਲਿਆਂ ਦੀ ਪਨਾਹ ਵਿਚ ਹੀ ਨਹੀਂ ਰਿਹਾ ਸਗੋਂ ਉਨ੍ਹਾਂ ਦੀ ਸ਼ਹਿ ਉਤੇ ਸਿੱਖਾਂ ਦਾ ਮੂੰਹ ਚਿੜਾਉਂਦਾ ਰਿਹਾ। ਸਿੱਖ ਕੌਮ ਦੇ ਦੁਸ਼ਮਣਾਂ ਨੇ ਬੀਤੇ ਵਿਚ ਵੀ ਬਹੁਤ ਸਾਰੇ ਡੇਰਿਆਂ ਨੂੰ ਸਿੱਖਾਂ ਖਿਲਾਫ ਰੱਜ ਕੇ ਵਰਤਿਆ ਹੈ ਪਰ ਪੰਥਕ ਮੁਖੌਟੇ ਹੇਠ ਲੁਕੇ ਦੁਸ਼ਮਣ ਨੇ ਜਿਹੜਾ ਡੰਗ ਆਸਤੀਨ ਦਾ ਸੱਪ ਬਣ ਕੇ ਮਾਰਿਆ, ਉਹ ਸਿੱਖ ਕੌਮ ਨੂੰ ਗਹਿਰਾ ਜ਼ਖਮ ਦੇ ਗਿਆ ਹੈ।

ਅਸੀਂ ਅਕਸਰ ਹੀ ਬਰਗਾੜੀ ਜਾਂ ਪੰਜਾਬ ਦੀਆਂ ਹੋਰ ਥਾਵਾਂ ਉਤੇ ਹੋਈਆਂ ਗੁਰੂ ਦੀਆਂ ਬੇਅਦਬੀਆਂ ਨੂੰ ਮਹਿਜ਼ ਸਿਰਸੇ ਵਾਲੇ ਸਾਧ ਦੀ ਸਿੱਖਾਂ ਨਾਲ ਰੰਜ਼ਿਸ਼ ਜਾਂ ਟਕਰਾਅ ਵਿਚੋਂ ਨਿਕਲੇ ਵਰਤਾਰੇ ਦੇ ਰੂਪ ਵਿਚ ਹੀ ਦੇਖ ਲੈਂਦੇ ਹਾਂ। ਫਿਰ ਕਾਨੂੰਨੀ ਕਾਰਵਾਈਆਂ ਕਰਨ ਜਾਂ ਇਨਸਾਫ ਦੀ ਦੁਹਾਈ ਦਿੱਤੀ ਜਾਂਦੀ ਹੈ। ਇਹ ਮਹਿਜ਼ ਕਾਨੂੰਨ ਦੀ ਉਲੰਘਣਾ ਜਾਂ ਕਿਸੇ ਦੁਨਿਆਵੀ ਅਦਾਲਤਾਂ ਵਿਚੋਂ ਮਿਲਣ ਵਾਲੇ ਇਨਸਾਫ ਦਾ ਹੀ ਮਾਮਲਾ ਨਹੀਂ ਹੈ। ਇਸ ਵਰਤਾਰੇ ਦੀਆਂ ਜੜ੍ਹਾਂ ਬਹੁਤ ਗਹਿਰੀਆਂ ਹਨ। ਇਹ ਤਾਂ ਪੰਜ ਸਦੀਆਂ ਦਾ ਵੈਰ ਹੈ, ਜੋ ਕਦੇ ਗੁਰੂ ਨਾਨਕ ਸਾਹਿਬ ਖਿਲਾਫ ਕੂੜ ਪਰਚਾਰ ਕਰਦਾ ਹੈ, ਘਟੀਆ ਗੋਂਦਾਂ ਗੁੰਦਦਾ ਹੈ, ਚੰਦੂ ਦੇ ਰੂਪ ਵਿਚ ਪੰਜਵੀਂ ਪਾਤਿਸ਼ਾਹੀ ਦੀ ਸ਼ਹਾਦਤ ਦਾ ਕਾਰਨ ਬਣਦਾ ਹੈ। ਕਦੇ ਬਾਈਧਾਰ ਦੇ ਰਾਜਿਆਂ ਰਾਹੀਂ ਪੇਸ਼ ਆਉਂਦਾ ਹੈ ਤੇ ਕਦੇ ਗੰਗੂ ਤੇ ਸੁੱਚਾ ਨੰਦ ਦੇ ਰੂਪ ਵਿਚ ਸਾਕਾ ਸਰਹਿੰਦ ਦੇ ਪਿੱਛੇ ਖੜ੍ਹਾ ਦਿਖਾਈ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਸਮੇਤ ਪੂਰੀ ਮਾਨਵਤਾ ਦੇ ਦੁਸ਼ਮਣ ਇਸ 'ਬਿਪਰਵਾਦ' ਖਿਲਾਫ ਜੰਗ ਦਾ "ਲਿਖਤੀ ਐਲਾਨਨਾਮਾ" ਹਨ। ਇਸ ਕਰਕੇ ਸਿੱਖਾਂ ਦਾ ਗੁਰੂ ਅਤੇ ਗੁਰੂ ਦਾ ਸਾਜਿਆ ਖਾਲਸਾ ਹਮੇਸ਼ਾ ਇਸ ਦੀਆਂ ਅੱਖਾਂ ਵਿਚ ਰੜਕਦਾ ਆ ਰਿਹਾ ਹੈ। ਆਪਣੀ ਇਸ ਬਦਕਾਰੀ ਤੇ ਅਣਦਿਸਦੇ ਰਾਜ-ਭਾਗ ਲਈ ਬਿਪਰਵਾਦ ਹਮੇਸ਼ਾ ਵੱਖ-ਵੱਖ ਸਰਕਾਰਾਂ ਤੇ ਸਿਸਟਮ ਨੂੰ ਵਰਤਦਾ ਹੈ। ਸੱਤਾ ਦੇ ਲਾਲਚ ਵਿਚ ਆ ਕੇ ਬਿਪਰਵਾਦ ਦੇ ਮਾਨਵਤਾ ਤੇ ਸਿੱਖ ਵਿਰੋਧੀ ਖਾਸੇ ਦਾ ਸੰਦ ਬਣਦੇ ਆ ਰਹੇ ਬਾਈਧਾਰੀਏ, ਸੁੱਚਾਨੰਦੀਏ ਤੇ ਬਾਦਲਦਕਿਆਂ ਵਰਗਿਆਂ ਦੀ ਥਾਂ ਵੀ ਇਤਿਹਾਸ ਨੇ ਨਿਰਧਾਰਿਤ ਕਰਨੀ ਹੀ ਹੁੰਦੀ ਹੈ। ਲਗਭਗ ਗੁਰੂ ਦਾ ਹਰ ਇਕ ਸੱਚਾ ਸਿੱਖ ਬਾਖੂਬੀ ਜਾਣਦਾ ਹੈ ਕਿ ਬੇਅਦਬੀ ਕਾਂਡ ਲਈ ਸੌਧਾ ਸਾਧ ਤੇ ਬਾਦਲਕੇ ਬਰਾਬਰ ਦੇ ਦੋਸ਼ੀ ਹਨ। ਬਾਦਲਕਿਆਂ ਦੇ ਸੱਤਾ ਦੇ ਜ਼ੋਰ ਤੇ ਅੰਦਰੂਨੀ ਸਮਝੌਤਿਆਂ ਸਦਕਾ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨੂੰ ਭਾਵੇਂ ਮਿੱਟੀ ਘੱਟੇ ਪਾਉਣ ਦਾ ਕਿੰਨਾ ਵੀ ਯਤਨ ਕੀਤਾ ਜਾਵੇ ਪ੍ਰੰਤੂ ਇਸ ਪਾਪ ਨਾਲ ਬਾਦਲਕਿਆਂ ਦੀਆਂ ਜੜ੍ਹਾਂ ਪੁੱਟੀਆਂ ਹੀ ਜਾਣੀਆਂ ਹਨ।

ਇਹ ਵੀ ਜ਼ਾਹਰ ਹੈ ਕਿ ਸਿਰਫ਼ ਇਕ-ਦੋ ਜਾਂ ਚਾਰ ਪੁਲਿਸ ਅਫ਼ਸਰਾਂ ਨੂੰ ਦੋਸ਼ੀ ਨਾਮਜ਼ਦ ਕਰਕੇ ਸਿੱਖਾਂ ਦੇ ਵਲੂੰਧਰੇ ਹਿਰਦੇ ਸ਼ਾਂਤ ਨਹੀਂ ਕੀਤੇ ਜਾ ਸਕਦੇ। ਮੁੱਖ ਸਵਾਲ ਇਹ ਹੈ ਕਿ ਆਖ਼ਰ ਸ਼ਾਂਤਮਈ ਸਿੱਖ ਸੰਗਤਾਂ ਉਤੇ ਗੋਲੀ ਚਲਾਉਣ ਦੇ ਹੁਕਮ ਆਏ ਕਿਥੋਂ ਸਨ? ਸਵਾਲ ਇਹ ਵੀ ਹੈ ਕਿ ਤਤਕਾਲੀਨ ਮੁੱਖ ਮੰਤਰੀ ਨੂੰ ਉਸ ਵੇਲੇ ਦੇ ਡੀਜੀਪੀ ਸੁਮੇਧ ਸੈਣੀ ਨੇ ਆਖ਼ਰ ਅੱਧੀ ਰਾਤ ਨੂੰ ਜਗਾ ਕੇ ਕਿਹੜੀਆਂ ਹਦਾਇਤਾਂ ਲਈਆਂ ਸਨ? ਸੁਮੇਧ ਸੈਣੀ ਨਾਂ ਦਾ ਇਹ ਪੁਲਿਸ ਅਫਸਰ ਖਾੜਕੂ ਲਹਿਰ ਦੌਰਾਨ ਵੀ ਸਿੱਖ ਨੌਜਵਾਨਾਂ ਨੂੰ ਮਾਰ-ਖਪਾਉਣ ਦੇ ਦੋਸ਼ਾਂ ਵਿਚ ਘਿਰਦਾ ਆ ਰਿਹਾ ਹੈ। ਕੈਪਟਨ ਸਰਕਾਰ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਨਸਾਫ਼ ਜੇ ਅਧੂਰਾ ਹੋਵੇ ਤਾਂ ਉਸ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਸਹੀ ਅਰਥਾਂ ਵਿਚ ਇਨਸਾਫ਼ ਹੋਇਆ ਮੰਨਿਆ ਜਾਂਦਾ ਹੈ।

ਪੰਜਾਬ ਦਾ ਪੰਜ ਵਾਰ ਮੁੱਖ ਮੰਤਰੀ ਰਿਹਾ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦਾ ਪੂਰਾ ਸਿਆਸੀ ਆਰ-ਪਰਿਵਾਰ ਹੁਣ ਵਕਤ ਦੇ ਉਸ ਮੋੜ ਉਤੇ ਆਣ ਖੜ੍ਹਾ ਹੋਇਆ ਹੈ, ਜਿੱਥੋਂ ਅੱਗੇ ਸਾਰੇ ਰਸਤੇ ਬਦਨਾਮੀ, ਸਜ਼ਾਵਾਂ ਤੇ ਕਾਲ ਕੋਠੜੀਆਂ ਵੱਲ ਜਾਂਦੇ ਹਨ। ਜੇ ਇਕ ਵਾਰ ਇਹ ਮੰਨ ਵੀ ਲਿਆ ਜਾਵੇ ਕਿ ਸੱਤਾ ਦੇ ਲਾਲਚ ਵਿਚ ਆ ਕੇ ਕੀਤੀਆਂ ਤਮਾਮ ਕਾਲੀਆਂ ਕਰਤੂਤਾਂ ਦੇ ਜੱਗ ਜ਼ਾਹਰ ਹੋਣ ਤੋਂ ਬਾਅਦ ਵੀ ਇਹ ਲੋਕ ਪੈਸੇ, ਤਾਕਤ ਤੇ ਭਾਰਤੀ ਭ੍ਰਿਸ਼ਟਤੰਤਰ ਦੀ ਆੜ ਵਿਚ ਦੁਨਿਆਵੀ ਇਨਸਾਫ ਦੇ ਅੱਡਿਆਂ ਵਿਚੋਂ ਬਚ ਨਿਕਲਦੇ ਹਨ, ਤਾਂ ਵੀ ਇਤਿਹਾਸ ਅਤੇ ਲੋਕਾਂ ਦੀ ਕਚਹਿਰੀ ਵਿਚ ਇਹ ਲੋਕ ਗੁਨਾਹਗਾਰ ਲਿਖੇ ਜਾ ਚੁੱਕੇ ਹਨ। ਦੁਨੀਆ ਦੇ ਕਾਨੂੰਨ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ ਹਨ, ਸਬੂਤਾਂ ਦੀ ਜੋਖ-ਪਰਖ ਹੁੰਦੀ ਹੈ ਤੇ ਡਾਢਿਆਂ ਦਾ ਜ਼ੋਰ ਵੀ ਚਲਦਾ ਹੁੰਦਾ ਹੈ। ਇਤਿਹਾਸ ਲਿਖਣ ਵਾਲੇ ਖਰੀਦੇ ਤੇ ਗੁੰਮਰਾਹ ਕੀਤੇ ਜਾ ਸਕਦੇ ਹਨ ਪਰ ਇਕ ਅਣਲਿਖਿਆ ਇਤਿਹਾਸ ਵੀ ਹੁੰਦਾ ਹੈ, ਜੋ ਪੀੜ੍ਹੀ-ਦਰ-ਪੀੜ੍ਹੀ ਲੋਕ-ਮਨਾਂ ਵਿਚ ਸਫਰ ਕਰਦਾ ਹੈ। ਪੰਜਾਬ ਤੇ ਸਿੱਖ ਕੌਮ ਦੇ ਮਨਾਂ ਵਿਚ ਉਕਰੇ ਇਤਿਹਾਸ ਨੇ ਆਪਣਾ ਫੈਸਲਾ ਸੁਣਾ ਦਿੱਤਾ ਹੋਇਆ ਹੈ। ਲੋਕਾਂ ਦੀ ਕਚਹਿਰੀ ਵਿਚ ਦੋਸ਼ੀ ਕਰਾਰ ਦਿੱਤੇ ਗਏ ਬਾਦਲਕਿਆਂ ਤੇ ਉਨ੍ਹਾਂ ਦੇ ਸਿਆਸੀ ਲੁੰਗ-ਲਾਣੇ ਨੂੰ "ਦੋਹੀਂ ਜਹਾਨੀਂ ਢੋਈ ਨਾ ਮਿਲਣ" ਦੀ ਦੁਰ-ਅਸੀਸ ਦੀ ਸਜ਼ਾ ਕਿਤੇ ਵੀ ਮੁਆਫ ਨਹੀਂ ਹੋ ਸਕਦੀ।

# ਨਿਰਾਸ਼ਾਜਨਕ ਰਹੀ ਡੋਨਾਲਡ ਟਰੰਪ ਦੀ ਹੁਣ ਤਕ ਦੀ ਕਾਰਗੁਜ਼ਾਰੀ

**ਭਾਰਤ ਵਲੋਂ ਅਫ਼ਗਾਨਿਸਤਾਨ ਦੀ ਨਵਉਸਾਰੀ ਬਾਰੇ ਪਾਏ ਜਾ ਰਹੇ ਯੋਗਦਾਨ ਬਾਰੇ ਟਰੰਪ ਕਹਿੰਦੇ ਹਨ ਕਿ ਉਨ੍ਹਾਂ ਦੇ ਭਾਰਤੀ ਪ੍ਰਧਾਨ ਮੰਤਰੀ ਨਾਲ ਚੰਗੇ ਸਬੰਧ ਹਨ ਜਿਨ੍ਹਾਂ ਨੇ ਉਸ ਨੂੰ ਦੱਸਿਆ ਕਿ ਭਾਰਤ ਨੇ ਅਫਗਾਨਿਸਤਾਨ ਵਿਚ ਸਿਰਫ ਇਕ ਲਾਇਬ੍ਰੇਰੀ ਉਸਾਰੀ ਹੈ। ਦੇਸ਼ ਦੇ ਕੁੰਜੀਵਤ ਖੇਤਰਾਂ ਅਤੇ ਦਫ਼ਤਰਾਂ ਵਿਚ 37 ਫ਼ੀਸਦੀ ਸਟਾਫ਼ ਦੀ ਨਿਯੁਕਤੀ ਨਹੀਂ ਕੀਤੀ ਗਈ ਹੈ। ਨਤੀਜੇ ਵਜੋਂ ਕੰਮ-ਕਾਜ 'ਤੇ ਵੱਡਾ ਮਾਰੂ ਅਸਰ ਵੇਖਣ ਨੂੰ ਮਿਲ ਰਿਹਾ ਹੈ। ਟ੍ਰਾਂਸਜੈਂਡਰ ਫ਼ੌਜੀਆਂ 'ਤੇ ਰੋਕ, ਦੱਖਣੀ ਕੋਰੀਆ ਨਾਲ ਸਾਂਝੀਆਂ ਫ਼ੌਜੀ ਮਸ਼ਕਾਂ 'ਤੇ ਰੋਕ, ਚੀਨ ਨਾਲ ਵਪਾਰਕ ਜੰਗ ਸ਼ੁਰੂ ਕਰਨਾ, ਪ੍ਰਸ਼ਾਸਨਿਕ ਸਾਂਝੀਆਂ ਫ਼ੌਜੀ ਮਸ਼ਕਾਂ 'ਤੇ ਰੋਕ, ਚੀਨ ਨਾਲ ਵਪਾਰਕ ਜੰਗ ਸ਼ੁਰੂ ਕਰਨਾ ਅਤੇ ਪ੍ਰਸ਼ਾਸਨਿਕ ਸ਼ੱਟਡਾਊਨ ਨੇ ਵੀ ਅਮਰੀਕੀਆਂ ਨੂੰ ਨਿਰਾਸ਼ ਕੀਤਾ ਹੈ।**



**ਦਰਬਾਰਾ ਸਿੰਘ ਕਾਹਲੋਂ**
(94170-94034)

'ਅਮਰੀਕਾ ਫਸਟ' ਅਤੇ ਅਮਰੀਕਾ ਨੂੰ ਮੁੜ ਮਹਾਨ ਰਾਸ਼ਟਰ ਬਣਾਉਣ ਦੇ ਨਾਅਰੇ ਦੇਣ ਵਾਲੇ ਡੋਨਾਲਡ ਟਰੰਪ ਨੇ 20 ਜਨਵਰੀ, 2017 ਨੂੰ ਆਪਣੇ ਉਦਘਾਟਨੀ ਭਾਸ਼ਣ ਵਿਚ ਹੀ 'ਅਮੈਰੀਕਨ ਕਾਰਨੇਜ਼' ਜਿਹੇ ਚਿਤਾਵਨੀ ਭਰੇ ਸ਼ਬਦ ਵਰਤ ਕੇ ਅਮਰੀਕੀਆਂ ਦੇ ਸਾਹ ਸੂਤ ਕੇ ਰੱਖ ਦਿੱਤੇ ਸਨ। ਸ਼ਾਸਨ ਸੰਭਾਲਣ ਤੋਂ ਬਾਅਦ ਹੀ ਇਸ ਨੇ ਆਪਹੁਦਰੇ ਫ਼ੈਸਲੇ ਲੈਣੇ ਸ਼ੁਰੂ ਕਰ ਦਿੱਤੇ। ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੇ ਆਗੂਆਂ ਨੂੰ ਟਿੱਚਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਵਿਚ ਪੱਛਮ ਅੰਦਰ ਪ੍ਰਮੁੱਖ ਸ਼ਕਤੀਆਂ ਦੇ ਪ੍ਰਮੁੱਖ ਆਗੂ ਵੀ ਸ਼ਾਮਿਲ ਸਨ, ਜੋ ਲੰਬੇ ਸਮੇਂ ਤੋਂ ਅਮਰੀਕਾ ਦੇ ਭਰੋਸੇਯੋਗ ਸਹਿਯੋਗੀ ਰਹੇ ਹਨ। ਇਨ੍ਹਾਂ ਵਿਚ ਜਰਮਨੀ ਦੀ ਚਾਂਸਲਰ ਏਂਜਲਾ ਮਰਕਲ, ਬ੍ਰਿਟਿਸ਼ ਪ੍ਰਧਾਨ ਮੰਤਰੀ ਥਰੇਸਾ ਮੇਅ, ਫਰਾਂਸੀਸੀ ਰਾਸ਼ਟਰਪਤੀ ਮੈਕਰਾਨ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਆਦਿ ਸ਼ਾਮਿਲ ਹਨ। ਇਸ ਰਾਸ਼ਟਰਪਤੀ ਨੇ ਅਤੀਤ ਵਿਚ ਅਮਰੀਕਾ ਵਲੋਂ ਕੀਤੀਆਂ ਕੌਮਾਂਤਰੀ ਅਤੇ ਯੁੱਧਨੀਤਕ ਸੰਧੀਆਂ ਵਿਚੋਂ ਬਾਹਰ ਆਉਣ ਜਾਂ ਉਨ੍ਹਾਂ ਨੂੰ ਬੌਣਾ ਕਰਨ ਦੇ ਨਿਰਣੇ ਲੈਣੇ ਸ਼ੁਰੂ ਕੀਤੇ। ਅਤਿ ਮਹੱਤਵਪੂਰਨ ਵਾਤਾਵਰਨ ਸਬੰਧੀ 'ਪੈਰਿਸ ਸੰਧੀ' ਅਤੇ ਈਰਾਨ ਨਾਲ ਕੀਤੀ 'ਪ੍ਰਮਾਣੂ ਸੰਧੀ' ਵਿਚੋਂ ਅਮਰੀਕਾ ਨੂੰ ਇਕ ਪਾਸੇ ਕਰਨ, ਯੁੱਧਨੀਤਕ ਤੌਰ 'ਤੇ ਅਤਿ ਮਹੱਤਵਪੂਰਨ 'ਨਾਟੋ ਸੰਧੀ' ਨੂੰ ਕਮਜ਼ੋਰ ਕਰਨ, ਤੁਰਕੀ ਦੇ ਰਾਸ਼ਟਰਪਤੀ ਐਰਡੋਗਨ ਨਾਲ ਟੈਲੀਫੋਨ 'ਤੇ ਗੱਲਬਾਤ ਉਪਰੰਤ ਸੀਰੀਆ ਵਿਚੋਂ 2000 ਅਮਰੀਕੀ ਫ਼ੌਜੀ ਵਾਪਸ ਬੁਲਾਉਣਾ ਅਤੇ ਅਮਰੀਕਾ ਦੇ ਭਰੋਸੇਮੰਦ ਲੰਮੇ ਸਮੇਂ ਤੋਂ ਸਹਿਯੋਗੀ ਕੁਰਦਾਂ ਨੂੰ ਤੁਰਕੀ ਦੇ ਰਹਿਮੋਂ ਕਰਮ ਉਤੇ ਛੱਡਣਾ, ਸੀਰੀਆ ਅਤੇ ਅਫ਼ਗਾਨਿਸਤਾਨ ਵਿਚੋਂ ਅਮਰੀਕੀ ਫ਼ੌਜੀ ਵਾਪਸ ਬੁਲਾਉਣਾ ਆਦਿ ਉਨ੍ਹਾਂ ਦੇ ਅਜਿਹੇ ਫ਼ੈਸਲੇ ਹਨ, ਜਿਨ੍ਹਾਂ ਨੇ ਅਮਰੀਕਾ ਨੂੰ ਕੌਮਾਂਤਰੀ ਪੱਧਰ 'ਤੇ ਵਿਸ਼ਵ ਬਿਰਾਦਰੀ ਵਿਚ ਬਦਨਾਮ ਕੀਤਾ ਹੈ ਅਤੇ ਉਸ ਦੀ ਭਰੋਸੇਯੋਗਤਾ ਨੂੰ ਵੀ ਠੇਸ ਪਹੁੰਚਾਈ ਹੈ।

ਟਰੰਪ ਨੇ ਵਿਸ਼ਵ ਭਾਈਚਾਰੇ ਅੰਦਰ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦੇ ਉਲਟ ਏਕਾਧਿਕਾਰਵਾਦੀ ਨਿਰਕੁੰਸ਼ ਸ਼ਾਸਕਾਂ ਦੀ ਸਰਾਹਨਾ ਕਰਕੇ ਅਮਰੀਕਾ ਵਰਗੇ ਤਾਕਤਵਰ ਲੋਕਤੰਤਰੀ ਦੇਸ਼ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ। ਇਸ ਕਰਕੇ ਅਮਰੀਕਾ, ਪੱਛਮ ਅਤੇ ਦੂਸਰੇ ਲੋਕਤੰਤਰੀ ਦੇਸ਼ਾਂ ਦੇ ਲੋਕਾਂ ਅਤੇ ਆਗੂਆਂ ਵਿਚ ਨਿਰਾਸ਼ਾ ਫੈਲੀ ਹੈ। ਫਿਲਪਾਈਨਜ਼ ਦੇ ਪ੍ਰਧਾਨ ਰੋਡਰੀਗੋ ਦੁਤਰੇਤ ਨੂੰ ਭ੍ਰਿਸ਼ਟਾਚਾਰੀਆਂ ਅਤੇ ਤਸਕਰਾਂ ਨੂੰ ਮਾਰ ਮੁਕਾਉਣ ਕਰਕੇ 'ਉਮਦਾ ਕਾਰਵਾਈ ਕਰਨ' ਲਈ ਸਲਾਹੁਣਾ, ਤੁਰਕੀ ਦੇ ਨਿਰਕੁੰਸ਼ ਪ੍ਰਧਾਨ ਐਰਡੋਗਨ ਨੂੰ 'ਬਹੁਤ ਉੱਚੇ ਨੰਬਰ ਦੇਣਾ', ਉੱਤਰੀ ਕੋਰੀਆ ਦੇ ਸ਼ਾਸਕ ਕਿਮ ਜੋਂਗ ਉਨ ਨੂੰ 'ਖੁੱਲ੍ਹੇ ਸੁਭਾਅ ਅਤੇ ਮਿਲਣਸਾਰ ਕਹਿਣਾ ਆਦਿ ਦੁਨੀਆ ਨੂੰ ਚਕਰਿਤ ਕਰਨ ਵਾਲੀਆਂ ਗੱਲਾਂ ਹਨ। ਇਹ ਆਗੂ ਪੂਰੇ ਵਿਸ਼ਵ ਅੰਦਰ ਮਨੁੱਖੀ ਆਜ਼ਾਦੀਆਂ ਦਾ ਘਾਣ ਅਤੇ ਆਪਹੁਦਰੀਆਂ ਕਰਨ ਲਈ ਬਦਨਾਮ ਹਨ। ਮੁਸਲਿਮ ਬਹੁ ਆਬਾਦੀ ਵਾਲੇ 5 ਦੇਸ਼ਾਂ ਦੇ ਨਾਗਰਿਕਾਂ ਦਾ ਅਮਰੀਕਾ ਅੰਦਰ ਦਾਖ਼ਲਾ ਬੰਦ ਕਰਨਾ, ਅਮਰੀਕਾ ਅੰਦਰ ਵਸਦੇ ਮੁਸਲਿਮ, ਅਫਰੀਕੀ ਅਤੇ ਹੈਸਪੈਨਿਕ ਲੋਕਾਂ ਵਿਰੁੱਧ ਨਫ਼ਰਤ ਫੈਲਾਉਣਾ ਅਜਿਹੇ ਕਾਰਜ ਹਨ, ਜਿਨ੍ਹਾਂ ਨੇ ਨਸਲਵਾਦ ਨੂੰ ਉਤਸ਼ਾਹਿਤ ਕੀਤਾ ਹੈ। ਪੋਰਟਲੈਂਡ, ਓਰੇਗਾਂ, ਐਨਟੀਫਾ ਵਿਖੇ ਘੱਟ-ਗਿਣਤੀਆਂ ਪੁਲਿਸ ਤਸ਼ੱਦਦ ਦਾ ਸ਼ਿਕਾਰ ਬਣਾਈਆਂ ਗਈਆਂ ਹਨ। ਉਨ੍ਹਾਂ ਇਸਰਾਈਲ ਵਿਚ ਯੇਰੋਸ਼ਲਮ ਵਿਖੇ ਅਮਰੀਕੀ ਸਫ਼ਾਰਤਖਾਨਾ ਬਣਾ ਕੇ ਫਲਸਤੀਨੀਆਂ ਨੂੰ ਨਰਾਜ਼ ਹੀ ਨਹੀਂ ਕੀਤਾ ਸਗੋਂ ਕੱਟੜਵਾਦੀ ਯਹੂਦੀਵਾਦ ਨੂੰ ਵੀ ਤਾਕਤ ਬਖਸ਼ੀ ਹੈ।

ਸੋਵੀਅਤ ਯੂਨੀਅਨ ਦੇ ਨਿਰਕੁੰਸ਼ ਸ਼ਾਸਕ ਜੋਸਫ ਸਟਾਲਿਨ ਵਾਂਗੂ ਉਹ ਮੀਡੀਆ ਨੂੰ ਲੋਕਾਂ ਦਾ ਦੁਸ਼ਮਣ ਕਹਿੰਦੇ ਹਨ। ਉਸ ਨੂੰ ਝੂਠੀਆਂ ਖ਼ਬਰਾਂ ਦੇਣ ਵਾਲੀ ਬਦੀ ਦਰਸਾਉਂਦੇ ਹਨ। ਸੀ.ਐਨ.ਐਨ. ਦੇ ਰਿਪੋਰਟਰ ਜਿਮ ਏਕੋਸਟਾ ਦਾ ਵਾਈਟ ਹਾਊਸ ਵਿਚ ਦਾਖ਼ਲਾ ਬੰਦਾ ਕਰ ਦਿੱਤਾ ਗਿਆ। ਉਹ ਲੋਕਾਂ ਨੂੰ ਕਹਿੰਦੇ ਹਨ ਕਿ ਜੋ ਤੁਸੀਂ ਵੇਖ ਰਹੇ ਹੋ (ਟੈਲੀਵਿਜ਼ਨ 'ਤੇ) ਅਤੇ ਜੋ ਤੁਸੀਂ ਪੜ੍ਹ ਰਹੇ ਹੋ (ਅਖ਼ਬਾਰਾਂ ਵਿਚ) ਉਹ ਸਹੀ ਨਹੀਂ ਹੈ। ਅਜਿਹਾ ਕੁਝ ਨਹੀਂ ਹੋ ਰਿਹਾ। ਇਕ ਰਿਪੋਰਟ ਅਨੁਸਾਰ ਸੰਨ 2018 ਵਿਚ ਪ੍ਰਧਾਨ ਟਰੰਪ ਨੇ ਔਸਤਨ 15 ਵਾਰ ਰੋਜ਼ਾਨਾ ਝੂਠ ਬੋਲਦਿਆਂ ਅਮਰੀਕੀ ਲੋਕਾਂ ਅਤੇ ਵਿਸ਼ਵ ਭਾਈਚਾਰੇ ਨੂੰ ਗੁੰਮਰਾਹ ਕੀਤਾ। ਉਸ ਨੇ ਸਚਾਈ ਨਾਲ ਹੀ ਨਹੀਂ ਬਲਕਿ ਕਾਨੂੰਨ ਨਾਲ ਜੰਗ ਛੇੜ ਰੱਖੀ ਹੈ। ਉਸ ਨੇ ਐਫ.ਬੀ.ਆਈ. ਦੇ ਡਾਇਰੈਕਟਰ ਨੂੰ ਅਹੁਦੇ ਤੋਂ ਹਟਾ ਦਿੱਤਾ ਜੋ ਉਸ ਦੀ ਚੋਣ ਮੁਹਿੰਮ ਬਾਰੇ ਖੋਜ ਕਰ ਰਿਹਾ ਸੀ। ਜਿਸ ਮੈਕਸੀਕੋ ਦੀ ਸਰਹੱਦ 'ਤੇ ਉਸ ਨੇ ਕੰਧ ਉਸਾਰਨ ਦੀ ਜ਼ਿੱਦ ਕਰਕੇ ਦੇਸ਼ ਦੇ ਪ੍ਰਸ਼ਾਸਨ ਅੰਦਰ ਹੁਣ ਤਕ ਦੀ ਸਭ ਤੋਂ ਲੰਬੀ ਖੜੋਤ ਪੈਦਾ ਕੀਤੀ ਹੈ, ਉਸ ਬਾਰੇ ਫੱਕੜ ਤੋਲਦਿਆਂ ਉਸ ਨੇ ਕਿਹਾ ਕਿ ਕੰਧ ਉਸਾਰੀ ਜਾ ਰਹੀ ਹੈ। ਉਸ ਲਈ 1.6 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ। ਹਕੀਕਤ ਵਿਚ ਕੰਧ ਕਿਧਰੇ ਵੀ ਨਹੀਂ ਸੀ ਉਸਰ ਰਹੀ। ਇਸ ਬਾਰੇ ਰੱਟਾ ਇਹ ਹੈ ਕਿ ਉਹ ਕਾਂਗਰਸ ਨੂੰ ਇਸ ਮੰਤਵ ਲਈ 5 ਬਿਲੀਅਨ ਡਾਲਰ ਦੇਣ ਲਈ ਕਹਿ ਰਿਹਾ ਹੈ ਜਦ ਕਿ ਉਹ 1.3 ਬਿਲੀਅਨ ਡਾਲਰ ਤੋਂ ਵੱਧ ਦੇਣ ਲਈ ਤਿਆਰ ਨਹੀਂ। ਫ਼ੌਜੀ ਬਜਟ 'ਤੇ ਉਹ ਹੁਣ ਤਕ ਰਿਕਾਰਡ 716 ਬਿਲੀਅਨ ਡਾਲਰਾਂ ਦੇ ਦਸਤਖ਼ਤ ਕਰਨ ਦੀ ਗੱਲ ਉਹ ਕਰਦੇ ਹਨ। ਹਕੀਕਤ ਵਿਚ ਸਾਬਕਾ ਰਾਸ਼ਟਰਪਤੀ ਓਬਾਮਾ ਨੇ ਸੰਨ 2011 ਵਿਚ ਰਿਕਾਰਡ 725 ਬਿਲੀਅਨ ਡਾਲਰਾਂ 'ਤੇ ਦਸਤਖਤ ਕੀਤੇ ਸਨ। ਡੋਨਾਲਡ ਟਰੰਪ ਰੁਜ਼ਗਾਰ ਦੇ 6 ਲੱਖ ਮੌਕੇ ਪੈਦਾ ਕਰਨ ਦਾ ਦਾਅਵਾ ਕਰਦੇ ਹਨ ਪਰ ਹਕੀਕਤ ਵਿਚ ਇਹ ਅੰਕੜਾ 3,78,000 ਹੈ। ਓਬਾਮਾ ਪ੍ਰਸ਼ਾਸਨ 'ਤੇ ਉਹ ਦੋਸ਼ ਲਾਉਂਦੇ ਹਨ ਕਿ ਉਸ ਨੇ ਈਰਾਨ ਨੂੰ ਪ੍ਰਮਾਣੂ ਸੰਧੀ ਬਦਲੇ 60 ਬਿਲੀਅਨ ਡਾਲਰ ਦਿੱਤੇ ਸਨ, ਅਜਿਹਾ ਕਿਧਰੇ ਨਹੀਂ ਹੋਇਆ। ਈਰਾਨ ਨੂੰ ਸਿਰਫ਼ ਵਿੱਤੀ ਸਹਾਇਤਾ ਵਜੋਂ 35 ਬਿਲੀਅਨ ਡਾਲਰ ਦਿੱਤੇ ਗਏ ਸਨ। ਅਮਰੀਕਾ ਅੰਦਰ 8 ਨਵੇਂ ਸਟੀਲ ਪਲਾਂਟ ਲਗਾਉਣ ਦਾ ਸੱਚ ਇਹ ਹੈ ਕਿ ਸਿਰਫ 2 ਲਗਾਏ ਜਾ ਰਹੇ ਹਨ। ਵੈੱਬਸਾਈਟ ਵੀ ਅਜਿਹਾ ਦਰਸਾਉਂਦੀ ਹੈ। ਉਹ ਡੈਮੋਕ੍ਰੇਟਾਂ 'ਤੇ ਦੋਸ਼ ਲਗਾਉਂਦੇ ਹਨ ਕਿ ਉਹ ਇਮੀਗ੍ਰੇਸ਼ਨ ਅਤੇ ਐਨਫੋਰਸਮੈਂਟ ਖ਼ਤਮ ਕਰਨ ਦੇ ਹੱਕ ਵਿਚ ਹਨ ਜਦ ਕਿ ਉਹ ਇਨ੍ਹਾਂ ਵਿਚ ਸੁਧਾਰ ਲਿਆਉਣਾ ਚਾਹੁੰਦੇ ਹਨ। ਇਸ ਤੋਂ ਵੀ ਵੱਡਾ ਝੂਠ ਉਹ ਇਹ ਬੋਲਦੇ ਹਨ ਕਿ ਉਨ੍ਹਾਂ ਨੇ ਕਿਰਤੀਆਂ ਦੀਆਂ ਤਨਖਾਹਾਂ ਵਧਾਈਆਂ ਹਨ। ਹਕੀਕਤ ਵਿਚ ਸੰਨ 2014 ਵਿਚ ਓਬਾਮਾ ਪ੍ਰਸ਼ਾਸਨ ਨੇ ਹੀ ਤਨਖਾਹਾਂ ਵਿਚ ਵਾਧਾ ਕੀਤਾ ਸੀ।

ਭਾਰਤ ਵਲੋਂ ਅਫ਼ਗਾਨਿਸਤਾਨ ਦੀ ਨਵਉਸਾਰੀ ਬਾਰੇ ਪਾਏ ਜਾ ਰਹੇ ਯੋਗਦਾਨ ਬਾਰੇ ਟਰੰਪ ਕਹਿੰਦੇ ਹਨ ਕਿ ਉਨ੍ਹਾਂ ਦੇ ਭਾਰਤੀ ਪ੍ਰਧਾਨ ਮੰਤਰੀ ਨਾਲ ਚੰਗੇ ਸਬੰਧ ਹਨ ਜਿਨ੍ਹਾਂ ਨੇ ਉਸ ਨੂੰ ਦੱਸਿਆ ਕਿ ਭਾਰਤ ਨੇ ਅਫਗਾਨਿਸਤਾਨ ਵਿਚ ਸਿਰਫ ਇਕ ਲਾਇਬ੍ਰੇਰੀ ਉਸਾਰੀ ਹੈ। ਦੇਸ਼ ਦੇ ਕੁੰਜੀਵਤ ਖੇਤਰਾਂ ਅਤੇ ਦਫ਼ਤਰਾਂ ਵਿਚ 37 ਫ਼ੀਸਦੀ ਸਟਾਫ਼ ਦੀ ਨਿਯੁਕਤੀ ਨਹੀਂ ਕੀਤੀ ਗਈ ਹੈ। ਨਤੀਜੇ ਵਜੋਂ ਕੰਮ-ਕਾਜ 'ਤੇ ਵੱਡਾ ਮਾਰੂ ਅਸਰ ਵੇਖਣ ਨੂੰ ਮਿਲ ਰਿਹਾ ਹੈ। ਟ੍ਰਾਂਸਜੈਂਡਰ ਫ਼ੌਜੀਆਂ 'ਤੇ ਰੋਕ, ਦੱਖਣੀ ਕੋਰੀਆ ਨਾਲ ਸਾਂਝੀਆਂ ਫ਼ੌਜੀ ਮਸ਼ਕਾਂ 'ਤੇ ਰੋਕ, ਚੀਨ ਨਾਲ ਵਪਾਰਕ ਜੰਗ ਸ਼ੁਰੂ ਕਰਨਾ, ਪ੍ਰਸ਼ਾਸਨਿਕ ਸਾਂਝੀਆਂ ਫ਼ੌਜੀ ਮਸ਼ਕਾਂ 'ਤੇ ਰੋਕ, ਚੀਨ ਨਾਲ ਵਪਾਰਕ ਜੰਗ ਸ਼ੁਰੂ ਕਰਨਾ ਅਤੇ ਪ੍ਰਸ਼ਾਸਨਿਕ ਸ਼ੱਟਡਾਊਨ ਨੇ ਵੀ ਅਮਰੀਕੀਆਂ ਨੂੰ ਨਿਰਾਸ਼ ਕੀਤਾ ਹੈ। ਉੱਤਰੀ ਕੋਰੀਆ ਨਾਲ ਪ੍ਰਮਾਣੂ ਸਮਝੌਤਾ ਕਰਦੇ ਸਮੇਂ ਉਸ ਨੇ ਦਾਅਵਾ ਕੀਤਾ ਸੀ ਕਿ ਹੁਣ ਉਸ ਤੋਂ ਕੋਈ ਪ੍ਰਮਾਣੂ ਖ਼ਤਰਾ ਨਹੀਂ ਰਿਹਾ। ਪਰ ਹੁਣ ਕੁਝ ਦਿਨ ਪਹਿਲਾਂ ਉਸ ਦਾ 'ਮਿਸਾਈਲੀ ਟਿਕਾਣਾ' ਵੇਖੇ ਜਾਣ ਉਤੇ ਮਿਸਾਈਲ ਰੱਖਿਆ ਰਿਵਿਊ ਨੇ ਇਸ ਨੂੰ ਅਮਰੀਕਾ ਲਈ 'ਵਿਸ਼ੇਸ਼ ਖ਼ਤਰਾ' ਦਰਸਾਇਆ ਹੈ। ਫਿਰ ਅਜਿਹੇ ਆਗੂ ਅਤੇ ਦੇਸ਼ ਨਾਲ ਸਮਝੌਤਾ ਕਰਨ ਤੋਂ ਪਹਿਲਾਂ ਉਸ ਨੇ ਰੱਖਿਆ ਮਹਿਰਾਂ ਅਤੇ ਏਜੰਸੀਆਂ ਦੀ ਸਲਾਹ ਕਿਉਂ ਨਹੀਂ ਲਈ? ਹਕੀਕਤ ਤਾਂ ਇਹ ਵੀ ਹੈ ਕਿ ਉਸ ਨੇ ਆਪਣੇ ਚੰਗੇ ਸਹਾਇਕਾਂ ਅਤੇ ਮੰਤਰੀਆਂ ਨੂੰ ਕੱਪੜਿਆਂ ਵਾਂਗ ਬਦਲਿਆ ਹੈ। ਆਪਣੇ ਦੋ ਸਾਲ ਦੇ ਕਾਰਜਕਾਲ ਵਿਚ ਕੀਤੀਆਂ ਗ਼ਲਤੀਆਂ ਕਰਕੇ ਅਮਰੀਕੀ ਪ੍ਰਧਾਨ ਡੋਨਾਲਡ ਟਰੰਪ ਇਕ ਅਸਫ਼ਲ ਪ੍ਰਧਾਨ ਸਿੱਧ ਹੋਇਆ ਹੈ। ਵੱਡੀ ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਇਸ ਵਿਅਕਤੀ ਨੇ ਆਪਣੀਆਂ ਗ਼ਲਤੀਆਂ ਤੋਂ ਵੀ ਕੁਝ ਸਿੱਖਣ ਅਤੇ ਭਵਿੱਖ ਵਿਚ ਸਥਿਤੀ ਸੁਧਾਰਨ ਦਾ ਯਤਨ ਨਹੀਂ ਕੀਤਾ। ਜਾਪਦਾ ਹੈ ਕਿ ਭਵਿੱਖ ਵਿਚ ਅਮਰੀਕੀ ਲੋਕਤੰਤਰਵਾਦੀ ਲੋਕ ਅਜਿਹੇ ਵਿਅਕਤੀ ਨੂੰ ਪ੍ਰਧਾਨ ਚੁਣਨ ਤੋਂ ਤੋਬਾ ਕਰਨਗੇ।

# ਜ਼ੁਲਮ ਅਤੇ ਅਨਿਆਂ ਦੀ ਰੱਤ- ਰੱਤੀ ਦਾਸਤਾਨ : ਸਾਕਾ ਨਕੋਦਰ 1986

## 33 ਸਾਲਾਂ 'ਚ ਜਾਂਚ ਰਿਪੋਰਟ ਤਕ ਵੀ ਪੇਸ਼ ਨਾ ਹੋਈ

**ਫਰਵਰੀ 1986 ਨੂੰ ਵਾਪਰੇ ਨਕੋਦਰ ਸਾਕੇ ਦੀ 33 ਵੀਂ ਵਰ੍ਹੇਗੰਡ ਮੌਕੇ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ ਜੀ ਵਲੋਂ ਲਿਖਿਆ ਲੇਖ ਜ਼ੁਲਮ ਅਤੇ ਅਨਿਆ ਦੀ ਰੱਤ-ਰੱਤੀ ਦਾਸਤਾਨ : ਸਾਕਾ ਨਕੋਦਰ ਆਪਣੇ ਸਤਿਕਾਰਯੋਗ ਪਾਠਕਾਂ ਦੇ ਲਈ ਛਾਪ ਰਹੇ ਹਾਂ। -ਸੰਪਾਦਕ**

**ਬਾਪੂ ਬਲਦੇਵ ਸਿੰਘ**
(ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ)



33 ਸਾਲ ਪਹਿਲਾਂ 4 ਫਰਵਰੀ 1986 ਨੂੰ ਪੰਜਾਬ ਪੁਲਿਸ ਅਤੇ ਭਾਰਤੀ ਸੁਰੱਖਿਆਂ ਬਲਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਿਤ ਚਾਰ ਨਿਹੱਥੇ ਗੁਰਸਿੱਖ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਹ ਚਾਰੇ ਨੌਜਵਾਨ; ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਝਲਮਣ ਸਿੰਘ ਗੋਰਸੀਆਂ, ਭਾਈ ਹਰਮਿੰਦਰ ਸਿੰਘ ਚਲੂਪਰ ਸਿੱਖ ਸੰਗਤ ਸਮੇਤ ਸ਼ਾਂਤਮਈ ਰੋਸ ਮਾਰਚ ਵਿਚ ਸ਼ਾਮਿਲ ਸਨ। ਇਹ ਇਕੱਤਰਤਾ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਰੋਸ ਵਜੋਂ ਸੀ।

ਇਸ ਘਟਨਾ ਦਾ ਮੁੱਢ 2 ਫਰਵਰੀ 1986 ਨੂੰ ਸ੍ਰੀ ਗੁਰੂ ਨਾਨਕਪੁਰਾ ਮੁਹੱਲਾ ਨਕੋਦਰ ਵਿਖੇ ਸਥਿਤ ਸ਼੍ਰੀ ਗੁਰੂ ਅਰਜਨ ਸਾਹਿਬ ਜੀ ਦੇ ਗੁਰਦਵਾਰਾ ਸਾਹਿਬ ਵਿਖੇ ਧੰਨ ਧੰਨ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ 5 ਪਾਵਨ ਸਰੂਪਾਂ ਨੂੰ ਸਿੱਖ ਪੰਥ ਵਿਰੋਧੀ ਅਨਸਰਾਂ ਵਲੋਂ ਅਗਨ ਭੇਟ ਕਰਨ ਤੋਂ ਬੱਝਿਆ। ਇਹ ਮੰਦਭਾਗੀ ਘਟਨਾ ਸਵੇਰ 9:30 ਵਜੇ ਦੇ ਕਰੀਬ ਵਾਪਰੀ। ਮਹਾਰਾਜ ਦੇ ਸਰੂਪ ਪ੍ਰਕਾਸ਼ ਅਸਥਾਨ ਤੇ ਸੁੱਖ ਆਸਨ ਅਸਥਾਨ ਦੋਵੇਂ ਜਗ੍ਹਾ ਅਗਨ ਭੇਟ ਹੋਏ ਮਿਲੇ ਸਨ। ਐੱਸ ਡੀ ਐੱਮ ਸੁਰਜੀਤ ਸਿੰਘ ਰਾਜਪੂਤ ਅਤੇ ਡੀ ਐੱਸ ਪੀ ਗੋਪਾਲ ਸਿੰਘ ਘੁੰਮਣ ਦੀ ਮੁਢਲੀ ਜਾਂਚ ਵਿੱਚ ਪਤਾ ਲੱਗਾ ਕਿ ਇਹ ਇੱਕ ਚਾਣਚੱਕ ਵਾਪਰੀ ਘਟਨਾ ਨਹੀਂ ਸੀ, ਕਿਉਂਕਿ ਪ੍ਰਕਾਸ਼ ਅਸਥਾਨ ਤੇ ਸੁੱਖ ਆਸਨ ਅਸਥਾਨ ਵਿਚਲੀ ਜਗ੍ਹਾ ਵਿਚਲੀਆਂ ਦਰੀਆਂ ਨੂੰ ਅੱਗ ਨਹੀਂ ਲੱਗੀ ਸੀ, ਨਾ ਹੀ ਬਿਜਲੀ ਦਾ ਕੱਟ ਲੱਗਾ ਸੀ, ਨਾ ਬਿਜਲੀ ਦੀ ਤਾਰ ਕੱਟੀ ਸੀ, ਨਾ ਫਿਊਜ਼ ਉੱਡੇ ਸਨ, ਨਾ ਬਿਜਲੀ ਫੇਲ੍ਹ ਹੋਈ ਸੀ, ਕੋਈ ਮੋਮਬੱਤੀ ਜਾਂ ਅਗਰਬੱਤੀ ਜਾਂ ਜੋਤ ਵੀ ਨਹੀਂ ਜਗਦੀ ਸੀ।

ਇਸ ਜਾਂਚ ਦੇ ਅਧਾਰ ਤੇ ਨਕੋਦਰ ਥਾਣੇ ਵਿੱਚ ਇਸ ਸਬੰਧੀ ਐੱਫਆਈਆਰ ਨੰਬਰ 50 ਉਸੇ ਸਵੇਰ ਦਰਜ ਕਰ ਲਈ ਗਈ। ਰਿਪੋਰਟ ਦਰਜ ਕਰਨ ਦੇ ਬਾਵਜੂਦ ਪੁਲਿਸ ਨੇ ਇਸ 'ਤੇ ਕੋਈ ਕਾਰਵਾਈ ਕਰਨੀ ਜਰੂਰੀ ਨਾ ਸਮਝੀ ਤਾਂ ਇਲਾਕੇ ਦੇ ਐੱਮਐੱਲਏ ਜਥੇਦਾਰ ਕੁਲਦੀਪ ਸਿੰਘ ਵਡਾਲਾ ਨਾਲ ਸੰਪਰਕ ਕੀਤਾ ਗਿਆ। ਇਸ ਤੋਂ ਬਾਅਦ ਸ਼ਾਮ ਨੂੰ ਐੱਸਐੱਸਪੀ ਇਜ਼ਹਾਰ ਆਲਮ ਅਤੇ ਏਡੀਸੀ ਦਰਬਾਰਾ ਗੁਰੂ ਗੁਰਦਵਾਰਾ ਸਾਹਿਬ ਵਿਖੇ ਜਾਂਚ ਕਰਨ ਲਈ ਪਹੁੰਚਦੇ ਹਨ ਅਤੇ ਬਿਨਾ ਕਿਸੇ ਦੇ ਬਿਆਨ ਲਏ ਇਸ ਘਟਨਾ ਲਈ ਗੁਰੂ ਘਰ ਦੇ ਗ੍ਰੰਥੀ ਦੀ ਅਣਗਿਹਲੀ ਦੱਸ ਕੇ ਉਸ ਨੂੰ ਹੀ ਦੋਸ਼ੀ ਕਰਾਰ ਦੇ ਦਿੰਦੇ ਨੇ। ਇਸ ਕਾਰਨ ਸੰਗਤਾਂ ਰੋਸ ਵਿੱਚ ਆ ਜਾਂਦੀਆਂ ਹਨ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਅਗਲੀ ਸਵੇਰ ਗੁਰਦਵਾਰਾ ਸਾਹਿਬ ਆਉਣ ਲਈ ਬੇਨਤੀ ਕਰਦੀਆਂ ਹਨ।

ਉਸੇ ਸ਼ਾਮ ਰਣਜੀਤ ਸਿੰਘ ਭਿੰਡਰ ਡੀਐੱਸਪੀ ਇੰਟੈਲੀਜੇਂਸ ਬਿਓਰੋ , ਉਮਰਾਓ ਸਿੰਘ ਹਾਰਿਆ ਹੋਇਆ ਕਾਂਗਰਸੀ ਐੱਮਐੱਲਏ , ਰਮਾਕਾਂਤ ਜਲੋਟਾ ਸ਼ਿਵ ਸੈਨਾ ਸੂਬਾ ਪ੍ਰਧਾਨ, ਸ਼ਿਵ ਸੈਨਾ ਦੇ ਸਰਗਰਮ ਅਹੁਦੇਦਾਰ ਤੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਚੋਣ ਦਫਤਰ ਇੰਚਾਰਜ ਪੰਡਿਤ ਨੰਦੋ ਦੇ ਘਰੇ ਮਿਲਦੇ ਹਨ ਕਿਉਂ ? ਕਾਂਗਰਸੀ ਉਮਰਾਓ ਸਿੰਘ ਦੀ ਅਕਾਲੀ ਦਲ ਦੇ ਬਲਵੰਤ ਸਿੰਘ ਖਜਾਨਾ ਮੰਤਰੀ ਦੇ ਧੜੇ ਨਾਲ ਸਾਂਝ ਹੈ ਜੋ ਕੇ ਐੱਮਐੱਲਏ ਵਡਾਲਾ ਦਾ ਵਿਰੋਧੀ ਧੜਾ ਹੈ।

3 ਫਰਵਰੀ 1986 ਨੂੰ ਨਕੋਦਰ ਸ਼ਹਿਰ ਦੀਆਂ ਕਚਹਿਰੀਆਂ, ਸਕੂਲ, ਕਾਲਜ, ਦੁਕਾਨਾਂ ਤੇ ਹੋਰ ਅਦਾਰੇ ਬੰਦ ਹੋ ਗਏ ਤੇ ਸੰਗਤਾਂ ਨੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਗੁਰੂਘਰ ਤੋਂ ਥਾਣੇ ਤੱਕ ਇੱਕ ਰੋਸ ਮਾਰਚ ਕੱਢਿਆ ਜਿਸ ਵਿੱਚ ਵਕੀਲਾਂ, ਵਿਦਿਆਰਥੀਆਂ, ਦੁਕਾਨਦਾਰਾਂ, ਬੀਬੀਆਂ, ਬੱਚਿਆਂ, ਬਜ਼ੁਰਗਾਂ, ਮਾਤਾਵਾਂ, ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੈਂਬਰਾਂ ਅਤੇ ਹਰ ਵਰਗ ਦੀਆਂ ਸੰਗਤਾਂ ਨੇ ਹਿੱਸਾ ਲਿਆ। ਮੰਗ ਇੱਕ ਸੀ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰੋ। ਐੱਸਐੱਸਪੀ ਇਜ਼ਹਾਰ ਆਲਮ ਨੇ ਦੋਸ਼ੀਆਂ ਨੂੰ ਫੜਨ ਤੋਂ ਇਨਕਾਰ ਕਰ ਦਿੱਤਾ। ਵਡਾਲਾ ਸਾਹਿਬ, ਬਾਬਾ ਜੋਗਿੰਦਰ ਸਿੰਘ, ਸਰਕਲ ਜਥੇਦਾਰਾਂ, ਇਥੋਂ ਤੱਕ ਮੌਕੇ ਦੇ ਐੱਸਡੀਐੱਮ ਦਾ ਸੁਝਾਅ ਵੀ ਨਾ ਮੰਨਿਆ, ਉਲਟਾ ਏਡੀਸੀ ਦਰਬਾਰਾ ਗੁਰੂ ਦੀ ਮੌਜੂਦਗੀ ਵਿੱਚ ਅਕਾਲੀ ਲੀਡਰਾਂ ਨੂੰ ਧਮਕੀ ਦਿੱਤੀ ਕਿ ਮੈਂ ਨੇੜਲੇ ਜਿਲ੍ਹਿਆਂ ਕਪੂਰਥਲਾ, ਹੁਸ਼ਿਆਰਪੁਰ, ਜਲੰਧਰ ਸ਼ਹਿਰ ਦੀ ਪੁਲਿਸ, ਸੀਆਰਪੀ, ਤੇ ਬੀਐਸਐਫ ਬੁਲਾਵਾਂਗਾ, ਮੈਨੂੰ ਸਿੱਖ ਨੌਜਵਾਨਾਂ ਨਾਲ ਨਜਿੱਠਣਾ ਆਉਂਦਾ ਹੈ। ਇਹ ਸਭ ਸੁਣ ਕੇ ਲੀਡਰ ਸੰਗਤ ਨੂੰ ਅਗਲੀ ਸਵੇਰ ਫੇਰ ਗੁਰਦਵਾਰਾ ਸਾਹਿਬ ਵਿੱਚ ਇਕੱਤਰ ਹੋਣ ਲਈ ਅਪੀਲ ਕਰਕੇ ਚੰਡੀਗੜ੍ਹ ਮੁੱਖ ਮੰਤਰੀ ਤੇ ਅਕਾਲੀ ਸਰਕਾਰ ਤੱਕ ਪਹੁੰਚ ਕਰਨ ਚਲੇ ਗਏ। ਫੈਡਰੇਸ਼ਨ ਨੇ ਵੀ ਨੇੜਲੇ ਕਾਲਜਾਂ ਵਿੱਚ ਸੁਨੇਹਾ ਭੇਜ ਕੇ ਮੈਂਬਰਾਂ ਨੂੰ ਅਗਲੀ ਸਵੇਰ ਨਕੋਦਰ ਆਉਣ ਦੀ ਅਪੀਲ ਕਰ ਦਿੱਤੀ। ਮੁੱਖ ਮੰਤਰੀ ਬਰਨਾਲੇ ਨੇ ਵਡਾਲਾ ਸਾਹਿਬ ਨੂੰ ਭਰੋਸਾ ਦਿੱਤਾ ਕਿ ਮੈਂ ਡੀਆਈਜੀ ਜਲੰਧਰ ਨੂੰ ਹਦਾਇਤ ਕਰ ਦਿੱਤੀ ਹੈ ਕਿ ਬੇਅਦਬੀ ਸਬੰਧੀ ਕੋਈ ਵੀ ਪੁਲਿਸ ਕਾਰਵਾਈ ਵਡਾਲਾ ਸਾਹਿਬ ਦੀ ਸਹਿਮਤੀ ਤੋਂ ਬਿਨਾ ਨਾ ਹੋਵੇ।


ਭਾਈ ਰਵਿੰਦਰ ਸਿੰਘ ਲਿੱਤਰਾਂ


ਭਾਈ ਹਰਮਿੰਦਰ ਸਿੰਘ ਚਲੂਪੁਰ


ਭਾਈ ਬਲਧੀਰ ਸਿੰਘ ਰਾਮਗੜ੍ਹ


ਭਾਈ ਝਿਲਮਣ ਸਿੰਘ ਗੋਰਸੀਆਂ

ਸ਼ਾਮ ਨੂੰ ਸ਼ਹਿਰ ਵਿੱਚ ਦਫ਼ਾ 144 ਲਗਾ ਦਿੱਤੀ ਗਈ, ਜਿਸ ਦੀ ਪ੍ਰਵਾਹ ਨਾ ਕਰਦੀਆਂ ਸ਼ਿਵ ਸੈਨਿਕਾਂ ਨੇ ਤਿਰਸ਼ੂਲ, ਬਰਸ਼ੇ ਤੇ ਗੰਡਾਸੀਆਂ ਲੈ ਕੇ ਸ਼ਿਵ ਸੈਨਾ ਦੇ ਸੂਬਾ ਪ੍ਰਧਾਨ ਰਮਾਕਾਂਤ ਜਲੋਟਾ ਤੇ ਨਕੋਦਰ ਸ਼ਿਵ ਸੈਨਾ ਦੇ ਪ੍ਰਧਾਨ ਰਮੇਸ਼ ਕੁਮਾਰ 'ਖਾਨ' ਦੀ ਅਗਵਾਈ ਹੇਠ ਨਕੋਦਰ ਸ਼ਹਿਰ ਵਿੱਚ ਜਲੂਸ ਕੱਢਿਆ ਅਤੇ ਭੜਕਾਊ ਨਾਹਰੇ "ਸ਼ਿਵ ਸ਼ਕਤੀ ਕਾ ਜਾਪੁ ਕਰੇਂਗੇ, ਆਪਣੀ ਰੱਖਿਆ ਆਪ ਕਰੇਂਗੇ' ਤੇ '5 ਪਰਸੈਂਟ ਨੂੰ ਦਿਆਂਗੇ ਮਾਰ, ਫੇਰ ਪਿੰਡਾਂ ਨੂੰ ਹੋਵਾਂਗੇ ਤਿਆਰ' ਲਗਾਏ ਪੁਲਿਸ ਮੂਕ ਦਰਸ਼ਕ ਬਣਕੇ ਦੇਖਦੀ ਰਹੀ।

ਦੇਰ ਰਾਤ ਨਕੋਦਰ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ ਪਰ ਨੇੜਲੇ ਪਿੰਡਾਂ ਵਿੱਚ ਇਸ ਦੀ ਜਾਣਕਾਰੀ ਨਾ ਦਿੱਤੀ ਗਈ।

4 ਫਰਵਰੀ 1986 ਨੂੰ ਸਿੱਖ ਸੰਗਤ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਮਿੱਥੇ ਪ੍ਰੋਗਰਾਮ ਅਨੁਸਾਰ ਨਕੋਦਰ ਸ਼ਹਿਰ ਵਿੱਚ ਇਕੱਤਰ ਹੋਣ ਲਈ ਪਹੁੰਚੇ। ਇਸ ਇਕੱਤਰਤਾ ਦਾ ਮੁੱਖ ਮਕਸਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗਾਂ ਦੀ ਹੋਈ ਬੇਅਦਬੀ ਬਾਰੇ ਵਿਚਾਰ ਕਰਕੇ ਅਗਲਾ ਪ੍ਰੋਗਰਾਮ ਉਲੀਕਣ ਬਾਰੇ ਸੀ। ਪਰ ਜਦੋਂ ਕਰਫਿਊ ਲੱਗਣ ਦਾ ਪਤਾ ਲੱਗਿਆ ਤਾਂ ਸੰਗਤਾਂ ਸ਼ਹਿਰ ਦੇ ਬਾਹਰ ਸ਼ੇਰਪੁਰ ਵਾਲੇ ਪੁਲ ਤੇ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ। ਵਿਚਾਰ ਇਹ ਹੋਈ ਕਿ ਪੰਜ ਪਿਆਰੇ ਅਗਨ ਭੇਟ ਹੋਏ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਪ੍ਰਾਪਤ ਕਰਕੇ ਲੈ ਆਉਣ ਤਾਂ ਕਿ ਉਨ੍ਹਾਂ ਨੂੰ ਗੋਇੰਦਵਾਲ ਸਾਹਿਬ ਲਿਜਾ ਕੇ ਪੂਰਨ ਮਰਿਆਦਾ ਸਹਿਤ ਜਲ ਪ੍ਰਵਾਹ ਕੀਤਾ ਜਾ ਸਕੇ। ਪਰ ਪੁਲਿਸ ਨੇ ਪੰਜ ਪਿਆਰਿਆਂ ਨੂੰ ਵੀ ਸ਼ਹਿਰ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਮਹਿਤਪੁਰ ਵਾਲੇ ਪਾਸੇ ਤੋਂ ਇੱਕ ਨਿਹੰਗ ਸਿੰਘਾਂ ਦਾ ਜੱਥਾ ਜਦੋਂ ਨਕੋਦਰ ਸ਼ਹਿਰ ਦੀ ਹੱਦ 'ਤੇ ਪਹੁੰਚਾ ਤਾਂ ਉਨ੍ਹਾਂ ਨੂੰ ਕਰਫਿਊ ਲੱਗਣ ਦੀ ਜਾਣਕਾਰੀ ਮਿਲੀ। ਇਸ ਜੱਥੇ ਨੇ ਪੁਲਿਸ ਨੂੰ ਬੇਨਤੀ ਕੀਤੀ ਕਿ ਸਾਨੂੰ ਸ਼ੇਰਪੁਰ ਪੁਲ ਉਤੇ ਬੈਠੇ ਜੱਥੇ ਕੋਲ ਜਾਣ ਦੀ ਇਜ਼ਾਜ਼ਤ ਦੇ ਦਿਓ। ਪੁਲਿਸ ਦੇ ਅਫਸਰਾਂ ਨੇ ਜੱਥੇ ਨੂੰ ਸ਼ਹਿਰ ਦੇ ਬਾਹਰ ਬਾਹਰ ਬਾਈ ਪਾਸ ਭੇਜਣ ਦੀ ਬਜਾਏ ਕਰਫਿਊ ਲੱਗੇ ਸ਼ਹਿਰ ਦੇ ਵਿੱਚ ਦੀ ਜਾਣ ਦੀ ਆਗਿਆ ਦੇ ਦਿੱਤੀ। ਜੱਥਾ ਜਦੋਂ ਸਬਜ਼ੀ ਮੰਡੀ ਕੋਲ ਦੀ ਲੰਘਣ ਲੱਗਾ ਤਾਂ ਸੀਆਰਪੀ ਦੇ ਪਹਿਰੇ ਵਿੱਚ ਘੁੰਮ ਰਹੇ ਸ਼ਿਵ ਸੈਨਿਕ ਨੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਜੱਥੇ ਨੇ ਵੀ ਬੋਲੇ ਸੋ ਨਿਹਾਲ ਦੇ ਜੈਕਾਰੇ ਬੁਲਾਉਣੇ ਸ਼ੁਰੂ ਕਰ ਦਿੱਤੇ। ਪੁਲਿਸ ਨੇ ਦਖ਼ਲ ਦੇ ਕੇ ਦੋਹਾਂ ਗਰੁੱਪਾਂ ਦਾ ਟਾਕਰਾ ਹੋਣ ਤੋਂ ਬਚਾਅ ਦਿੱਤਾ। ਜਦੋਂ ਇਹ ਜੱਥਾ ਸ਼ੇਰਪੁਰ ਪੁਲ 'ਤੇ ਪਹੁੰਚਾ ਤਾਂ ਸੰਗਤਾਂ ਨੂੰ ਪਤਾ ਲੱਗਾ ਕਿ ਸ਼ਹਿਰ ਵਿਚ ਕਰਫਿਊ ਦੇ ਬਾਵਜੂਦ ਸ਼ਿਵ ਸੈਨਿਕ ਖੁੱਲ੍ਹੇਆਮ ਘੁੰਮ ਰਹੇ ਹਨ ਤਾਂ ਸੰਗਤਾਂ ਨੇ ਪੁਲਿਸ ਨੂੰ ਬੇਨਤੀ ਕੀਤੀ ਕਿ ਸਿੱਖ ਸੰਗਤਾਂ ਨੂੰ ਵੀ ਪੁਰ ਅਮਨ ਵਾਹਿਗੁਰੂ ਦਾ ਜਾਪ ਕਰਦਿਆਂ ਗੁਰਦਵਾਰਾ ਸਾਹਿਬ ਜਾਣ ਦੀ ਇਜ਼ਾਜ਼ਤ ਦਿੱਤੀ ਜਾਵੇ। ਇਸ ਤੋਂ ਬਾਅਦ ਪੁਲਿਸ ਨੇ ਸੰਗਤਾਂ ਨੂੰ ਇਹ ਇਜ਼ਾਜ਼ਤ ਦੇ ਦਿੱਤੀ।

ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਹ ਜੱਥਾ ਜਦੋਂ ਥੋੜੀ ਦੂਰੀ 'ਤੇ ਹੀ ਗਿਆ ਤਾਂ ਸੀਆਰਪੀ, ਬੀਐੱਸਐੱਫ ਅਤੇ ਪੰਜਾਬ ਪੁਲਿਸ ਦੇ ਜਵਾਨਾਂ ਨੇ ਇਸ ਸ਼ਾਂਤਮਈ ਰੋਸ ਮਾਰਚ ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਪੁਲਿਸ ਦੀ ਬਿਨਾ ਕਿਸੇ ਚਿਤਾਵਨੀ ਦੇ ਕੀਤੀ ਇਸ ਅੰਨੇਵਾਹ ਗੋਲੀਬਾਰੀ ਕਾਰਨ ਪਹਿਲੀ ਸ਼ਹਾਦਤ ਪੰਜ ਪਿਆਰਿਆਂ ਵਿੱਚੋਂ ਇੱਕ ਸਿੰਘ ਭਾਈ ਰਵਿੰਦਰ ਸਿੰਘ ਲਿੱਤਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੂਸਰੇ ਦੋ ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ- ਗੋਰਸੀਆਂ ਦੀ ਸ਼ਹਾਦਤ ਘਟਨਾ ਸਥਾਨ ਤੋਂ ਦੂਰ ਪਰੀਤੂ ਬਾਲਮੀਕੀ ਦੇ ਡੇਰੇ 'ਤੇ ਹੋਈ ਜਿੱਥੇ ਇਹ ਨੌਜਵਾਨ ਬਲਦਾਂ ਦੀ ਖੁਰਲੀ ਪਿੱਛੇ ਸਨ। ਇਸ ਗੋਲਬਾਰੀ ਵਿੱਚ ਬੇਜ਼ੁਬਾਨ ਬਲਦ ਵੀ ਮਾਰੇ ਗਏ। ਪੁਲਿਸ ਨੇ ਇੱਥੇ ਹੀ ਬਸ ਨਹੀਂ ਕੀਤੀ, ਘੋੜ ਸਵਾਰ ਪੁਲਿਸ ਵਲੋਂ 2 ਕਿਲੋਮੀਟਰ ਤੋਂ ਵੀ ਦੂਰ ਸ਼ੇਰਪੁਰ ਅਤੇ ਹੁਸੈਨਪੁਰ ਤੱਕ ਜਾ ਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਗਿਆ। ਪੁਲਿਸ ਵਲੋਂ ਘਰਾਂ ਦੇ ਵਿੱਚ ਜਾ ਕੇ ਗੋਲੀਆਂ ਚਲਾਈਆਂ ਅਤੇ ਘਰਾਂ ਦੇ ਦਰਵਾਜੇ ਤੋੜ ਕੇ ਸਿੱਖ ਨੌਜਵਾਨਾਂ ਨੂੰ ਬਾਹਰ ਕੱਢ ਕੇ ਉਨ੍ਹਾਂ 'ਤੇ ਅਣਮਨੁੱਖੀ ਅਤਿਆਚਾਰ ਕੀਤਾ ਗਿਆ।

ਇਸ ਸਾਕੇ ਦੇ ਚੌਥੇ ਸ਼ਹੀਦ ਭਾਈ ਹਰਮਿੰਦਰ ਸਿੰਘ (ਕਨਵੀਨਰ ਸਿੱਖ ਸਟੂਡੈਂਟ ਫੈਡਰੇਸ਼ਨ ਖਾਲਸਾ ਕਾਲਜ ਜਲੰਧਰ) ਨੂੰ ਸਵਰਨ ਘੋਟਣੇ (ਐੱਸ ਪੀ) ਨੇ ਵਾਲਾਂ ਤੋਂ ਫੜਿਆ ਅਤੇ ਜਸਕੀਰਤ ਨਾਮ ਦੇ ਇੰਸਪੈਕਟਰ ਨੇ ਭਾਈ ਹਰਮਿੰਦਰ ਸਿੰਘ ਦੇ ਮੂੰਹ ਵਿੱਚ ਗੋਲੀਆਂ ਮਾਰ ਕੇ ਕਤਲ ਕੀਤਾ। ਉਸ ਸਮੇਂ ਭਾਈ ਹਰਮਿੰਦਰ ਸਿੰਘ ਲੱਕੜ ਦੇ ਆਰੇ ਦੇ ਅੰਦਰ ਨਿਹੱਥਾ ਬੈਠਾ ਸੀ। ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਸਭਾ ਦੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਭਾਈ ਹਰਮਿੰਦਰ ਸਿੰਘ ਚਲੂਪਰ ਦੀ ਸ਼ਹੀਦੀ ਨੂੰ ਪੁਲਿਸ ਵਲੋਂ ਕੀਤਾ ਨੰਗਾ ਚਿੱਟਾ ਕਤਲ ਦੱਸਿਆ ਹੈ।

5 ਫਰਵਰੀ 1986 ਨੂੰ ਉਸ ਸਮੇਂ ਸਥਿਤੀ ਹੋਰ ਵਿਗੜ ਗਈ ਜਦੋਂ ਫਾਇਰਿੰਗ ਵਿੱਚ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੀ ਅਸਲ ਪਹਿਚਾਣ ਹੋਣ ਦੇ ਬਾਵਜੂਦ ਸਰਕਾਰੀ ਅਧਿਕਾਰੀਆਂ ਵਲੋਂ ਇਨ੍ਹਾਂ ਸ਼ਹੀਦਾਂ ਦੇ ਸਰੀਰਾਂ ਨੂੰ ਅਣਪਛਾਤੇ ਅਤੇ ਲਾਵਾਰਿਸ ਕਰਾਰ ਦੇ ਕੇ ਆਪ ਹੀ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਮੌਕੇ ਦੇ ਐੱਸਡੀਐੱਮ ਨੇ ਆਪਣੇ ਬਿਆਨ ਵਿੱਚ ਕਿਹਾ ਕਿ 3 ਮ੍ਰਿਤਕ ਸਰੀਰਾਂ ਦੀ ਪਹਿਚਾਣ ਉਨ੍ਹਾਂ ਦੇ ਅੰਤਿਮ ਸੰਸਕਾਰ ਤੋਂ ਇੱਕ ਸ਼ਾਮ ਪਹਿਲਾਂ ਹੀ ਹੋ ਗਈ ਸੀ। 2 ਪੋਸਟਮਾਰਟਮ ਰਿਪੋਰਟਾਂ ਸਿੱਧ ਕਰਦੀਆਂ ਹਨ ਕਿ ਮ੍ਰਿਤਕ ਦੇਹਾਂ ਦੀ ਪਹਿਚਾਣ ਬਾਰੇ ਸਰਕਾਰੀ ਅਧਿਕਾਰੀਆਂ ਨੇ ਸਰਾਸਰ ਝੂਠ ਬੋਲਿਆ। ਪੋਸਟਮਾਰਟਮ ਦੀਆਂ ਰਿਪੋਰਟਾਂ ਉਤੇ ਸ਼ਹੀਦਾਂ ਦੇ ਨਾਮ ਲਿਖੇ ਹੋਏ ਹਨ। ਇੱਥੋਂ ਤੱਕ ਕਿ ਪੋਸਟਮਾਰਟਮ ਵੀ ਅੱਧੀ ਰਾਤ ਨੂੰ ਕੀਤੇ ਗਏ।

ਇਸ ਕਾਰਵਾਈ ਵਿਰੁੱਧ ਰੋਸ ਵਜੋਂ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ, ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਚਰਨ ਸਿੰਘ ਜੀ ਮੁਹਾਲੋਂ, ਤਿੰਨ ਅਕਾਲੀ ਵਿਧਾਇਕਾਂ ਸੁਰਜੀਤ ਸਿੰਘ ਮਿਨਹਾਸ, ਕੁਲਦੀਪ ਸਿੰਘ ਵਡਾਲਾ ਤੇ ਸ. ਸੁਰਿੰਦਰਪਾਲ ਸਿੰਘ ਥੰਮਣਵਾਲ ਅਤੇ ਲੋਕਲ ਜਥੇਦਾਰਾਂ ਨੇ ਥਾਣਾ ਨਕੋਦਰ ਵਿਖੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਪੰਜਾਬ ਸਰਕਾਰ ਨੇ ਸੰਗਤਾਂ ਦੇ ਦਬਾਅ ਥੱਲੇ ਝੁਕਦਿਆਂ ਖਜਾਨਾ ਮੰਤਰੀ ਬਲਵੰਤ ਸਿੰਘ ਨੂੰ ਨਕੋਦਰ ਭੇਜਿਆ ਜਿਸ ਨੇ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਸਿੰਘਾਂ ਨੂੰ ਰਿਹਾਅ ਕਰਨ ਅਤੇ ਉਨ੍ਹਾਂ 'ਤੇ ਪਾਏ ਝੂਠੇ ਮੁਕੱਦਮੇ ਵਾਪਸ ਲਏ ਅਤੇ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ।

ਇਸ ਕਮਿਸ਼ਨ ਨੇ 2 ਫਰਵਰੀ ਤੋਂ 5 ਫਰਵਰੀ 1986 ਤੱਕ ਦੀਆਂ ਘਟਨਾਵਾਂ ਦੀ ਜਾਂਚ ਕਰਕੇ ਪੰਜਾਬ ਸਰਕਾਰ ਨੂੰ ਆਪਣੀ ਰਿਪੋਰਟ 31 ਅਕਤੂਬਰ 1986 ਨੂੰ ਸੌਂਪ ਦਿੱਤੀ ਸੀ।

ਪੰਜਾਬ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਵਲੋਂ ਕੀਤੀ ਅਦਾਲਤੀ ਜਾਂਚ ਅਜੇ ਤੱਕ ਵੀ ਜਨਤਕ ਨਹੀਂ ਕੀਤੀ। ਜਿਹੜੇ ਅਨਸਰਾਂ ਨੇ ਗੁਰੂ ਗਰੰਥ ਸਾਹਿਬ ਜੀ ਦੀਆਂ ਬੀੜਾਂ ਜਲਾਈਆਂ ਅਤੇ ਜਿਨ੍ਹਾਂ ਪੁਲਿਸ ਵਾਲਿਆਂ ਨੇ ਸਿੱਖ ਨੌਜਵਾਨਾਂ ਦੇ ਕਤਲ ਕੀਤੇ ਅਤੇ ਕਰ ਰਹੇ ਹਨ, ਨੂੰ ਕੋਈ ਸਜਾ ਨਹੀਂ ਦਿੱਤੀ ਗਈ।

ਇਸ ਤੋਂ ਵੱਧ ਸ਼ਰਮ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ (ਅ) ਕਾਲੀ ਦਲ ਬਾਦਲ ਜੋ ਕੇ ਆਪਣੇ ਆਪ ਨੂੰ ਅਖੌਤੀ ਪੰਥਕ ਸਰਕਾਰ ਹੋਣ ਦਾ ਦਾਅਵਾ ਕਰਦੀ ਹੈ, ਨੇ ਇਜ਼ਹਾਰ ਆਲਮ ਅਤੇ ਇਸ ਦੀ ਪਤਨੀ ਨੂੰ ਉੱਚੇ ਅਹੁਦਿਆਂ ਨਾਲ ਨਿਵਾਜਿਆ। ਇਹ ਓਹੀ ਡੀਜੀਪੀ ਇਜ਼ਹਾਰ ਆਲਮ ਹੈ ਜੋ ਕਿ ਇਸ ਸਾਕੇ ਲਈ ਸਿੱਧੇ ਤੌਰ 'ਤੇ ਜਿੰਮੇਵਾਰ ਹੈ। ਇਜ਼ਹਾਰ ਆਲਮ ਦੀ ਪਤਨੀ ਨੂੰ ਬਾਦਲ ਦਲ ਨੇ ਮਾਲੇਰਕੋਟਲਾ ਤੋਂ ਐੱਮਐਲਏ ਦੀ ਟਿਕਟ ਦਿੱਤੀ ਸੀ। ਆਲਮ ਅੱਜ ਕਲ ਅਕਾਲੀ ਦਲ ਬਾਦਲ ਦਾ ਸੀਨੀਅਰ ਮੀਤ ਪ੍ਰਧਾਨ ਹੈ।

ਏਡੀਸੀ ਦਰਬਾਰਾ ਸਿੰਘ ਗੁਰੂ, ਜੋ ਇਸ ਸਾਕੇ ਲਈ ਸਿੱਧੇ ਤੌਰ ਉਤੇ ਜਿੰਮੇਵਾਰ ਹੈ ਅਤੇ ਇੱਕ ਪਤਿਤ ਸਿੱਖ ਹੈ, ਨੂੰ ਪੰਥਕ ਵਿਰੋਧ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਦਲ ਦੇ ਹੁਕਮ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਮੈਂਬਰ ਸਕੱਤਰ ਨਿਯੁਕਤ ਕੀਤਾ ਹੈ। ਉਹ ਅੱਜ ਕੱਲ੍ਹ ਅਕਾਲੀ ਦਲ ਬਾਦਲ ਦਾ ਸੀਨੀਅਰ ਮੀਤ ਪ੍ਰਧਾਨ ਹੈ ਅਤੇ ਇਸ ਨੂੰ ਬਾਦਲ ਦਲ ਨੇ ਬੱਸੀ ਪਠਾਣਾਂ ਤੋਂ ਐੱਮਐਲਏ ਦੀ ਟਿਕਟ ਵੀ ਦਿੱਤੀ ਸੀ। ਇਜ਼ਹਾਰ ਆਲਮ ਐੱਸਐੱਸਪੀ, ਡੀਜੀਪੀ ਬਣ ਕੇ ਰਿਟਾਇਰ ਹੋਇਆ।ਜਸਕੀਰਤ ਸਿੰਘ ਐੱਸਐਚਓ, ਐੱਸਪੀ ਬਣ ਕੇ ਰਿਟਾਇਰ ਹੋਇਆ ।ਸਵਰਨ ਘੋਟਣਾ ਡੀਐੱਸਪੀ, ਐੱਸਐੱਸਪੀ ਬਣਕੇ ਰਿਟਾਇਰ ਹੋਇਆ।

28 ਅਗਸਤ 2018 ਨੂੰ ਪੰਜਾਬ ਵਿਧਾਨ ਸਭਾ ਦੇ ਬੇਅਦਬੀਆਂ ਸਬੰਧੀ ਖਾਸ ਸੈਸ਼ਨ ਵਿਚ ਆਮ ਆਦਮੀ ਪਾਰਟੀ ਦੇ ਐੱਮਐਲਏ ਹਰਵਿੰਦਰ ਸਿੰਘ ਫੂਲਕਾ ਅਤੇ ਕੰਵਰ ਸੰਧੂ ਨੇ ਸਾਕਾ ਨਕੋਦਰ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਵਿਧਾਨ ਸਭਾ ਵਿੱਚ ਰੱਖਣ, ਇਸ 'ਤੇ ਕਾਰਵਾਈ ਕਰਨ ਅਤੇ ਦੋਸ਼ੀਆਂ ਨੂੰ ਸਜਾ ਦੇਣ ਦੀ ਪੰਜਾਬ ਸਰਕਾਰ, ਮੁੱਖ ਮੰਤਰੀ ਅਤੇ ਰਾਜਪਾਲ ਪੰਜਾਬ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਸੀ ਪਰ ਅਜੇ ਤੱਕ ਪੰਜਾਬ ਸਰਕਾਰ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ।

2 ਅਕਤੂਬਰ 2018 ਨੂੰ ਆਮ ਆਦਮੀ ਪਾਰਟੀ ਦੇ ਐੱਮਐਲਏ ਕੰਵਰ ਸੰਧੂ ਨੇ ਆਪਣੇ ਪੁਰਾਣੇ ਰਿਕਾਰਡ ਵਿਚੋਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਸਬੰਧੀ ਰਿਪੋਰਟ ਜੋ ਕੇ 24 ਮਾਰਚ 1987 ਦੀ ਅੰਗਰੇਜ਼ੀ ਟ੍ਰਿਬਿਊਨ ਅਖਬਾਰ ਵਿੱਚ ਪਹਿਲੇ ਪੰਨੇ ਤੇ ਪ੍ਰਕਾਸ਼ਤ ਹੋਈ ਸੀ, ਲੱਭ ਲਈ। ਇਹ ਰਿਪੋਰਟ ਉਨ੍ਹਾਂ ਨੇ ਕਿਸੇ ਉੱਚ ਅਫਸਰ ਦੇ ਦਫਤਰ ਵਿੱਚ ਪੱਤਰਕਾਰ ਹੋਣ ਦੇ ਨਾਤੇ ਪ੍ਰਾਪਤ ਕਰਕੇ ਲਿਖੀ ਸੀ। ਉਨ੍ਹਾਂ ਦੀ ਇਸ ਲਿਖਤ ਵਿੱਚ ਬਿਲਕੁਲ ਸਾਫ ਹੈ ਕਿ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਮੰਨਿਆ ਹੈ ਕਿ ਪੁਲਿਸ ਦੀ ਕਾਰਵਾਈ ਬਿਲਕੁਲ ਬੇਲੋੜੀ ਅਤੇ ਨਜਾਇਜ਼ ਸੀ। ਪੁਲਿਸ ਅਤੇ ਪ੍ਰਸ਼ਾਸ਼ਨ ਸਿੱਖ ਨੌਜਵਾਨਾਂ ਦੇ ਕਤਲ ਲਈ ਜ਼ਿੰਮੇਵਾਰ ਹੈ। ਐੱਸਐੱਸਪੀ ਇਜ਼ਹਾਰ ਆਲਮ, ਏਡੀਸੀ ਦਰਬਾਰਾ ਗੁਰੂ, ਜਸਕੀਰਤ ਸਿੰਘ ਇੰਸਪੈਕਟਰ ਅਤੇ ਏਕੇ ਸ਼ਰਮਾ ਐੱਸਪੀ (ਅਪ੍ਰੇਸ਼ਨ) ਸੀਆਰਪੀ ਨੇ ਝੂਠੀਆਂ ਰਿਪੋਰਟਾਂ ਲਿਖੀਆਂ ਸਨ। ਕੰਵਰ ਸੰਧੂ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ, ਫੇਸ ਬੁੱਕ 'ਤੇ ਲਾਈਵ ਹੋ ਕੇ ਅਤੇ ਖ਼ਬਰ ਮੀਡੀਆ ਰਾਹੀਂ ਮੰਗ ਕੀਤੀ ਸੀ ਕਿ ਸਰਕਾਰ ਆ ਰਹੇ ਵਿਧਾਨ ਸਭਾ ਸੈਸ਼ਨ ਵਿੱਚ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ, ਇਸ 'ਤੇ ਕੀਤੀ ਕਾਰਵਾਈ ਦੀ ਰਿਪੋਰਟ (Action Taken Report) ਦੇ ਨਾਲ ਰੱਖੇ, ਖਾਸ ਜਾਂਚ ਟੀਮ (Special Invisigation Team) ਬਣਾ ਕੇ ਦੋਸ਼ੀ ਪੁਲਿਸ ਅਫਸਰਾਂ 'ਤੇ ਮੁਕੱਦਮੇ ਦਰਜ ਕਰਕੇ ਬਣਦੀ ਕਾਰਵਾਈ ਕਰੇ, ਪੀੜਤ ਪਰਿਵਾਰਾਂ ਤੋਂ ਮੁਆਫੀ ਮੰਗੇ ਅਤੇ ਪਰਿਵਾਰਾਂ ਨੂੰ ਬਣਦਾ ਹਰਜਾਨਾ ਦੇਵੇ।

ਦਸੰਬਰ 2018 ਦੇ ਪਹਿਲੇ ਦੋ ਹਫਤੇ ਲੋਕ ਸਭਾ ਦੀ ਕਾਰਵਾਈ ਲਗਾਤਾਰ ਠੱਪ ਹੋਣ ਅਤੇ ਸਦਨ ਅੰਦਰ ਸਾਕਾ ਨਕੋਦਰ ਸਬੰਧੀ ਮੁੱਦਾ ਨਾ ਉਠਾਏ ਜਾਣ ਕਾਰਨ, 19 ਦਸੰਬਰ 2018 ਨੂੰ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰਕੇ ਸਾਕਾ ਨਕੋਦਰ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਦੀ ਰਿਪੋਰਟ ਅਜੇ ਤੱਕ ਨਸ਼ਰ ਨਾ ਕਰਨ ਅਤੇ ਦੋਸ਼ੀਆਂ ਨੂੰ ਜੁਲਮ ਦੇ ਕਟਿਹਰੇ ਵਿਚ ਖੜ੍ਹਾ ਕਰਕੇ ਸਜਾਵਾਂ ਨਾ ਦੇਣ ਵਿਰੁੱਧ, ਪੰਜਾਬ ਸਰਕਾਰ ਦੀ ਮੁਜ਼ਰਮਾਨਾਂ ਉਦਾਸੀਨਤਾ ਤੇ ਪਹੁੰਚ ਦੇ ਖਿਲਾਫ ਇਨਸਾਫ ਦੀ ਮੰਗ ਕਰਦੇ ਹੋਏ ਇਸ ਸਬੰਧ ਵਿਚ ਨਿਰਦੋਸ਼ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਸਜਾਵਾਂ ਦੇਣ ਲਈ ਪੰਜਾਬ ਸਰਕਾਰ ਨੂੰ ਸਖਤ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਬੇਨਤੀ ਕੀਤੀ। ਸ੍ਰੀ ਰਾਜਨਾਥ ਸਿੰਘ ਨੇ ਤੁਰੰਤ ਆਪਣੇ ਸੈਕਟਰੀ ਨੂੰ ਬੁਲਾ ਕੇ ਪੰਜਾਬ ਸਰਕਾਰ ਦੀ ਇਸ ਗੈਰ-ਸੰਜੀਦਗੀ ਨੂੰ ਲੈ ਕੇ ਤੁਰੰਤ ਕਾਰਵਾਈ ਕਰਨ ਲਈ ਪੰਜਾਬ ਸਰਕਾਰ ਨੂੰ ਚਿੱਠੀ ਲਿਖਣ ਲਈ ਕਿਹਾ ਅਤੇ ਰਿਪੋਰਟ ਭੇਜਣ ਲਈ ਹੁਕਮ ਦਿੱਤੇ ਸਨ। ਹੁਣ ਸਰਕਾਰ ਕੋਈ ਕਾਰਵਾਈ ਕਰਦੀ ਹੈ ਕਿ ਨਹੀਂ ਇਹ ਆਉਣ ਵਾਲਾ ਸਮਾਂ ਦੱਸੇਗਾ। ਪਰਿਵਾਰ ਪਿਛਲੇ 33 ਸਾਲਾਂ ਤੋਂ ਇਨਸਾਫ ਉਡੀਕ ਰਹੇ ਹਨ।

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SERVICE TRUST
SKYWAY TRAVEL
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



www.indiventy.com
indiventy
Indiventy Technologies
CERTIFIED ISO 9001:2015 COMPANY
Full Website for $300 Only
SEO UX HTML 5 CMS
No Hidden Charges

Our Services
Website Designing | Website Development
Desktop Application Development | Mobile Application Development
Graphic Designing | SEO (search Engine Optimiztation)

Plans

Basic website
- Website + Domain + Hosting
- Full Website with uptown 8 Pages
- 5 Social Media Handles of Choice up to 4 Branded Emails accounts with 250mb storage each
- Full Responsive Design
- SEO friendly Structure
- 200 Backlinks

$300

Custom websites
- Custom Web Solutions with Framework
- Full Responsive Design
- SEO friendly Structure
- Online Branding including logo and Graphic Support
- Virus Protection and Malware Scanning
- SSL Certificate
- 500 backlinks

Starting $500
*Request Custom Quotation

Softwares/Applications
- Android and IOS applications
- Desktop Applications
- Online Offline Softwares

Starting $500
*Request Custom Quotation

More Information: 775-293-4666





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.



ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536

## ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿਚ

## ਮਹਾਨ ਸ਼ਹੀਦੀ ਸਮਾਗਮ

**10 ਫਰਵਰੀ, 2019 ਐਤਵਾਰ**



ਭਾਈ ਰਵਿੰਦਰ ਸਿੰਘ ਲਿੱਤਰਾਂ | ਭਾਈ ਹਰਮਿੰਦਰ ਸਿੰਘ ਚਲੂਪੁਰ | ਭਾਈ ਬਲਧੀਰ ਸਿੰਘ ਰਾਮਗੜ੍ਹ | ਭਾਈ ਝਿਲਮਣ ਸਿੰਘ ਗੋਰਸੀਆਂ

ਸਿੱਖ ਪੰਚਾਇਤ ਵੱਲੋਂ ਫਰੀਮੌਂਟ ਗੁਰਦੁਆਰਾ ਸਾਹਿਬ ਵਿੱਚ ਸਾਕਾ ਨਕੋਦਰ ਦੇ ਮਹਾਨ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪਰ, ਭਾਈ ਬਲਧੀਰ ਸਿੰਘ ਰਾਮਗੜ੍ਹ, ਅਤੇ ਭਾਈ ਝਿਲਮਣ ਸਿੰਘ ਗੋਰਸੀਆਂ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ।

ਇਸ ਮਹਾਨ ਸ਼ਹੀਦੀ ਸਮਾਗਮ ਵਿਚ ਸਮੂਹ ਸੰਗਤ ਨੂੰ ਪਰਿਵਾਰ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 08 ਫਰਵਰੀ, 2019 ਦਿਨ ਸ਼ੁੱਕਰਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ : 10 ਫਰਵਰੀ, 2019 ਦਿਨ ਐਤਵਾਰ

ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ।

ਬੇਨਤੀ ਕਰਤਾ

**ਡਾਕਟਰ ਹਰਿੰਦਰ ਸਿੰਘ, ਭਾਈ ਰਾਮ ਸਿੰਘ, ਭਾਈ ਜਸਵਿੰਦਰ ਸਿੰਘ ਜੰਡੀ ਅਤੇ ਭਾਈ ਜਸਦੇਵ ਸਿੰਘ**

ਵਧੇਰੇ ਜਾਣਕਾਰੀ ਲਈ ਕਾਲ ਕਰ ਸਕਦੇ ਹੋ

**408 461-7071 & 510-790-0177**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.

Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1,2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਨ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਸਿੱਖ ਰਾਜਨੀਤੀ ਦਾ ਦੁਖਾਂਤ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਅਜਮੇਰ ਸਿੰਘ
ਤੀਜੇ ਘੱਲੂਘਾਰੇ ਤੋਂ ਬਾਅਦ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗ਼ਦਰੀ ਬਾਬੇ ਕੌਣ ਸਨ?
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA
FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Love's
Travel Stops & Country Stores

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਹਿੰਦੀ, ਹਿੰਦੂ, ਹਿੰਦੂਸਤਾਨ ਬਨਾਮ ਬ੍ਰਹਿਮੰਡੀ ਗੁਰਮਤਿ ਵਿਚਾਰਧਾਰਾ (2)

**ਭਾਈ ਗੁਰਦਰਸ਼ਨ ਸਿੰਘ**



*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਮੈਂ ਹੋਰ ਕਿਸੇ ਵੀ ਬੋਲੀ ਨੂੰ ਨਹੀਂ ਜਾਣਦਾ ਪਰ "ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ ॥" (ਰਾਗੁ ਬਸੰਤ-ਮ; ੧, ਅੰਗ ੧੧੭੧) ਭਾਵ ਪੰਡਿਤ ਜੇ ਤੂੰ ਵਿਦਵਾਨ ਦੇ ਸਿਆਣਾ ਹੈ ਤਾਂ ਤੂੰ ਰੱਬ ਦੇ ਦੋ ਅੱਖਰਾਂ ਨੂੰ ਆਪਣੇ ਜੀਵਨ ਦਾ ਅਧਾਰ ਬਣਾ। ਅੰਗਰੇਜ਼ੀ ਬੋਲੀ ਵਾਲਾ ਰੱਬ ਨੂੰ "ਲਾਰਡ" ਕਹਿ ਕੇ ਉਰਦੂ ਫਾਰਸੀ ਬੋਲਣ ਵਾਲਾ "ਖੁਦਾ ਜਾਂ ਅੱਲ੍ਹਾ" ਕਹਿ ਕੇ, ਹਿੰਦ-ਸੰਸਕ੍ਰਿਤ ਬੋਲਣ ਵਾਲਾ "ਪ੍ਰਭੂ" ਕਹਿ ਕੇ, ਪੰਜਾਬੀ ਬੋਲਣ ਵਾਲਾ "ਰੱਬ" ਕਹਿ ਕੇ ਪ੍ਰਮਾਤਮਾ ਦੀ ਵਡਿਆਈ ਕਰਦਾ ਹੈ।

ਜੇਕਰ ਭਾਰਤੀ ਗਣਰਾਜ ਦੇ ਹੁਕਮਰਾਨਾਂ ਨੇ ਭਾਸ਼ਾ ਦੇ ਅਧਾਰ 'ਤੇ ਰਾਜਾਂ ਦੀ ਵੰਡ ਨਾ ਕੀਤੀ ਹੁੰਦੀ ਤਾਂ ਪੰਜਾਬੀ ਬੋਲਦੇ ਇਲਾਕਿਆਂ ਬਾਰੇ ਕਦੇ ਵੀ ਝਗੜਾ ਪੈਦਾ ਨਾ ਹੁੰਦਾ। ਅੱਜ ਫਿਰ ਸੰਘਵਾਦੀ ਜੋ ਹਿੰਦੀ ਭਾਸ਼ਾ ਨੂੰ ਲਾਗੂ ਕਰਨ ਲਈ ਕਾਹਲੇ ਹਨ, ਤਾਂ ਇਹ ਭਾਰਤੀ ਗਣਰਾਜ ਵਿੱਚ ਬਦ-ਅਮਨੀ ਹੀ ਪੈਦਾ ਕਰਨਗੇ ਜਿਸ ਨਾਲ ਸ਼ਾਂਤੀ ਭੰਗ ਹੋਵੇਗੀ। ਸੰਘਵਾਦੀਆਂ ਵਲੋਂ ਇਹ ਕਹਿਣਾ ਕਿ ਭਾਰਤੀ ਗਣਰਾਜ ਵਿੱਚ ਰਹਿਣ ਵਾਲੇ ਸਾਰੇ ਹਿੰਦੂ ਹਨ, ਬ੍ਰਹਿਮੰਡੀ ਗੁਰਮਤਿ ਵਿਚਾਰਧਾਰਾ ਤੋਂ ਉਲਟ ਹੈ। ਗੁਰਮਤਿ ਵਿਚਾਰਧਾਰਾ ਉਪਦੇਸ਼ ਕਰਦੀ ਹੈ ਕਿ -

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥ ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ॥ ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ ॥ ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥

ਦਸਮ ਬਾਣੀ -ਅਕਾਲ ਉਸਤਤਿ, ਪੰਨਾ ੧੪,

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥

ਰਾਗੁ ਪ੍ਰਭਾਤੀ-ਭਗਤ ਕਬੀਰ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ ੧੩੪੯,

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥

ਰਾਗੁ ਰਾਮਕਲੀ-ਮ; ੫-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੮੮੫।

ਗੁਰਮਤਿ ਵਿਚਾਰਧਾਰਾ ਅਨੁਸਾਰ ਭਾਵੇਂ ਕੋਈ ਰਾਮ ਕਹੇ, ਭਾਵੇਂ ਕੋਈ ਅਲਹ ਕਹੇ, ਕੋਈ ਤੀਰਥਾਂ ਦੇ ਇਸ਼ਨਾਨ ਕਰੇ, ਕੋਈ ਹੱਜ ਕਰੇ, ਕੋਈ ਪੂਜਾ ਕਰੇ, ਕੋਈ ਨਮਾਜ ਪੜ੍ਹੇ, ਕੋਈ ਬੇਦ ਪੜ੍ਹੇ, ਕੋਈ ਕੁਰਾਨ, ਤੋਰੇਤ, ਅੰਜੀਲ ਪੜ੍ਹੇ, ਕੋਈ ਨੀਲੇ ਲਾਲ ਹਰੇ ਕੱਪੜੇ ਪਾਵੇ, ਕੋਈ ਚਿੱਟੇ ਪੀਲੇ ਪਾਏ, ਕਿਸੇ ਨਾਲ ਕੋਈ ਵੈਰ ਭਾਵ ਨਹੀਂ, ਕੋਈ ਨਫ਼ਰਤ ਨਹੀਂ। ਪ੍ਰਮਾਤਮਾ ਦੇ ਦਰ 'ਤੇ ਉਹੀ ਪ੍ਰਵਾਨ ਹੈ ਜੋ ਉਸ ਦੇ ਹੁਕਮ ਅੰਦਰ ਚੱਲਦਾ ਹੈ ਪਰ ਜੇਕਰ ਕੋਈ ਵਿਸ਼ੇਸ਼ ਵਰਗ ਆਪਣੇ ਆਪ ਨੂੰ ਉੱਚਾ ਜਾਂ ਵਿਸ਼ੇਸ਼ ਅਖਵਾਉਂਦਾ ਹੈ, ਤਾਂ ਗੁਰਮਤਿ ਵਿਚਾਰਧਾਰਾ ਸਪੱਸ਼ਟ ਉਪਦੇਸ਼ ਦਿੰਦੀ ਹੈ ਕਿ ਮਾਤਾ ਦੇ ਗਰਭ ਅੰਦਰ ਬੱਚੇ ਦੀ ਕੋਈ ਜਾਤ ਜਾਂ ਵੰਸ਼ ਨਹੀਂ ਹੁੰਦਾ

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥

ਰਾਗੁ ਗਉੜੀ-ਭਗਤ ਕਬੀਰ ਜੀ- ਅੰਗ ੩੨੪।

ਉੱਚ ਜਾਤੀ ਦੇ ਹੰਕਾਰ ਵਾਲਿਆਂ ਨੂੰ ਗੁਰਮਤਿ ਵਿਚਾਰਧਾਰਾ ਦਾ ਸਪੱਸ਼ਟ ਸੁਨੇਹਾ ਹੈ ਕਿ ਜਿਸ ਤਰ੍ਹਾਂ ਇੱਕ ਅਖੌਤੀ ਨੀਵੀਂ ਜਾਤ ਦਾ ਜਨਮ ਲੈਂਦਾ ਹੈ ਉਸੇ ਤਰ੍ਹਾਂ ਅਖੌਤੀ ਉਚ ਜਾਤੀ ਵਾਲੇ ਦਾ ਜਨਮ ਹੁੰਦਾ ਹੈ; ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ਤਉ ਆਨ ਬਾਟ ਕਾਹੇ ਨਹੀ ਆਇਆ ॥ ਰਾਗੁ ਗਉੜੀ-ਭਗਤ ਕਬੀਰ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੩੨੪।

ਗੁਰਮਤਿ ਵਿਚਾਰਧਾਰਾ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥" (ਰਾਗੁ ਧਨਾਸਰੀ-ਮ; ੫-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੬੭੧) ਦੀ ਹੈ ਪਰ ਜੇਕਰ ਕੋਈ ਵਿਸ਼ੇਸ਼ ਵਰਗ ਰਾਜ ਸੱਤਾ ਦੇ ਜ਼ੋਰ ਨਾਲ ਦੂਸਰੇ ਮੁਲਕਾਂ ਨਾਲ ਧੱਕੇਸ਼ਾਹੀ, ਛਲ ਕਪਟ ਜਾਂ ਜ਼ੁਲਮ ਨਾਲ ਆਪਣੀ ਵਿਚਾਰਧਾਰਾ ਜਾਂ ਕਰਮ ਕਾਂਡ ਥੋਪਣਾ ਚਾਹੇ ਤਾਂ ਉਸ ਨੂੰ ਦੁਰਕਾਰ ਦੇਣ ਦਾ ਹੋਕਾ ਵੀ ਦਿੰਦੀ ਹੈ। ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣ ਦਾ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਗੁਰੂ ਤੇਗ ਬਹਾਦੁਰ ਜੀ ਨੇ ਔਰੰਗਜੇਬ ਵਲੋਂ ਪੰਡਿਤਾਂ ਦੇ ਜਨੇਊ ਜਬਰ ਜੋਰ ਨਾਲ ਉਤਾਰੇ ਜਾਣ ਵਿਰੁੱਧ ਆਪਣੀ ਸ਼ਹਾਦਤ ਵੀ ਦਿੱਤੀ ਸੀ। "ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥" (ਰਾਗੁ ਕਾਨੜਾ-ਮ; ੫-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ ੧੨੯੯) ਦਾ ਸੰਦੇਸ਼ ਦੇਣ ਵਾਲੀ ਗੁਰਮਤਿ ਵਿਚਾਰਧਾਰਾ "ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥" (ਰਾਗੁ ਭੈਰ-ਭਗਤ ਕਬੀਰ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ ੧੧੫੮) ਦਾ ਸੁਨੇਹਾ ਵੀ ਦਿੰਦੀ ਹੈ। "ਹਿੰਦੂ ਅੰਨਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥" (ਰਾਗੁ ਗੋਂਡ-ਭਗਤ ਨਾਮਦੇਵ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੮੭੪) ਦਾ ਉਪਦੇਸ਼ ਕਰਦੀ ਗੁਰਮਤਿ ਵਿਚਾਰਧਾਰਾ ਆਖਦੀ ਹੈ ਕਿ "ਹਿੰਦੂ ਇੱਕ ਪ੍ਰਮਾਤਮਾ ਦੀ ਭਗਤੀ ਭੁੱਲ ਕੇ ਬ੍ਰਹਮਾ ਪੁੱਤਰ ਨਾਰਦ ਦੇ ਕਹੇ ਅਨੁਸਾਰ ਬੁੱਤਾਂ ਅਤੇ ਪੱਥਰਾਂ ਦੀ ਪੂਜਾ ਕਰਦੇ ਹਨ, ਤੀਰਥਾਂ ਦੇ ਇਸ਼ਨਾਨ, ਧੂਪ, ਸੁੰਗਧੀਆਂ, ਦੀਵਿਆਂ ਨਾਲ ਮੂਰਤੀਆਂ ਦੀ ਪੂਜਾ ਕਰਦੇ ਹਨ ਪਰ ਕੀ ਪ੍ਰਮਾਤਮਾ ਕੇਵਲ ਮੰਦਿਰਾਂ 'ਚ ਹੀ ਵੱਸਦਾ ਹੈ?" ਨਹੀਂ ਗੁਰਮਤਿ ਵਿਚਾਰਧਾਰਾ ਅਨੁਸਾਰ ਜਿਸ ਤਰ੍ਹਾਂ ਘੁਮਿਆਰ ਇੱਕੋ ਮਿੱਟੀ ਦੇ ਵੱਖੋ ਵੱਖਰੇ ਭਾਂਡੇ ਬਣਾਉਂਦਾ ਹੈ ਉਸੇ ਤਰ੍ਹਾਂ ਪ੍ਰਮਾਤਮਾ ਨੇ ਵੱਖੋ ਵੱਖਰੇ ਮਨੁੱਖ ਬਣਾਏ ਹਨ, "ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥" (ਰਾਗੁ ਪ੍ਰਭਾਤੀ-ਭਗਤ ਕਬੀਰ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੧੩੪੯), ਫਿਰ ਹਿੰਦੂ ਨੂੰ ਪਿਆਰ ਤੇ ਮੁਸਲਮਾਨ, ਇਸਾਈ, ਬੋਧੀ, ਜੈਨੀ, ਪਾਰਸੀ, ਸਿੱਖ ਤੇ ਦਲਿਤ ਨਾਲ ਨਫ਼ਰਤ ਕਿਉਂ? ਗੁਰਮਤਿ ਵਿਚਾਰਧਾਰਾ ਤਾਂ ਆਖਦੀ ਹੈ ਕਿ ਹੇ ਬੰਦੇ, ਤੂੰ ਆਪਣੀਆਂ ਅੱਖਾਂ 'ਤੇ ਪ੍ਰਭੂ ਪਿਆਰ ਦੀ ਐਨਕ ਲਗਾ ਕੇ ਦੇਖ ਤੈਨੂੰ ਹਿੰਦੂ, ਮੁਸਲਿਮ, ਇਸਾਈ, ਜੈਨੀ, ਬੋਧੀ, ਪਾਰਸੀ, ਸਿੱਖ ਤੇ ਦਲਿਤ ਸਾਰਿਆਂ ਅੰਦਰ ਹੀ ਪ੍ਰਮਾਤਮਾ ਨਜ਼ਰ ਆਵੇਗਾ, "ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥" (ਰਾਗੁ ਤਿਲੰਗ-ਭਗਤ ਕਬੀਰ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ ੭੨੭)।

ਭਾਰਤੀ ਗਣਰਾਜ ਵਿੱਚ ਰਹਿ ਰਹੇ ਵੱਖੋ ਵੱਖਰੇ ਧਰਮ, ਜਾਤ, ਨਸਲ ਦੇ ਲੋਕਾਂ ਨੂੰ ਹਿੰਦੂ ਐਲਾਨ ਕਰਕੇ ਸੱਤਾ ਦਾ ਸੁੱਖ ਭੋਗਣ ਵਾਲੀ ਸੋਚ ਮਨੂੰਵਾਦੀ ਤਾਂ ਹੋ ਸਕਦੀ ਹੈ ਗੁਰਮਤਿ ਵਿਚਾਰਧਾਰਾ ਨਹੀਂ। ਗੁਰਮਤਿ ਵਿਚਾਰਧਾਰਾ ਤਾਂ ਸਾਹਿਬ ਸ਼੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਸਮੇਂ ਮੁਸਲਮਾਨਾਂ ਨੂੰ ਸ਼੍ਰੀ ਹਰਿਗੋਬਿੰਦਪੁਰ ਸਾਹਿਬ ਵਿਖੇ ਮਸਜਿਦ ਬਣਾ ਕੇ ਦਿੰਦੀ ਹੈ, ਕਿਸ਼ਣਕੋਟ ਵਿਖੇ ਮੰਦਿਰ ਬਣਾ ਕੇ ਦਿੰਦੀ ਹੈ, ਮਹਾਰਾਜਾ ਰਣਜੀਤ ਸਿੰਘ ਸਮੇਂ ਹਿੰਦੂ ਮੰਦਿਰਾਂ ਨੂੰ ਸੋਨਾ ਭੇਟ ਕਰਦੀ ਹੈ। ਮੌਜੂਦਾ ਸਿੱਖ ਸੰਘਰਸ਼ ਸਮੇਂ ਬਾਬਾ ਠਾਹਰਾ ਸਿੰਘ ਜੀ ਵਲੋਂ ਗੁਰਦਾਸਪੁਰ ਜੇਲ੍ਹ ਵਿਖੇ ਮੰਦਿਰ ਬਣਾ ਕੇ ਦਿੰਦੀ ਹੈ ਪਰ ਮਨੂੰਵਾਦੀ ਸੋਚ ਬਾਬਰੀ ਮਸਜਿਦ ਢਾਹ ਕੇ, ਸ਼੍ਰੀ ਹਰਿਮੰਦਿਰ ਸਾਹਿਬ ਸਮੇਤ ਕਈ ਗੁਰਦੁਆਰਿਆਂ 'ਤੇ ਹਮਲੇ ਕਰਕੇ, ਇਸਾਈਆਂ ਦੇ ਚਰਚਾਂ ਨੂੰ ਅੱਗ ਦੇ ਹਵਾਲੇ ਕਰਦੀ ਹੈ। ਗੁਰਮਤਿ ਵਿਚਾਰਧਾਰਾ ਹਰੇਕ ਮਨੁੱਖ ਮਾਤਰ ਦੇ ਹੱਕਾਂ ਦੀ ਰਾਖੀ ਕਰਦੀ ਹੈ ਤੇ ਹਰੇਕ ਨੂੰ ਆਪਣੇ ਆਪਣੇ ਧਾਰਮਿਕ ਵਿਸ਼ਵਾਸ਼ ਅਨੁਸਾਰ ਪੂਜਾ ਪਾਠ ਕਰਨ ਦਾ ਹੱਕ ਦਿੰਦੀ ਹੈ।

ਉਂਝ ਆਪਣੇ ਆਪ ਨੂੰ ਕੇਵਲ ਹਿੰਦੂ ਅਖਵਾਉਣ ਦੀ ਵਿਚਾਰਧਾਰਾ ਦਾ ਖੰਡਣ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਵਿਚੋਂ ਬਾਹਰ ਆਉਂਦਿਆਂ ਹੀ "ਨਾ ਹਮ ਹਿੰਦੂ ਨਾ ਮੁਸਲਮਾਨ" ਕਹਿ ਕੇ ਕਰ ਦਿੱਤਾ ਸੀ। ਸੰਘਵਾਦੀ ਪ੍ਰਚਾਰਕਾਂ ਵਲੋਂ ੨੦੨੩ ਤੱਕ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰਨ ਦੇ ਬਿਆਨ ਦਿੱਤੇ ਜਾ ਰਹੇ ਹਨ ਅਤੇ ਭਾਰਤੀ ਗਣਰਾਜ ਦੇ ਮੌਜੂਦਾ ਸੰਵਿਧਾਨ ਨੂੰ ਬਦਲ ਕੇ ਮਨੂੰ ਸਮਰਿਤੀ ਪ੍ਰਣਾਲੀ ਵਿੱਚ ਤਬਦੀਲ ਕਰਨ ਲਈ ਕਿਹਾ ਜਾ ਰਿਹਾ ਹੈ ਜੋ ਮਨੁੱਖਾਂ ਦੀ ਵਰਣ-ਵੰਡ ਕਰਦਿਆਂ ਹੋਇਆਂ ਸਮਾਜ ਦੇ ਸਾਰੇ ਅਧਿਕਾਰ ਉੱਚ ਜਾਤੀ ਬ੍ਰਾਹਮਣਾਂ ਹੱਥ ਦੇ ਕੇ ਅਖੌਤੀ ਨੀਵੀਂ ਜਾਤੀਆਂ, ਘੱਟ ਗਿਣਤੀਆਂ ਅਤੇ ਔਰਤਾਂ ਦਾ ਹਰੇਕ ਤਰੀਕੇ ਨਾਲ ਸ਼ੋਸ਼ਣ ਕਰਨ ਦਾ ਅਧਿਕਾਰ ਦਿੰਦੀ ਹੈ। ਜਦਕਿ ਬ੍ਰਹਿਮੰਡੀ ਗੁਰਮਤਿ ਵਿਚਾਰਧਾਰਾ ਹਰੇਕ ਮਨੁੱਖ ਨੂੰ ਬਰਾਬਰਤਾ ਦਾ ਹੱਕ ਦਿੰਦੀ ਹੈ। ਗੁਰਮਤਿ ਵਿਚਾਰਧਾਰਾ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥" (ਸਿਰੀ ਰਾਗੁ-ਮ; ੧-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੧੫) ਕਹਿ ਕੇ ਅਖੌਤੀ ਨੀਚਾਂ ਨੂੰ ਵੀ ਵਡਿਆਈ ਬਖਸ਼ਿਸ਼ ਕਰਦੀ ਹੈ। ਕੁੱਝ ਸੰਘਵਾਦੀ ਵਿਦਵਾਨਾਂ ਦਾ ਕਹਿਣਾ ਹੈ ਕਿ ਭਾਰਤੀ ਗਣਰਾਜ ਦਾ ਪੁਰਾਣਾ ਨਾਮ ਹਿੰਦੂਸਤਾਨ ਹੈ।

ਉਹ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਉਚਾਰਣ ਬਾਣੀ ਦੀ ਤੁਕ "ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨੁ ਡਰਾਇਆ ॥" (ਰਾਗੁ ਆਸਾ-ਮ; ੧-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ -ਅੰਗ ੩੬੦) ਦਾ ਹਵਾਲਾ ਦਿੰਦੇ ਹਨ ਤੇ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਵੀ ਇਸ ਦੇਸ਼ ਨੂੰ ਹਿੰਦੂਤਸਾਨ ਕਿਹਾ ਹੈ। ਗੁਰਬਾਣੀ ਦੇ ਇਸ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਵਲੋਂ ਬਾਬਰ ਦਾ ਭਾਰਤੀ ਗਣਰਾਜ 'ਤੇ ਹਮਲੇ ਦਾ ਵਰਨਣ ਹੈ। ਗੁਰਬਾਣੀ ਸੂਝ-ਬੂਝ ਤੋਂ ਕੋਰੇ ਸੰਘਵਾਦੀ ਵਿਦਵਾਨਾਂ ਨੂੰ ਇੰਨੀ ਸਮਝ ਨਹੀਂ ਹੈ ਕਿ ਗੁਰੂ ਪਾਤਸ਼ਾਹ ਜੀ ਇੱਥੇ ਹਿੰਦੋਸਤਾਨ ਡਰਾਇਆ ਲਫ਼ਜ਼ ਦਾ ਅਰਥ ਭਾਰਤੀ ਗਣਰਾਜ ਦਾ ਉਹ ਇਲਾਕਾ ਕਰਦੇ ਹਨ ਜੋ ਦਿੱਲੀ ਤੋਂ ਲੈ ਕੇ ਪਟਨਾ ਅਤੇ ਦੱਖਣ ਨਰਮਦਾ ਨਦੀ ਕਿਨਾਰੇ ਤੱਕ ਜਾਂਦਾ ਹੈ। ਅਜੋਕੇ ਹਿੰਦੂ ਰਾਸ਼ਟਰ ਹਿੰਦੂਸਤਾਨ ਦੇ ਵਾਰਸਾਂ ਦੇ ਪੂਰਵਜ ਬਾਬਰ ਦੇ ਹਮਲੇ ਵੇਲੇ ਕਿਤੇ ਲੱਭਿਆਂ ਵੀ ਨਹੀਂ ਸੀ ਲੱਭਦੇ ਜਦੋਂ ਕਿ ਪੰਜਾਬ ਦੇਸ਼ ਦੇ ਮਹਾਨ ਸਪੂਤ ਇਲਾਹੀ ਮਰਦ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਲਲਕਾਰਿਆ ਸੀ ਤੇ ਕਿਹਾ ਸੀ "ਓਏ ਬਾਬਰ ਤੂੰ ਬਾਬਰ ਨਹੀ ਜਾਬਰ ਹੈ ਜਿਸ ਖੁਦਾ ਨੇ ਤੈਨੂੰ ਤਾਕਤ ਦਿੱਤੀ ਹੈ ਤੂੰ ਉਸੇ ਖੁਦਾ ਦੇ ਬਣਾਏ ਬੰਦਿਆਂ 'ਤੇ ਜ਼ੁਲਮ ਕਰਕੇ ਖੂਨ ਦੀਆਂ ਨਦੀਆਂ ਵਗਾ ਰਿਹਾ ਹੈ, ਜ਼ਰਾ ਹੋਸ਼ ਕਰ"। ਬਾਬਰ ਨੂੰ ਗੁਰੂ ਨਾਨਕ ਦੇਵ ਜੀ ਦੀ ਸਿੰਘ ਗਰਜ ਅੱਗੇ ਝੁਕਣਾ ਪਿਆ ਸੀ। ਗੁਰੂ ਨਾਨਕ ਦੇਵ ਜੀ ਦੇ ਕਹਿਣ 'ਤੇ ਹੀ ਬਾਬਰ ਨੇ ਅਜੋਕੇ ਹਿੰਦੂ ਰਾਸ਼ਟਰ ਦੇ ਪੂਰਵਜਾਂ ਅਖੌਤੀ ਸਾਧੂ, ਸੰਤਾਂ, ਜੋਗੀਆਂ ਅਤੇ ਪੰਡਿਤਾਂ ਨੂੰ ਜੇਲ੍ਹ ਵਿਚੋਂ ਰਿਹਾਅ ਕੀਤਾ ਸੀ ਨਹੀਂ ਤਾਂ ਉਹ ਵੀ ਹੋਰਨਾਂ ਵਾਂਗ ਮੌਤ ਦੇ ਘਾਟ ਉਤਾਰ ਦਿੱਤੇ ਜਾਂਦੇ।

ਗੁਰਮਤਿ ਦੀ ਵਿਚਾਰਧਾਰਾ ਕਿਸੇ ਵਿਸ਼ੇਸ਼ ਵਰਗ ਜਾਂ ਜਾਤੀ 'ਤੇ ਅਧਾਰਿਤ ਰਾਸ਼ਟਰ ਦੀ ਨਹੀਂ ਹੈ ਸਗੋਂ ਹਲੀਮੀ ਰਾਜ 'ਤੇ ਅਧਾਰਤਿ ਬੇਗਮਪੁਰਾ ਨਾਮ ਦੀ ਹੈ ਜਿੱਥੇ ਵੱਸਣ ਵਾਲਿਆਂ ਨੂੰ ਕੋਈ ਤਕਲੀਫ਼ ਜਾਂ ਚਿੰਤਾ ਨਾ ਹੋਵੇ, ਉਨ੍ਹਾਂ ਦੇ ਮਾਲ ਵਸਤ 'ਤੇ ਕਿਸੇ ਤਰ੍ਹਾਂ ਦੇ ਮੋਸੂਲ ਜਾਂ ਟੈਕਸ ਨਾ ਹੋਣ। ਅਜਿਹੇ ਰਾਜ ਦੇ ਵਾਸੀ ਨਿਡਰ ਹੋ ਕੇ ਵੱਸਦੇ ਹੋਣ ਤੇ ਕਿਸੇ ਝੂਠੇ ਮੁਕੱਦਮੇ ਕਾਰਨ ਉਨ੍ਹਾਂ ਦਾ ਤ੍ਰਹਿ ਨਾ ਨਿਕਲੇ ਸਗੋਂ ਉਨ੍ਹਾਂ ਨੂੰ ਯਕੀਨ ਹੋਵੇ ਕਿ ਪੂਰਾ ਨਿਆਂ ਹੋਵੇਗਾ। ਰਾਸ਼ਟਰ, ਧਰਮਾਂ-ਜਾਤਾਂ ਦੀ ਵੰਡ ਨਾ ਹੋਵੇ ਅਤੇ ਇਸ ਕਾਰਨ ਕਿਸੇ 'ਤੇ ਵੀ ਪਾਬੰਦੀ ਨਾ ਹੋਵੇ, ਅਮੀਰਾਂ ਨੂੰ ਲੁੱਟੇ ਜਾਣ ਦਾ ਡਰ ਤੇ ਗਰੀਬਾਂ ਨੂੰ ਭੁੱਖ ਦੀ ਚਿੰਤਾ ਨਾ ਹੋਵੇ। ਭਗਤ ਰਵਿਦਾਸ ਜੀ ਅਨੁਸਾਰ ਇਸ ਰਾਸ਼ਟਰ ਦਾ ਨਕਸ਼ਾ "ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥" (ਰਾਗੁ ਗਉੜੀ-ਭਗਤ ਰਵਿਦਾਸ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੩੪੫) ਵਾਲੇ ਸ਼ਬਦ ਵਿੱਚ ਹੈ। ਸਿੱਖ ਧਰਮ ਦੇ ਦਸਵੇਂ ਗੁਰੂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਬਾਣੀ ਵਿੱਚ ਕਿਤੇ ਵੀ ਸ਼ਬਦ ਭਾਰਤ ਜਾਂ ਹਿੰਦੂਸਤਾਨ ਨਹੀਂ ਆਇਆ ਸਗੋਂ ਭਾਰਤੀ ਗਣਰਾਜ ਦੇ ਦੇਸ਼ਾਂ ਦਾ ਵਰਨਣ ਵੱਖੋ ਵੱਖਰੇ ਨਾਂਅ ਨਾਲ ਆਉਂਦਾ ਹੈ ਇਸ ਸਬੰਧੀ ਉਨ੍ਹਾਂ ਦੀ ਬਾਣੀ ਅਕਾਲ ਉਸਤਤਿ ਦਾ ੨੫੪ਵਾਂ ਸ਼ਬਦ -

ਪੂਰਬੀ ਨ ਪਾਰ ਪਾਵੈ ਹਿੰਗੁਲਾ ਹਿਮਾਲੇ ਧਿਆਵੈ ਗੋਰਿ ਗਰਦੇਜੀ ਗੁਨ ਗਾਵੈ ਤੇਰੇ ਨਾਮ ਹੈਂ ॥

ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਧੈ ਆਰਬ ਕੇ ਆਰਬੀ ਅਰਾਧੈ ਤੇਰੇ ਨਾਮ ਹੈਂ ॥

ਫਰਾ ਕੇ ਫਿਰੰਗੀ ਮਾਨੈ ਕੰਧਾਰੀ ਕੁਰੈਸੀ ਜਾਨੈ ਪਛਮ ਕੇ ਪਛਮੀ ਪਛਾਨੈ ਨਿਜ ਕਾਮ ਹੈਂ ॥

ਮਰਹਟਾ ਮਘੇਲੇ ਤੇਰੀ ਮਨ ਸੋ ਤਪਸਿਆ ਕਰੈ ਦ੍ਰਿੜਵੈ ਤਿਲੰਗੀ ਪਹਚਾਨੇ ਧਰਮ ਧਾਮ ਹੈਂ ॥

ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾ ਵਾਲੀ ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ ॥ ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ ॥ ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਾਵੈ ਤਿਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ ॥

ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ ਸਰਬ ਧਨ ਧਾਮ ਫਲ ਫੂਲ ਸੋ ਫਲਤ ਹੈਂ॥

ਸ਼੍ਰੀ ਦਸਮ ਗ੍ਰੰਥ ਸਾਹਿਬ- ਸ਼੍ਰੀ ਅਕਾਲ ਉਸਤਤਿ ਵਿਚ ਪੜ੍ਹ ਸਕਦੇ ਹਾਂ। ਕਿਸੇ ਦੇਸ਼ ਦਾ ਕੋਈ ਵੀ ਨਾਮ ਰੱਖ ਲਿਆ ਹੋਵੇ ਕੋਈ ਫਰਕ ਨਹੀਂ ਪੈਂਦਾ। ਅਸਲ ਵਿੱਚ ਜੇ ਉਸ ਦੇਸ਼ 'ਤੇ ਰਾਜ ਕਰਨ ਵਾਲੇ ਰਾਜੇ ਗੁਰਮਤਿ ਵਿਚਾਰਧਾਰਾ "ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥" (ਰਾਗੁ ਮਾਰੂ-ਮ; ੧-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੧੦੮੮) ਅਨੁਸਾਰ ਨਹੀਂ ਹਨ, ਤਾਂ ਫਿਰ "ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥" ਅਨੁਸਾਰ ਜਿੱਥੇ ਮਾਇਆ ਦੇ ਲੋਭ ਕਾਰਨ ਆਪ ਦੁਖੀ ਹੁੰਦੇ ਹਨ ਉਥੇ ਸਾਰੀ ਪਰਜਾ ਨੂੰ ਵੀ ਦੁੱਖ ਦਿੰਦੇ ਹਨ। ਜਿਵੇਂ ਕਾਰੂ ਬਾਦਸ਼ਾਹ ਆਪਣੇ ਰਾਜ ਦੇ ਮੁਰਦਿਆਂ ਦੀਆਂ ਕਬਰਾਂ ਪੁੱਟ ਕੇ ਮੁਰਦਿਆਂ ਦੇ ਮੂੰਹ ਵਿਚੋਂ ਸੋਨੇ ਚਾਂਦੀ ਦੇ ਸਿੱਕੇ ਕੱਢ ਲੈਂਦਾ ਸੀ।

ਸੰਘੀ ਵਿਦਵਾਨ ਆਖਦੇ ਹਨ ਕਿ ਭਾਰਤ ਗਣਰਾਜ ਦਾ ਪੁਰਾਣਾ ਨਾਂਅ ਹਿੰਦੂਸਤਾਨ ਹੀ ਸੀ। ਤਾਂ ਕੀ ਇਸ ਦੇਸ਼ ਵਿੱਚ ਰਿਸ਼ੀ ਪਰਸ਼ਰਾਮ ਨੇ ਖੱਤਰੀਆਂ ਦੇ ਕਤਲ ਕਰਕੇ ਉਨ੍ਹਾਂ ਦੇ ਖੂਨ ਨਾਲ ਚੁਬੱਚੇ ਭਰ ਕੇ ੨੧ ਵਾਰ ਇਸ਼ਨਾਨ ਨਹੀਂ ਸੀ ਕੀਤਾ? ਕਿ ਸ਼੍ਰੀ ਰਾਮ ਚੰਦਰ ਜੀ ਨੇ ਅਖੌਤੀ ਸ਼ੂਦਰ ਰਿਸ਼ੀ ਸੰਬੂਕ ਦਾ ਕਤਲ ਨਹੀਂ ਸੀ ਕੀਤਾ? ਕੀ ਮੁਸਲਮਾਨ ਧਰਮ 'ਤੇ ਅਧਾਰਿਤ ਬਣੇ ਦੇਸ਼ ਪਾਕਿਤਸਾਨ, ਅਫ਼ਗਾਨਿਸਤਾਨ, ਇਰਾਕ, ਇਰਾਨ, ਸੀਰੀਆ, ਲੀਬੀਆ ਆਦਿ ਵਿੱਚ ਮੁਸਲਮਾਨਾਂ ਦੇ ਕਤਲ ਨਹੀਂ ਹੋ ਰਹੇ। ਇਸਾਈਅਤ ਧਰਮ 'ਤੇ ਅਧਾਰਿਤ ਅਮਰੀਕਾ, ਕੈਨੇਡਾ, ਫਰਾਂਸ, ਇੰਗਲੈਂਡ ਆਦਿ ਵਿੱਚ ਇਸਾਈਆਂ 'ਤੇ ਜ਼ੁਲਮ ਨਹੀਂ ਹੋ ਰਹੇ? ਬੁੱਧ ਧਰਮ 'ਤੇ ਅਧਾਰਤਿ ਜਾਪਾਨ, ਹਾਂਗਕਾਂਗ, ਸਿੰਘਾਪੁਰ, ਕੋਰੀਆ ਆਦਿ ਦੇਸ਼ਾਂ ਵਿੱਚ ਬੋਧੀਆਂ ਦੇ ਕਤਲ ਨਹੀਂ ਹੋ ਰਹੇ? ਰੱਬ ਨੂੰ ਨਾ ਮੰਨਣ ਵਾਲੇ ਕਾਮਰੇਡੀ ਦੇਸ਼ ਚੀਨ, ਰੂਸ, ਬੋਲੀਵੀਆ, ਕੁਰੇਸ਼ੀਆ, ਕਿਊਬਾ ਵਿੱਚ ਮਨੁੱਖਾਂ ਦੇ ਕਤਲ ਨਹੀਂ ਹੋ ਰਹੇ? ਫਿਰ ਕੀ ਗਰੰਟੀ ਹੈ ਕਿ ਭਾਰਤ ਗਣਰਾਜ ਦੇ ਸਾਰੇ ਵਸਨੀਕਾਂ ਦੀ ਭਾਸ਼ਾ ਹਿੰਦੀ ਕਰਕੇ ਉਨ੍ਹਾਂ ਦਾ ਧਰਮ ਹਿੰਦੂ ਬਣਾ ਕੇ ਹਿੰਦੂ ਰਾਸ਼ਟਰ ਹਿੰਦੂਸਤਾਨ ਵਿੱਚ ਹਿੰਦੂਆਂ ਦੇ ਕਤਲ ਨਹੀਂ ਹੋਣਗੇ? ਉਨ੍ਹਾਂ ਦੇ ਹੱਕਾਂ 'ਤੇ ਡਾਕੇ ਨਹੀਂ ਵੱਜਣਗੇ? ਆਮ ਕਹਾਵਤ ਹੈ, "ਜਿਸ ਨੇ ਖੁਦ ਦੁੱਖ ਸਹੇ ਹੋਣ ਉਹ ਦੂਜਿਆਂ ਨੂੰ ਦੁਖੀ ਨਹੀਂ ਕਰਦਾ, ਜਿਸ ਨੇ ਖੁਦ ਗੁਲਾਮੀ ਸਹੀ ਹੋਵੇ ਉਹ ਦੂਜਿਆਂ ਦੀ ਅਜ਼ਾਦੀ 'ਤੇ



ਡਾਕਾ ਨਹੀਂ ਮਾਰਦਾ।" ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਅਜੋਕੇ ਸੰਘਵਾਦੀਆਂ ਦੇ ਪੂਰਵਜ਼ਾਂ ਦੀ ਗੁਲਾਮੀ ਦਾ ਆਪਣੇ ਸਮੇਂ ਰਾਗ ਆਸਾ ਦੇ ਸ਼ਬਦ "ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥ ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥ ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥

ਰਾਗੁ ਆਸਾ-ਮ; ੧-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ ੪੭੧ ਅਤੇ ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥ ਪਉੜੀ ॥ ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥ ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥ ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥ ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥ ਦਰਿ ਮੰਗਨਿ ਭਿਖ ਨ ਪਾਇਦਾ ॥੧੬॥

ਰਾਗੁ ਆਸਾ-ਮ; ੧-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ ੪੭੨ ਵਿੱਚ ਬਾਖੂਬੀ ਬਿਆਨ ਕਰਦੇ ਹਨ। ਮੁਗਲ ਹਾਕਮਾਂ ਨੇ ਨਦੀ ਦਾ ਪੁਲ ਪਾਰ ਕਰਦਿਆਂ ਜਾਂ ਇਕ ਤੋਂ ਦੂਜੇ ਸ਼ਹਿਰ ਵੜਦਿਆਂ ਜੋ ਮਸੂਲੀਆ (ਟੈਕਸ ਲੈਣ ਵਾਲਾ) ਨਿਯੁਕਤ ਕੀਤਾ ਸੀ ਉਹ ਬ੍ਰਾਹਮਣ ਸੀ ਜੋ ਇੱਕ ਪਾਸੇ ਗਊ ਨੂੰ ਮਾਤਾ ਅਤੇ ਬ੍ਰਾਹਮਣ ਨੂੰ ਦੇਵਤਾ ਕਰਕੇ ਪੂਜਦੇ ਸਨ ਪਰ ਦੂਜੇ ਪਾਸੇ ਇਨ੍ਹਾਂ ਤੋਂ ਟੈਕਸ (ਮਸੂਲ) ਵੀ ਵਸੂਲਦੇ ਸਨ। ਇਹ ਮੱਥੇ 'ਤੇ ਟਿੱਕਾ, ਗਲ ਮਾਲਾ ਅਤੇ ਧੋਤੀ ਪਹਿਣ ਕੇ ਮੁਸਲਮਾਨਾਂ ਨੂੰ ਮਲੇਛ ਆਖਦੇ ਸਨ ਪਰ ਰਾਸ਼ਣ ਇਹਨ੍ਹਾਂ ਮੁਗਲਾਂ ਦਾ ਦਿੱਤਾ ਹੀ ਖਾਂਦੇ ਸਨ। ਇਹ ਬ੍ਰਾਹਮਣ ਘਰ ਅੰਦਰ ਹਿੰਦੂ ਰਹੁ ਰੀਤਾਂ ਕਰਦੇ ਸਨ ਪਰ ਬਾਹਰ ਮੁਸਲਮਾਨੀ ਰਹੁ ਰੀਤਾਂ ਅਨੁਸਾਰ ਕੁਰਾਨ ਹਦੀਸ ਪੜ੍ਹਦੇ ਸਨ। ਮੁਸਲਮਾਨਾਂ ਦੇ ਨੌਕਰ ਬ੍ਰਾਹਮਣ ਜੋ ਬ੍ਰਾਹਮਣਾਂ ਤੋਂ ਹੀ ਹਰੇਕ ਤਰ੍ਹਾਂ ਦਾ ਟੈਕਸ ਲਗਾ ਕੇ ਧਨ ਆਦਿ ਲੈਂਦੇ ਸਨ ਉਨ੍ਹਾਂ ਘਰ ਹੀ



ਬ੍ਰਾਹਮਣ ਪੂਜਾਰੀ ਆਦਿ ਆ ਕੇ ਸੰਖ ਵਜਾ ਕੇ ਭਿਖਿਆ ਪ੍ਰਾਪਤ ਕਰਕੇ ਖੁਸ਼ ਹੁੰਦੇ ਸਨ ਜੋ ਉਨ੍ਹਾਂ ਨੂੰ ਮੁਸਲਮਾਨਾਂ ਦੁਆਰਾ ਪ੍ਰਾਪਤ ਹੋਈ ਸੀ। ਗੁਰੂ ਨਾਨਕ ਸਾਹਿਬ ਇਸ ਸ਼ਬਦ ਵਿੱਚ ਆਖਦੇ ਹਨ ਕਿ ਉਸ ਸਮੇਂ ਹਿੰਦੂ ਬ੍ਰਾਹਮਣਾਂ ਦਾ ਸਾਰਾ ਪੂਜਾ-ਪਾਠ, ਵਣਜ-ਵਪਾਰ ਝੂਠ 'ਤੇ ਅਧਾਰਿਤ ਸੀ ਅਤੇ ਉਨ੍ਹਾਂ ਅੰਦਰੋਂ ਸ਼ਰਮ ਤੇ ਧਰਮ ਖ਼ਤਮ ਹੋ ਚੁੱਕਾ ਸੀ। ਇਹ ਹਿੰਦੂ ਬ੍ਰਾਹਮਣ ਮੁਸਲਮਾਨੀ ਧਰਮ ਅਨੁਸਾਰ ਨੀਲੇ ਕੱਪੜੇ ਪਹਿਨਦੇ ਸਨ।

ਹਿੰਦੀ ਸੰਸਕ੍ਰਿਤ ਨੂੰ ਛੱਡ ਕੇ ਅਰਬੀ ਫਾਰਸੀ ਪੜ੍ਹਦੇ ਸਨ ਅਤੇ ਕੁਰਾਨ ਦੀਆਂ ਆਇਤਾਂ ਪੜ੍ਹ ਕੇ ਹਲਾਲ ਹੋਏ ਬੱਕਰੇ ਨੂੰ ਖਾਂਦੇ ਸਨ ਅਤੇ ਦੂਜੇ ਪਾਸੇ ਗਾਂ ਦੇ ਗੋਹੇ ਨਾਲ ਲੇਪ ਕਰਕੇ ਲਕੀਰਾਂ ਕੱਢ ਕੇ ਆਪਣੀ ਰਸੋਈ ਸੁੱਚੀ ਕਰਦੇ ਸਨ। ਇਹ ਹਿੰਦੂ ਹਰੇਕ ਤਰ੍ਹਾਂ ਮੁਸਲਮਾਨੀ ਸ਼ਰ੍ਹਾ ਅਨੁਸਾਰ ਆਪਣੀ ਜੀਵਣ ਬਤੀਤ ਕਰਦੇ ਸਨ ਪਰ ਆਪਣੀ ਰਸੋਈ 'ਤੇ ਅਖੌਤੀ ਸ਼ੂਦਰਾਂ ਦਾ ਪਰਛਾਵਾਂ ਵੀ ਨਹੀਂ ਸਨ ਪੈਣ ਦਿੰਦੇ ਕਿ ਕਿਤੇ ਸਾਡਾ ਅੰਨ੍ਹ ਭਿੱਟਿਆ ਨਾ ਜਾਵੇ। ਅਨੇਕਾਂ ਤਰ੍ਹਾਂ ਦੇ ਕਰਮ ਕਾਂਡਾ ਰਾਹੀਂ ਇਹ ਹਿੰਦੂ ਬ੍ਰਾਹਮਣ ਆਪਣੇ ਆਪ ਨੂੰ ਸੁੱਚਾ ਕਰਦੇ ਸਨ। ਇਸ ਸ਼ਬਦ ਵਿੱਚ ਪਾਤਸ਼ਾਹ ਜੀ ਨੇ ਅਜਿਹੇ ਗੁਲਾਮ ਲੋਕਾਂ ਨੂੰ ਹਲੂਣਦਿਆਂ ਕਿਹਾ ਸੀ ਕਿ "ਪ੍ਰਭੂ ਦੀ ਬਣਾਈ ਖਲਕਤ ਨਾਲ ਵਿਤਕਰਾ ਕਰਨ ਵਾਲਿਉ ਜੇ ਪ੍ਰਮਾਤਮਾ ਨੇ ਤੁਹਾਡੇ ਤੋਂ ਆਪਣੀ ਮਿਹਰ ਦੀ ਨਜ਼ਰ ਪਰ੍ਹੇ ਕਰ ਲਈ ਤਾਂ ਫਿਰ ਦਰ ਦਰ ਭੀਖ ਮੰਗਦੇ ਫਿਰੋਗੇ ਤਾਂ ਵੀ ਤੁਹਾਨੂੰ ਕਿਸੇ ਨੇ ਭੀਖ ਨਹੀਂ ਦੇਣੀ।"

ਅੱਜ ਜੇਕਰ ਸੰਘਵਾਦੀ ਹਿੰਦੀ, ਹਿੰਦੂ, ਹਿੰਦੂਸਤਾਨ ਦਾ ਨਾਅਰਾ ਦੇ ਕੇ ਭਾਰਤੀ ਗਣਰਾਜ ਦੀਆਂ ਹੋਰ ਘੱਟ ਗਿਣਤੀ ਕੌਮਾਂ ਨੂੰ ਗੁਲਾਮੀ ਹੇਠ ਕਰਨਾ ਚਹੁੰਦੇ ਹਨ ਤਾਂ ਇਹ ਇਨ੍ਹਾਂ ਦੀ ਸਦੀਆਂ ਦੀ ਗੁਲਾਮੀ ਦਾ ਬਦਲਾ ਤਾਂ ਨਹੀਂ? ਸੰਘੀ ਵਿਦਵਾਨਾਂ ਵਲੋਂ ਇਹ ਕਹਿਣਾ ਕਿ ਸੰਸਕ੍ਰਿਤ ਦਾ (ਸ) ਫਾਰਸੀ ਦੇ (ਹ) 'ਚ ਤਬਦੀਲ ਹੋ ਜਾਂਦਾ ਹੈ ਜਿਸ ਤੋਂ ਹਿੰਦੀ , ਹਿੰਦੂ, ਹਿੰਦੂਸਤਾਨ ਬਣਦਾ ਹੈ ਤਾਂ ਸੰਘੀਆਂ ਨੂੰ ਇਹ ਤੈਅ ਕਰਨਾਂ ਹੋਵੇਗਾ ਕਿ ਉਹ ਮੁਸਲਮਾਨ ਹਨ ਜਾਂ ਸਿੰਧੂ? ਜੇਕਰ ਉਹ ਸਿੰਧੂ ਹਨ ਤਾਂ ਫਿਰ ਦੇਸ਼ ਦੀ ਭਾਸ਼ਾ ਸਿੰਧੀ, ਵਾਸੀ ਸਿੰਧੂ ਅਤੇ ਦੇਸ਼ ਸਿੰਧੂਸਤਾਨ ਕਿਉਂਕਿ ਸੰਘੀ ਤਾਂ (ਸ) ਬੋਲ ਸਕਦੇ ਹਨ। ਜੇ (ਸ) ਦੀ ਥਾਂ (ਹ) ਹੀ ਹੈ ਜੋ ਮੁਸਲਮਾਨਾਂ ਵਲੋਂ ਦਿੱਤਾ ਗਿਆ ਹੈ ਤਾਂ ਫਿਰ ਆਪਣੇ ਆਪ ਨੂੰ ਮੁਸਲਮਾਨ ਅਖਵਾਉਣ ਅਤੇ ਆਪਣੇ "ਸੰਗਠਨ ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਰਾਹਟਰੀ ਹਵੈਮ ਹੇਵਕ ਹੰਗ" ਦਾ ਨਾਮ ਦੇਣ ਅਤੇ ਆਪਣੇ ਆਪ ਨੂੰ ਸੰਘੀ ਦੀ ਥਾਂ ਹੰਘੀ ਅਖਵਾਉਣ। ਅਸਲ ਵਿੱਚ ਹਿੰਦੀ, ਹਿੰਦੂ, ਹਿੰਦੂਸਤਾਨ ਦਾ ਨਾਅਰਾ ਕੁੱਝ ਮੁੱਠੀ ਭਰ ਉੱਚ ਜਾਤੀ ਬ੍ਰਾਹਮਣਾਂ ਵਲੋਂ ਅਖੌਤੀ ਰਾਸ਼ਟਰ ਸੇਵਾ ਦੇ ਨਾਂਅ 'ਤੇ ਭਾਰਤੀ ਗਣਰਾਜ ਦੇ ਲੋਕਾਂ ਦੀ ਲੁੱਟ ਖਸੁੱਟ ਕਰਨ ਲਈ ਦਿੱਤਾ ਗਿਆ ਹੈ ਜਿਸ ਦੀ ਪੂਰਤੀ ਲਈ ਇਹਨ੍ਹਾਂ ਵਲੋਂ ਭਾਰਤੀ ਗਣਰਾਜ ਵਿੱਚ ਰਹਿ ਰਹੀਆਂ ਘੱਟ ਗਿਣਤੀ ਕੌਮਾਂ ਦਾ ਆਨੇ-ਬਹਾਨੇ ਕਤਲੇਆਮ ਕੀਤਾ ਜਾ ਰਿਹਾ ਹੈ ਅਤੇ ਅਕਸਰ ਉਨ੍ਹਾਂ ਨੂੰ ਦਹਿਸ਼ਤਗਰਦ ਵੀ ਐਲਾਨਿਆ ਜਾਂਦਾ ਹੈ। ਪਰ ਪ੍ਰਮਾਤਮਾ ਦਾ ਨਿਆਂ ਦੇਖੋ ਇਹਨ੍ਹਾਂ ਸੰਘੀਆਂ ਦੀਆਂ ਭਾਈਵਾਲ ਜਥੇਬੰਦੀਆਂ ਨੂੰ ਹੀ ਅਮਰੀਕਾ ਵਰਗੇ ਦੇਸ਼ ਨੇ ਅੱਤਵਾਦੀ ਜਥੇਬੰਦੀਆਂ ਕਰਾਰ ਦੇ ਦਿੱਤਾ ਹੈ। ਜੇਕਰ ਸੰਘਵਾਦੀਆਂ ਵਲੋਂ ਭਾਰਤੀ ਗਣਰਾਜ ਦੇ ਘੱਟ ਗਿਣਤੀ ਕੌਮਾਂ ਵਿਰੁੱਧ ਅਣ-ਮਨੁੱਖੀ ਵਰਤਾਰੇ ਜਾਰੀ ਰਹੇ ਤਾਂ ਉਹ ਦਿਨ ਵੀ ਦੂਰ ਨਹੀਂ ਜਦੋਂ ਭਾਰਤ ਵੀ ਪਾਕਿਸਤਾਨ ਵਾਂਗ ਦਹਿਸ਼ਤਗਰਦ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋ ਜਾਵੇਗਾ।

ਭਾਰਤੀ ਗਣਰਾਜ ਦੇ ਫਿਰਕੂ ਹਾਕਮਾਂ ਨੂੰ ਹਿੰਦੀ, ਹਿੰਦੂ, ਹਿੰਦੂਸਤਾਨ ਦੇ ਨਾਮ 'ਤੇ ਨਫ਼ਰਤ ਫੈਲਾਉਣੀ ਬੰਦ ਕਰਕੇ ਗੁਰਮਤਿ ਦੀ ਬ੍ਰਹਿਮੰਡੀ ਵਿਚਾਰਧਾਰਾ ਤੋਂ ਸੇਧ ਲੈਣੀ ਚਾਹੀਦੀ ਹੈ ਜੋ "ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥" (ਰਾਗੁ ਤਿਲੰਗ-ਮ; ੧-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੭੨੨) 'ਤੇ ਅਧਾਰਿਤ ਹੈ ਜੋ ਸੁਨੇਹਾ ਦਿੰਦੀ ਹੈ "ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾ ਕਰਿ ਦੇਖੁ ॥੬॥" (ਸਲੋਕ ਸੇਖ ਫਰੀਦ ਕੇ-ਸੇਖ ਫਰੀਦ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੧੩੭੮)। ਗੁਰਮਤਿ ਵਿਚਾਰਧਾਰਾ ਹੀ ਸਾਨੂੰ ਸਿਖਾਉਂਦੀ ਹੈ, "ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥" (ਰਾਗੁ ਆਸਾ-ਮ; ੫-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ ੩੮੬)। ਗੁਰਮਤਿ ਦੀ ਬ੍ਰਹਿਮੰਡੀ ਵਿਚਾਰਧਾਰਾ ਹੀ ਕਿਸੇ ਇੱਕ ਵਿਸ਼ੇਸ਼ ਭਾਸ਼ਾ, ਜਾਤ ਜਾਂ ਦੇਸ਼ ਤੋਂ ਵੱਖਰੀ ਹੈ ਜੋ ਸਾਰੀਆਂ ਭਾਸ਼ਾਵਾਂ, ਸਾਰੇ ਜਾਤ-ਧਰਮ ਦੇ ਲੋਕਾਂ ਅਤੇ ਸਮੁੱਚੇ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲੈਣ ਦੇ ਸਮਰੱਥ ਹੈ। ਗੁਰਮਤਿ ਦੀ ਭਾਸ਼ਾ ਸੱਚ ਹੈ, ਗੁਰਮਤਿ ਦਾ ਧਰਮ ਸੱਚ ਹੈ, ਗੁਰਮਤਿ ਦਾ ਰਾਜ ਸੱਚ ਹੈ ਅਤੇ ਇਸ ਦੀ ਮਜ਼ਬੂਤ ਕਿਲੇ ਰੂਪੀ ਬੁਨਿਆਦ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਰੱਖ ਗਏ ਹਨ "ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥" (ਰਾਗੁ ਰਾਮਕਲੀ-ਬਲਵੰਡਿ ਤੇ ਸਤਾ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ ੯੬੬) ਅਤੇ ਇਹ ਬ੍ਰਹਿਮੰਡੀ ਗੁਰਮਤਿ ਵਿਚਾਰਧਾਰਾ ਰਹਿੰਦੀ ਦੁਨੀਆ ਤਕ ਕਾਇਮ ਰਹੇਗੀ।

**(ਸਮਾਪਤ)**

# ਕਾਰਵਾ ਮੀਡੀਆ ਦੀ ਖੋਜ ਦਾ ਕੱਚ-ਸੱਚ : ਅਜੀਤ ਡੋਵਾਲ ਦੇ ਬੇਟੇ ਦੇ ਘੁਟਾਲੇ ਦਾ ਰਾਜ਼ ?

**ਵਿਸ਼ੇਸ਼ ਰਿਪੋਰਟ/ ਰਜਿੰਦਰ ਸਿੰਘ ਪੁਰੇਵਾਲ**

ਕੌਸ਼ਲ ਸ਼ਰਾਫ ਨਾਮ ਦੇ ਇਕ ਖੋਜੀ ਪੱਤਰਕਾਰ ਨੇ ਅਮਰੀਕਾ, ਇੰਗਲੈਂਡ, ਸਿੰਗਾਪੁਰ, ਕੇਮੈਨ ਆਈਲੈਂਡ ਤੋਂ ਦਸਤਾਵੇਜ਼ ਜੁਟਾ ਕੇ ਡੋਵਾਲ ਦੇ ਬੇਟਿਆਂ ਦੀ ਕੰਪਨੀ ਦਾ ਖੁਲਾਸਾ ਕੀਤਾ ਹੈ। ਕਾਰਵਾ ਪੱਤਰਿਕਾ ਦੇ ਅਨੁਸਾਰ ਇਹ ਕੰਪਨੀਆਂ ਹੇਜ ਫੰਡ ਅਤੇ ਆਫਸ਼ੋਰ (ਕਾਲੇ ਧਨ) ਦੇ ਦਾਇਰੇ ਵਿਚ ਆਉਂਦੀਆਂ ਹਨ। ਟੈਕਸ ਹੈਵਨ ਵਾਲੀ ਜਗ੍ਹਾ ਵਿਚ ਕੰਪਨੀ ਖੋਲ੍ਹਣ ਦਾ ਮਤਲਬ ਹੀ ਹੈ ਕਿ ਸ਼ੱਕ ਦੇ ਘੇਰੇ ਵਿਚ ਆ ਜਾਣਾ ਤੇ ਨੈਤਿਕਤਾ ਦੇ ਵੀ। 21 ਨਵੰਬਰ 2016 ਨੂੰ ਟੈਕਸ ਕੇਮੈਨ ਆਈਲੈਂਡ ਵਿਚ ਵਿਵੇਕ ਡੋਵਾਲ ਆਪਣੀ ਕੰਪਨੀ ਦਾ ਰਜਿਸਟਰੇਸ਼ਨ ਕਰਵਾਉਂਦੇ ਹਨ। ਕਾਰਵਾ ਦੇ ਐਡੀਟਰ ਵਿਨੋਦ ਹੋਜੇ ਨੇ ਟਵੀਟ ਕੀਤਾ ਸੀ ਕਿ ਨੋਟਬੰਦੀ ਦੇ ਬਾਅਦ ਵਿਦੇਸ਼ੀ ਨਿਵੇਸ਼ ਦੇ ਤੌਰ 'ਤੇ ਸਭ ਤੋਂ ਜ਼ਿਆਦਾ ਪੈਸਾ ਭਾਰਤ ਵਿਚ ਕੇਮੈਨ ਆਈਲੈਂਡ ਤੋਂ ਆਇਆ ਸੀ। 2017 ਵਿਚ ਕੇਮੈਨ ਆਈਲੈਂਡ ਤੋਂ ਆਉਣ ਵਾਲੇ ਨਿਵੇਸ਼ ਵਿਚ 2226 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ। ਹੁਣ ਇਸ ਦਾ ਮਤਲਬ ਸਿੱਧਾ ਭ੍ਰਿਸ਼ਟਾਚਾਰ ਤੋਂ ਹੈ ਜਾਂ ਮਹਿਜ ਨੈਤਿਕਤਾ ਤੋਂ। ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਬੇਟੇ ਵਿਵੇਕ ਡੋਵਾਲ ਭਾਰਤ ਦੇ ਨਾਗਰਿਕ ਨਹੀਂ ਹਨ। ਉਹ ਇੰਗਲੈਂਡ ਦੇ ਨਾਗਰਿਕ ਹਨ, ਸਿੰਗਾਪੁਰ ਵਿਚ ਰਹਿੰਦੇ ਹਨ ਤੇ ਜੀਐਨਵਾਈ ਏਸ਼ੀਆ ਫੰਡ ਦੇ ਡਾਇਰੈਕਟਰ ਹਨ। ਕੇਮੈਨ ਆਈਲੈਂਡ ਟੈਕਸ ਚੋਰਾਂ ਦੇ ਗਿਰੋਹ ਦਾ ਅੱਡਾ ਮੰਨਿਆ ਜਾਂਦਾ ਹੈ। ਕੌਸ਼ਲ ਸਰਾਫ ਨੇ ਲਿਖਿਆ ਹੈ ਕਿ ਵਿਵੇਕ ਡੋਵਾਲ ਇੱਥੋਂ ਹੀ ਅਜਿਹੇ ਫੰਡ ਦਾ ਕਾਰੋਬਾਰ ਕਰਦੇ ਹਨ। ਭਾਜਪਾ ਨੇਤਾ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੇ ਬੇਟੇ ਸ਼ੋਰੀਆ ਤੇ ਵਿਵੇਕ ਦਾ ਬਿਜਨਸ ਇਕ ਦੂਸਰੇ ਨਾਲ ਜੁੜਿਆ ਹੋਇਆ

**ਭਾਰਤ ਘੁਟਾਲਿਆਂ ਦਾ ਦੇਸ ਬਣਦਾ ਜਾ ਰਿਹਾ ਹੈ। ਭਾਰਤੀ ਬਾਜ਼ਾਰ ਵਿਚ ਕਮਾਈ ਜ਼ਿਆਦਾ ਹੈ। ਪਰ ਦੋ ਜੂਨ ਦੀ ਰੋਟੀ ਲਈ ਤਰਸਣ ਵਾਲੇ ਕਰੋੜਾਂ ਗਰੀਬ ਲੋਕ ਭੁੱਖੇ ਸੌਂਦੇ ਹਨ, ਜਿਨ੍ਹਾਂ ਦੇ ਸਿਰ 'ਤੇ ਛੱਤ ਵੀ ਨਹੀਂ ਹੁੰਦੀ। ਕੀ ਇਸ ਨੂੰ ਰਾਸ਼ਟਰਵਾਦ ਦੇਸ਼ ਭਗਤੀ ਦਾ ਨਾਮ ਦਿੱਤਾ ਜਾ ਸਕਦਾ ਹੈ ?**

ਹੈ। ਰਿਪੋਰਟ ਵਿਚ ਕੁਝ ਜਟਿਲ ਗੱਲਾਂ ਵੀ ਹਨ, ਜਿਸ ਨੂੰ ਸਮਝਣ ਲਈ ਬਿਜਨੈਸ ਅਕਾਊਂਟ ਨੂੰ ਦੇਖਣ ਦੀ ਤਕਨੀਕ ਦੀ ਸਮਝ ਹੋਣੀ ਚਾਹੀਦੀ ਹੈ। ਕਾਰਵਾ ਦੀ ਰਿਪੋਰਟ ਵਿਚ ਇਸ ਦਾ ਪੂਰਾ ਜ਼ਿਕਰ ਹੈ। 2011 ਵਿਚ ਅਜੀਤ ਡੋਵਾਲ ਨੇ ਇਕ ਰਿਪੋਰਟ ਲਿਖੀ ਸੀ ਕਿ ਟੈਕਸ ਚੋਰੀ ਦੇ ਅੱਡਿਆਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਦੇ ਹੀ ਬੇਟੇ ਦੀ ਕੰਪਨੀ ਦਾ ਨਾਮ ਹੇਜ ਫੰਡ ਤੇ ਅਜਿਹੀ ਜਗ੍ਹਾ 'ਤੇ ਕੰਪਨੀ ਬਣਾ ਕੇ ਕਾਰੋਬਾਰ ਕਰਨ ਦੇ ਮਾਮਲੇ ਵਿਚ ਸਾਹਮਣੇ ਆਉਂਦਾ ਹੈ। ਵਿਵੇਕ ਡੋਵਾਲ ਦੀ ਕੰਪਨੀ ਦੇ ਨਿਰੇਦਸ਼ਕ ਹਨ ਡਾਨ ਡਬਲਿਊ ਈ ਬੈਕਸ ਤੇ ਮੁਹੰਮਦ ਅਲਤਾਫ ਮੁਸਲਯਾਮ। ਈਬੈਂਕਸ ਦਾ ਨਾਮ ਪੈਰਾਡਾਇਜ਼ ਪੇਪਰ ਵਿਚ ਆ ਚੁੱਕਾ ਹੈ। ਅਜਿਹੀਆਂ ਕਈ ਫਰਜ਼ੀ ਕੰਪਨੀਆਂ ਦੇ ਲੱਖਾਂ ਦਸਤਾਵੇਜ਼ ਲੀਕ ਹੋਏ ਤਾਂ ਇੰਡੀਅਨ ਐਕਸਪ੍ਰੈਸ ਨੇ ਭਾਰਤ ਵਿਚ ਪੈਰਾਡਾਈਜ਼ ਪੇਪਰ ਦੇ ਨਾਮ ਨਾਲ ਛਾਪਿਆ ਸੀ। ਇਸ ਤੋਂ ਪਹਿਲਾਂ ਇਸ ਤਰ੍ਹਾਂ ਦੀਆਂ ਫਰਜ਼ੀ ਕੰਪਨੀਆਂ ਬਣਾ ਕੇ ਨਿਵੇਸ਼ ਦੇ ਨਾਮ 'ਤੇ ਪੈਸਾ ਇਧਰ ਉਧਰ ਕਰਨ ਦਾ ਗੋਰਖਧੰਦਾ ਪੈਨਾਮਾ ਪੇਪਰ ਦੇ ਨਾਮ 'ਤੇ ਛਪਿਆ ਸੀ। ਪੈਰਾਡਾਈਜ਼ ਪੇਪਰਜ਼ ਤੇ ਪਨਾਮਾ ਪੇਪਰ ਦੋਨਾਂ ਵਿਚ ਹੀ ਬਾਲਕਰਸ ਕਾਰਪੋਰੇਟ ਲਿਮਟਿਡ ਦਾ ਨਾਮ ਹੈ, ਜੋ ਵਿਵੇਕ ਡੋਵਾਲ ਕੰਪਨੀ ਦੀ ਸਰਪ੍ਰਸਤ ਕੰਪਨੀ ਹੈ। ਕਾਰਵਾ ਨੇ ਆਪਣੀ ਰਿਪੋਟ ਵਿਚ ਲਿਖਿਆ ਹੈ ਕਿ ਵਿਵੇਕ ਡੋਵਾਲ ਦੀ ਕੰਪਨੀ ਵਿਚ ਕੰਮ ਕਰਨ ਵਾਲੇ ਕਈ ਅਧਿਕਾਰੀ ਸ਼ੋਰੀਆ ਡੋਵਾਲ ਦੀ ਕੰਪਨੀ ਵਿਚ ਕੰਮ ਕਰਦੇ ਹਨ। ਪੱਤਰਕਾ ਨੇ ਇਹ ਵੀ ਲਿਖਿਆ ਹੈ ਕਿ ਇਸ ਦਾ ਮਤਲਬ ਹੋਇਆ ਕਿ ਬਹੁਤ ਵੱਡਾ ਫਾਈਨੇਸ਼ੀਅਲ ਨੈਟਵਰਕ ਚੱਲ ਰਿਹਾ ਹੈ। ਉਨ੍ਹਾਂ ਦੀ ਕੰਪਨੀ ਦਾ ਨਾਤਾ ਸਾਊਦੀ ਅਰਬ ਦੇ ਸ਼ਾਹੀ ਖਾਨਦਾਨ ਦੀਆਂ ਕੰਪਨੀਆਂ ਨਾਲ ਵੀ ਹੈ।

ਇਸ ਦੇ ਅਗਲੇ ਹਫਤੇ ਬਾਅਦ ਅਜੀਤ ਡੋਵਾਲ ਦੇ ਬੇਟੇ ਵਿਵੇਕ ਡੋਵਾਲ ਉੱਪਰ ਕਾਂਗਰਸੀ ਨੇਤਾ ਜੈਰਾਮ ਰਮੇਸ਼ ਨੇ ਉਨ੍ਹਾਂ ਦੇਸਾਂ ਤੋਂ ਆਏ ਐਫਡੀਆਈ 'ਤੇ ਸੁਆਲ ਵੀ ਉਠਾਏ ਸਨ। ਹੁਣ ਅਜੀਤ ਡੋਵਾਲ ਦੇ ਬੇਟੇ ਵਿਵੇਕ ਨੇ ਕਾਰਵਾ ਪੱਤਰਕਾ ਤੇ ਜੈਰਾਮ ਰਮੇਸ਼ ਦੇ ਖਿਲਾਫ਼ ਅਪਰਾਧਿਕ ਮਾਣਹਾਨੀ ਦਾ ਕੇਸ ਕਰ ਦਿੱਤਾ ਹੈ। ਕੌਣ ਸੱਚਾ ਹੈ ਤੇ ਕੌਣ ਝੂਠਾ, ਇਸ ਦਾ ਫੈਸਲਾ ਅਦਾਲਤ ਹੀ ਕਰੇਗੀ।

ਅਜਿਹੇ ਹੋਰ ਮਸਲਿਆਂ ਬਾਰੇ ਇਹ ਕਹਿਣਾ ਚਾਹਾਂਗੇ ਕਿ ਭਾਰਤ ਘੁਟਾਲਿਆਂ ਦਾ ਦੇਸ ਬਣਦਾ ਜਾ ਰਿਹਾ ਹੈ। ਭਾਰਤੀ ਬਾਜ਼ਾਰ ਵਿਚ ਕਮਾਈ ਜ਼ਿਆਦਾ ਹੈ। ਪਰ ਦੋ ਜੂਨ ਦੀ ਰੋਟੀ ਲਈ ਤਰਸਣ ਵਾਲੇ ਕਰੋੜਾਂ ਗਰੀਬ ਲੋਕ ਭੁੱਖੇ ਸੌਂਦੇ ਹਨ, ਜਿਨ੍ਹਾਂ ਦੇ ਸਿਰ 'ਤੇ ਛੱਤ ਵੀ ਨਹੀਂ ਹੁੰਦੀ। ਕੀ ਇਸ ਨੂੰ ਰਾਸ਼ਟਰਵਾਦ ਦੇਸ਼ ਭਗਤੀ ਦਾ ਨਾਮ ਦਿੱਤਾ ਜਾ ਸਕਦਾ ਹੈ? ਭਾਰਤ ਵਿਚ ਕਿਵੇਂ ਸੱਤਾ ਦੀ ਲੁੱਟ ਚੱਲ ਰਹੀ ਹੈ। ਭਾਰਤ ਵਿਚ ਪ੍ਰੋਫੈਸ਼ਨਲ ਡਿਗਰੀਆਂ ਕੀਤੇ ਯੂਥ ਦੀ ਵੀ ਕਦਰ ਨਹੀਂ ਹੈ। ਉਹ ਭਾਰਤੀ ਨਾਗਰਿਕਤਾ ਤਿਆਗ ਰਹੇ ਹਨ। ਵਿਦੇਸ਼ਾਂ ਵਿਚ ਵਸੇ ਭਾਰਤੀ ਨੰਬਰ ਇਕ 'ਤੇ ਵਸੇ ਹੋਏ ਹਨ, ਉਸ ਤੋਂ ਬਾਅਦ ਚੀਨ, ਜਾਪਾਨ ਦਾ ਨੰਬਰ ਆਉਂਦਾ ਹੈ। ਚੀਨੀ ਤੇ ਜਾਪਾਨੀ ਦੇਸ਼ ਪਰਤਦੇ ਹਨ ਪਰ ਨਾਗਰਿਕਤਾ ਨਹੀਂ ਛੱਡਦੇ। ਆਪਣੇ ਦੇਸ ਲਈ ਕੰਮ ਕਰਦੇ ਹਨ। ਪਰ ਦੁਨੀਆਂ ਵਿਚ ਫੈਲੇ ਭਾਰਤੀਆਂ ਦੀ ਗਿਣਤੀ ਨਾ ਵਾਪਸ ਪਰਤਣ ਦੇ ਲਈ ਵਧ ਰਹੀ ਹੈ। ਭਾਰਤ ਵਿਚ ਵਿਦੇਸ਼ਾਂ ਵਰਗਾ ਸਿਸਟਮ ਨਹੀਂ ਹੈ। ਹਰ ਪਾਸੇ ਭ੍ਰਿਸ਼ਟਾਚਾਰ ਹੈ। ਪ੍ਰਵਾਸੀ ਭਾਰਤੀ ਦੁੱਖੀ ਹਨ, ਇਸ ਸਿਸਟਮ ਤੋਂ, ਕਿਉਂਕਿ ਉਨ੍ਹਾਂ ਨੂੰ ਵਿਦੇਸ਼ਾਂ ਵਰਗਾ ਵਧੀਆ ਸਿਸਟਮ ਭਾਰਤ ਵਿਚ ਨਹੀਂ ਮਿਲ ਰਿਹਾ। ਹਰ ਪਾਸੇ ਰਿਸ਼ਵਤਖੋਰੀ, ਦੰਗੇਬਾਜ਼ ਲੋਕ, ਘਟੀਆ ਸੜਕਾਂ, ਸਮੇਂ ਸਿਰ ਇਨਸਾਫ਼ ਨਾ ਮਿਲਣਾ ਹਰ ਪ੍ਰਵਾਸੀ ਭਾਰਤੀ ਨੂੰ ਬੇਚੈਨ ਕਰ ਰਿਹਾ ਹੈ। ਸਿਰਫ਼ ਵੱਡੇ ਪੂੰਜੀਪਤੀਆਂ ਬਨਮ ਮਲਿਕ ਭਾਗੋਆ ਦੇ ਲਈ ਭਾਰਤ ਸਵਰਗ ਹੈ। ਤਾਜਾ ਰਿਪੋਰਟ ਦੱਸਦੀ ਹੈ ਕਿ ਭਾਰਤ ਦੇ ਟਾਪ ਮੋਸਟ ਸਿਰਫ 9 ਲੋਕਾਂ ਦੀ ਆਮਦਨ ਕਮਾਈ ਜਾਂ ਸੰਪਤੀ ਦਾ ਕੁੱਲ ਅੰਕੜਾ ਦੇਸ ਦੇ 65 ਕਰੋੜ ਲੋਕਾਂ ਦੀ ਆਮਦਨ ਸੰਪਤੀ ਜਾਂ ਆਮਦਨੀ ਦੇ ਬਰਾਬਰ ਹੈ। ਦੁਨੀਆਂ ਵਿਚ ਭਾਰਤ ਨੂੰ ਲੈ ਕੇ ਵੱਡੀ ਚਕਾਚੌਂਧ ਬਿਖੇਰਨ ਦੇ ਬਾਵਜੂਦ ਦੁਨੀਆਂ ਭਰ ਤੋਂ ਭਾਰਤ ਦੇ ਬਜ਼ਾਰ ਵਿਚ ਡਾਲਰ ਝੌਂਕਣ ਵਾਲੇ ਵਧ ਕਿਉਂ ਰਹੇ ਹਨ, ਇਹ ਸੁਆਲ ਅਣਸੁਲਝਿਆ ਜਿਹਾ ਹੈ? 2017 ਵਿਚ ਭਾਰਤ ਵਿਚ 40 ਬਿਲੀਅਨ ਡਾਲਰ ਨਿਵੇਸ਼ ਹੋਇਆ ਤੇ 2018 ਵਿਚ 43 ਬਿਲੀਅਨ ਡਾਲਰ। ਭਾਰਤ ਦਾ ਅਨੋਖਾ ਸੱਚ ਇਹ ਹੈ ਕਿ ਇੱਥੇ ਸਕੂਲ ਜਾਣ ਵਾਲੇ 50 ਫੀਸਦੀ ਤੋਂ ਜ਼ਿਆਦਾ ਬੱਚੇ ਜੋੜ ਘਟਾਅ ਨਹੀਂ ਕਰ ਸਕਦੇ। ਅੰਗਰੇਜ਼ੀ ਤਾਂ ਦੂਰ ਦੀ ਗੱਲ ਹੈ ਕਿ ਉਹ ਆਪਣੀ ਮਾਂ ਬੋਲੀ ਵੀ ਠੀਕ ਤਰ੍ਹਾਂ ਨਹੀਂ ਪੜ੍ਹ ਸਕਦੇ। ਭਾਰਤ ਵਿਚ ਸਿਰਫ ਭ੍ਰਿਸ਼ਟ ਬਿਉਰੋਕ੍ਰੇਸੀ ਤੇ ਨੇਤਾਗਿਰੀ ਦਾ ਬੋਲਬਾਲਾ ਹੈ। ਕਰੋੜਾਂ ਦੇ ਘੁਟਾਲੇ ਤੇ ਘਪਲੇ ਇਸ ਦੇਸ਼ ਦੀ ਵਿਰਾਸਤ ਹੈ। ਕੀ ਬਣੇਗਾ ਭਾਰਤ ਦਾ? ਕੀ ਬਣੇਗਾ ਇਸ ਦੇਸ਼ ਦੇ ਲੋਕਤੰਤਰ ਦਾ? ਇਹ ਸਭ ਭਾਰਤੀਆਂ, ਪੰਜਾਬੀਆਂ ਲਈ ਅਹਿਮ ਸੁਆਲ ਹੈ।



(ਲਾਰਡ ਡਲਹੌਜ਼ੀ ਦੀ 7 ਅਪ੍ਰੈਲ 1849 ਨੂੰ ਬਰਤਾਨੀਆ ਸਰਕਾਰ ਨੂੰ ਭੇਜੀ ਗਈ ਖੁਫੀਆ ਰਿਪੋਰਟ)



# ਸਿੱਖ ਰਾਜ ਨੂੰ ਸਾਜ਼ਿਸੀ ਢੰਗ ਨਾਲ ਅੰਗਰੇਜ਼ ਸਾਮਰਾਜ ਦਾ ਹਿੱਸਾ ਬਣਾਇਆ ਗਿਆ

**ਮੇਰਾ ਖਿਆਲ ਹੈ ਅੰਗਰੇਜ਼ ਸਰਕਾਰ ਦੀ ਪੰਜਾਬ ਦੇ ਸਬੰਧ ਵਿਚ ਨੀਤੀ ਹੁਣ ਚਾਹੇ ਕਿਹੋ ਜਿਹੀ ਵੀ ਹੋਵੇ, ਇਸ ਨੇ ਇਕ ਸਰਹੱਦੀ ਰਾਜ ਵਿਚ ਏਨਾ ਚੰਗਾ ਪ੍ਰਬੰਧ ਕਰਕੇ, ਇਸ ਪ੍ਰਤੀ ਏਨਾ ਨਰਮ ਰਵੱਈਆ ਅਪਣਾ ਕੇ, ਇਕ ਪੁਨਰ-ਗਠਤ ਸਲਤਨਤ ਦੀ ਮਜਬੂਰੀ ਤੇ ਵਿਕਾਸ ਲਈ ਦਿਆਨਤਦਾਰੀ ਨਾਲ ਕੰਮ ਕਰਕੇ ਆਪਣੇ ਲਈ ਸਨਮਾਨ ਖੱਟਿਆ ਹੈ ਅਤੇ ਇਸ ਤਰ੍ਹਾਂ ਆਪਣੇ ਨੇਕ ਇਰਾਦਿਆਂ ਬਾਰੇ ਕੋਈ ਸੰਦੇਹ ਨਹੀਂ ਰਹਿਣ ਦਿੱਤਾ। ਬਾਅਦ ਵਿਚ ਵਾਪਰੀਆਂ ਘਟਨਾਵਾਂ ਨੇ ਇਹ ਗੱਲ ਪ੍ਰਤਖ ਕਰ ਦਿੱਤੀ ਹੈ ਕਿ ਪੰਜਾਬ ਵਿਚ ਇਕ ਅਜਿਹੀ ਮਜ਼ਬੂਤ ਹਿੰਦੂ ਸਰਕਾਰ ਵੀ ਕਾਇਮ ਨਹੀਂ ਕੀਤੀ ਜਾ ਸਕਦੀ, ਜਿਹੜੀ ਆਪਣੀਆਂ ਫੌਜਾਂ ਨੂੰ ਕਾਬੂ ਅਤੇ ਪਰਜਾ ਨੂੰ ਜ਼ਬਤ ਵਿਚ ਰੱਖ ਸਕਦੀ ਹੋਵੇ।**

## ਭਾਗ ਦੂਜਾ

ਪਰ ਅਸਲੀਅਤ ਇਹ ਨਹੀਂ। ਸਿੱਖ ਸਰਦਾਰ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਬਿਲਕੁਲ ਵਫਾਦਾਰ ਨਹੀਂ ਰਹੇ। ਉਹ ਲੋਕ ਅਤੇ ਫੌਜੀ ਦਲ, ਜਿਨ੍ਹਾਂ ਨੇ ਸਾਡੇ ਵਿਰੁੱਧ ਹਥਿਆਰ ਚੁੱਕੇ ਸਨ, ਉਨ੍ਹਾਂ ਦੇ ਆਗੂ ਵੀ ਅਸਲ ਵਿਚ ਰਾਜ ਦੇ ਸਿੱਖ ਸਰਦਾਰ ਹੀ ਸਨ। ਇਹ ਓਹੀ ਸਰਦਾਰ ਸਨ, ਜਿਨ੍ਹਾਂ ਨੇ ਸੰਧੀਆਂ ਉਤੇ ਦਸਤਖ਼ਤ ਕੀਤੇ ਸਨ ਅਤੇ 'ਕੌਂਸਲ ਆਫ ਰੀਜੈਂਸੀ' ਦੇ ਖੁਦ ਮੈਂਬਰ ਸਨ। ਜੇ ਤੁਸੀਂ ਸਰ ਗਿਲਬਰਟ ਅੱਗੇ ਰਾਵਲਪਿੰਡੀ ਵਿਖੇ ਹਥਿਆਰ ਸੁਟਣ ਵਾਲੇ ਸਰਦਾਰਾਂ ਦੀ ਹੁਣੇ ਜਿਹੇ ਭੇਜੀ ਗਈ ਸੂਚੀ ਅਤੇ ਸਮੇਂ ਸਮੇਂ ਸਿਰ ਭੇਜੇ ਗਏ ਦਸਤਾਵੇਜ਼ਾਂ ਉਤੇ ਨਜ਼ਰ ਮਾਰੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਓਹੀ ਸਰਦਾਰ ਹਨ, ਜਿਨ੍ਹਾਂ ਨੇ ਪਹਿਲਾਂ ਵੀ (1846 ਵਿਚ) ਹਥਿਆਰ ਸੁੱਟ ਕੇ ਆਤਮ ਸਮਰਪਣ ਕੀਤਾ ਸੀ। ਇਨ੍ਹਾਂ ਦਸਤਾਵੇਜ਼ਾਂ ਦੀ ਪਰਖ ਕਰਕੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਵਿਚ ਨਾ ਕੇਵਲ ਪੰਜਾਬ ਦੇ ਉਘੇ ਵਿਅਕਤੀ ਹੀ ਸ਼ਾਮਿਲ ਹਨ, ਸਗੋਂ ਉਹ ਸਰਦਾਰ ਵੀ ਸ਼ਾਮਿਲ ਹਨ, ਜਿਨ੍ਹਾਂ ਨੇ ਖੁਦ ਅਮਨ ਦੀਆਂ ਸੰਧੀਆਂ ਉਤੇ ਦਸਤਖ਼ਤ ਕੀਤੇ ਹੋਏ ਸਨ। ਬੜੀ ਸ਼ਰਮ ਦੀ ਗੱਲ ਹੈ ਕਿ ਰਾਜ ਦੇ ਸਰਦਾਰ ਕਹਾਉਣ ਵਾਲੇ ਉਹ ਲੋਕ ਜਿਨ੍ਹਾਂ ਨੇ ਸੰਧੀਆਂ ਉਤੇ ਦਸਤਖ਼ਤ ਕੀਤੇ ਹੋਏ ਹਨ, ਉਨ੍ਹਾਂ ਵਿਚੋਂ ਬਹੁਤ ਸਾਡੇ ਵਿਰੁੱਧ ਦੁਸ਼ਮਣੀ ਵਾਲੀਆਂ ਕਾਰਵਾਈਆਂ ਕਰਨ ਵਿਚ ਰੁੱਝੇ ਹੋਏ ਹਨ।

ਜੇਕਰ ਸਿੱਖ ਕੌਮ ਨੂੰ ਇਨ੍ਹਾਂ ਕਾਰਵਾਈਆਂ ਦੀ ਜ਼ਿੰਮੇਵਾਰੀ ਤੋਂ ਬਰੀ ਕਰਨ ਲਈ ਇਹ ਦਲੀਲ ਦਿੱਤੀ ਜਾਵੇ ਕਿ ਸਿੱਖ ਸਰਕਾਰ ਨੇ ਤਾਂ ਸਾਡੇ ਵਿਰੁੱਧ ਇਨ੍ਹਾਂ ਕਾਰਵਾਈਆਂ ਵਿਚ ਕੋਈ ਹਿੱਸਾ ਨਹੀਂ ਲਿਆ ਤਾਂ ਤੁਸੀਂ ਮੇਰੇ ਵਲੋਂ ਇਹ ਜਾਣਕਾਰੀ ਮਿਲਣ ਪਿਛੋਂ ਕਿ ਮੁਸ਼ਕਲਾਂ ਦੇ ਦੌਰਾਨ 'ਕੌਂਸਲ ਆਫ ਰੀਜੈਂਸੀ' ਨੇ ਅੰਗਰੇਜ਼ ਸਰਕਾਰ ਦੀ ਕੋਈ ਠੋਸ ਜਾਂ ਪ੍ਰਭਾਵਸ਼ਾਲੀ ਮਦਦ ਨਹੀਂ ਕੀਤੀ, ਸਗੋਂ ਇਸ ਦੇ ਕੁਝ ਮੁਖੀ ਮੈਂਬਰਾਂ ਨੇ ਸਾਡੇ ਵਿਰੁੱਧ ਹੋਣ ਦਾ ਖੁੱਲ੍ਹੇਆਮ ਐਲਾਨ ਕੀਤਾ ਅਤੇ ਉਨ੍ਹਾਂ ਵਿਚੋਂ ਇਕ ਨੇ ਤਾਂ ਯੁੱਧ ਦੇ ਮੈਦਾਨ ਵਿਚ ਸਿੱਖ ਫੌਜ ਦੀ ਅਗਵਾਈ ਵੀ ਕੀਤੀ ਤਾਂ ਤੁਸੀਂ ਇਸ ਦਲੀਲ ਨੂੰ ਮੰਨਣ ਤੋਂ ਇਨਕਾਰ ਕਰ ਦਿਓਗੇ।

**ਦਲੀਪ ਸਿੰਘ ਲਈ ਬਗਾਵਤ ਕੀਤੀ :** ਉਪਰੋਕਤ ਪੈਰ੍ਹਿਆਂ ਵਿਚ ਮੈਂ ਤੁਹਾਨੂੰ ਕਈ ਵਾਰ ਦੱਸ ਚੁੱਕਾ ਹਾਂ ਕਿ ਸਿੱਖਾਂ ਨੇ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕ ਲਏ ਹਨ। ਮੇਰੇ ਵਲੋਂ ਤੁਹਾਨੂੰ ਇਹ ਗੱਲ ਵਾਰ ਵਾਰ ਕਹਿਣ ਦਾ ਭਾਵ ਇਹੋ ਹੈ ਕਿ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਮਹੱਤਵਪੂਰਨ ਨੁਕਤੇ ਵੱਲ ਆਪਣਾ ਪੂਰਾ ਧਿਆਨ ਦਿਓ ਕਿ ਪੰਜਾਬ ਵਿਚ ਸਿੱਖਾਂ ਨੇ ਬਗਾਵਤ ਮਹਾਰਾਜਾ ਦਲੀਪ ਸਿੰਘ ਦੇ ਵਿਰੁੱਧ ਨਹੀਂ ਕੀਤੀ, ਸਗੋਂ ਇਸ ਦੇ ਉਲਟ ਉਹ ਤਾਂ ਨਿਰੰਤਰ ਮਹਾਰਾਜਾ ਪ੍ਰਤੀ ਵਫਾਦਾਰੀ ਪ੍ਰਗਟਾਉਂਦੇ ਰਹੇ ਹਨ। ਉਨ੍ਹਾਂ ਨੇ ਇਹ ਐਲਾਨ ਵੀ ਕੀਤਾ ਸੀ ਕਿ ਆਰੰਭ ਤੋਂ ਹੀ ਇਹ ਯੁੱਧ ਅੰਗਰੇਜ਼ਾਂ ਵਿਰੁੱਧ ਅਤੇ ਕੇਵਲ ਅੰਗਰੇਜ਼ਾਂ ਵਿਰੁੱਧ ਹੈ। ਉਨ੍ਹਾਂ ਦੇ ਯੁੱਧ ਦਾ ਅਸਲ ਉਦੇਸ਼ ਤਾਂ ਅੰਗਰੇਜ਼ਾਂ ਦੀ ਤਾਕਤ ਨੂੰ ਖਤਮ ਕਰਨਾ ਅਤੇ ਉਨ੍ਹਾਂ ਨੂੰ ਪੰਜਾਬ ਵਿਚੋਂ ਕੱਢਣਾ ਸੀ, ਨਾ ਕਿ ਮਹਾਰਾਜ ਦਲੀਪ ਸਿੰਘ ਅਤੇ ਉਸ ਦੀ ਸਰਕਾਰ ਵਿਰੁੱਧ ਬਗਾਵਤ ਕਰਨਾ। ਇਹ ਦਾਅਵਾ ਕੇਵਲ ਮੈਂ ਹੀ ਨਹੀਂ ਕਰਦਾ, ਉਨ੍ਹਾਂ ਨੇ ਖੁਦ ਵੀ ਗੁਆਂਢੀ ਸਰਦਾਰਾਂ, ਅੰਗਰੇਜ਼ ਫੌਜ ਦੇ ਸਿੱਖ ਫੌਜੀਆਂ ਅਤੇ ਮੁਸਲਮਮਾਨ ਹਾਕਮਾਂ ਨੂੰ ਲਿਖੇ ਆਪਣੇ ਪੱਤਰਾਂ ਵਿਚ ਇਸ ਬਾਰੇ ਸਪਸ਼ਟ ਐਲਾਨ ਕੀਤੇ ਹਨ।

ਮੈਂ ਮਹਾਰਾਜਾ ਸ਼ੇਰ ਸਿੰਘ ਵਲੋਂ ਜਾਰੀ ਕੀਤੇ ਗਏ ਇਕ ਐਲਾਨਨਾਮੇ ਵਿਚੋਂ ਇਕ ਪੈਰ੍ਹੇ ਦਾ ਨਮੂਨੇ ਵਜੋਂ ਹਵਾਲਾ ਦੇਂਦਾ ਹਾਂ। ਇਥੇ ਉਸ ਨੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਆਪਣੀਆਂ ਭਾਵਨਾਵਾਂ ਅਤੇ ਉਦੇਸ਼ਾਂ ਦਾ ਸਪੱਸ਼ਟ ਵਰਨਣ ਕੀਤਾ ਹੈ ਜੋ ਇਸ ਨਾਲ ਮਿਲਦੀਆਂ ਜੁਲਦੀਆਂ ਹੋਰ ਲਿਖਤਾਂ ਵਿਚੋਂ ਵੀ ਸਪਸ਼ਟ ਹੁੰਦੇ ਹਨ। ਇਹ ਪੈਰ੍ਹਾਂ ਮੇਰੇ ਵਲੋਂ ਦਿੱਤੇ ਉਪਰੋਕਤ ਬਿਆਨ ਨੂੰ ਬਿਲਕੁਲ ਸਹੀ ਸਿੱਧ ਕਰਦਾ ਹੈ। ਇਹ ਪੈਰ੍ਹਾਂ ਇਸ ਤਰ੍ਹਾਂ ਹੈ – "ਮਹਾਨ ਮਹਾਂਪੁਰਖ ਬਾਬਾ ਬਿਕਰਮਾ ਸਿੰਘ ਬੇਦੀ ਤੇ ਬਾਬਾ ਮਹਾਰਾਜ ਸਿੰਘ ਜੀ ਦੀ ਹਦਾਇਤ ਅਨੁਸਾਰ ਰਾਜਾ ਸ਼ੇਰ ਸਿੰਘ ਅਤੇ ਹੋਰ ਸਰਦਾਰ ਆਪਣੀਆਂ ਬਹਾਦਰ ਫੌਜਾਂ ਸਮੇਤ ਅਤਿਆਚਾਰੀ, ਧੋਖੇਬਾਜ਼ ਅਤੇ ਗਦਾਰ ਫਰੰਗੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦੇ ਉਦੇਸ਼ ਨਾਲ ਮਹਾਰਾਜਾ ਦਲੀਪ ਸਿੰਘ ਦੀ ਤਰਫੋਂ ਲੜਨ ਵਾਲੇ ਭਰੋਸੇਯੋਗ ਅਤੇ ਵਫਾਦਾਰ ਦੀਵਾਨ ਮੂਲ ਰਾਜ ਨਾਲ ਜਾ ਰਲੀਆਂ ਹਨ। ਖਾਲਸਾ ਜੀ ਨੂੰ ਹੁਣ ਤਨੋਂ ਮਨੋਂ ਕੰਮ ਕਰਨਾ ਚਾਹੀਦਾ ਹੈ। ਖਾਲਸਾ ਜੀ ਪਾਵਨ ਗੁਰੂ ਦੇ ਸਾਰੇ ਸੇਵਕਾਂ ਅਤੇ ਮਹਾਰਾਜਾ (ਦਲੀਪ ਸਿੰਘ) ਦੇ ਸਾਰੇ ਸਰਦਾਰਾਂ ਦੇ ਵਫਾਦਾਰ ਸਿਪਾਹੀਆਂ ਨੂੰ ਹੁਣ ਮੁਲਤਾਨ ਵੱਲ ਚਾਲੇ ਪਾਉਣ ਲਈ ਕਮਰਕਸੇ ਕਰ ਲੈਣੇ ਚਾਹੀਦੇ ਹਨ।"

ਪੈਰ੍ਹੇ ਦੇ ਅੰਤਿਮ ਵਾਕ ਵਿਚ ਪੰਜਾਬ ਦੇ ਵਾਸੀਆਂ ਨੂੰ ਸੰਬੋਧਨ ਕਰਕੇ ਇਕ ਖ਼ੂਨੀ ਫੁਰਮਾਨ ਜਾਰੀ ਕੀਤਾ ਗਿਆ ਹੈ – "ਜਿਥੇ ਕਿਤੇ ਵੀ ਫਰੰਗੀ ਦਿਸਣ, ਸਭ ਨੂੰ ਮਾਰ ਮੁਕਾਓ।" ਇਥੇ ਹੀ ਬਸ ਨਹੀਂ, ਅੰਗਰੇਜ਼ਾਂ ਵਿਰੁੱਧ ਯੁੱਧ ਛੇੜ ਕੇ ਹੀ ਉਨ੍ਹਾਂ ਨੂੰ ਸਬਰ ਨਹੀਂ ਆਇਆ, ਸਗੋਂ ਉਨ੍ਹਾਂ ਨੇ ਤਾਂ ਹਿੰਦੁਸਤਾਨ ਦੇ ਹੋਰਨਾਂ ਰਾਜਾਂ ਅਤੇ ਹੁਕਮਰਾਨਾਂ ਨੂੰ ਵੀ ਸਾਡੇ ਉੱਤੇ ਹਮਲਾ ਕਰਨ ਲਈ ਭੜਕਾਉਣ ਦਾ ਯਤਨ ਕੀਤਾ ਹੈ। ਸਰਕਾਰ ਦੇ ਕਬਜ਼ੇ ਵਿਚ ਬਹੁਤ ਸਾਰੇ ਅਜਿਹੇ ਪੱਤਰ ਆਏ ਹਨ ਜੋ ਸਿੱਖ ਮੁਖੀਆਂ ਵਲੋਂ ਲਿਖੇ ਹੋਏ ਹਨ ਅਤੇ ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੇ ਗੁਆਂਢੀ ਰਾਜਾਂ, ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਪਾਸੋਂ ਸੱਚੇ ਮਨੋਂ ਸਹਾਇਤਾ ਮੰਗੀ ਹੈ। ਹਰ ਪੱਤਰ ਦੀ ਮੁੱਖ ਸੁਰ ਇਹੋ ਹੈ ਕਿ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢ ਦਿਓ। ਦੁਸ਼ਮਣੀ ਦੀ ਕੁੜੱਤਣ ਤਾਂ ਉਨ੍ਹਾਂ ਨੂੰ ਇਸ ਤੋਂ ਵੀ ਅੱਗੇ ਲੈ ਗਈ ਹੈ। ਕਿਸੇ ਨੂੰ ਕਦੇ ਖਿਆਲ ਵੀ ਨਹੀਂ ਸੀ ਆਇਆ ਕਿ ਇਕ ਦਿਨ ਅਜਿਹਾ ਵੀ ਆਵੇਗਾ ਜਦੋਂ ਸਿੱਖ ਅਫਗਾਨਾਂ ਤੋਂ ਵੀ ਸਹਾਇਤਾ ਮੰਗਣ ਲੱਗ ਪੈਣਗੇ ਅਤੇ ਵੱਡੀ ਕੀਮਤ ਚੁਕਾ ਕੇ ਵੀ ਉਨ੍ਹਾਂ ਤੋਂ ਸੱਚਮੁੱਚ ਹੀ ਸਹਾਇਤਾ ਪ੍ਰਾਪਤ ਕਰ ਲੈਣਗੇ। ਪਰ ਅੰਗਰੇਜ਼ਾਂ ਦੇ ਨਾਂ ਤੋਂ ਹੀ ਉਨ੍ਹਾਂ ਨੂੰ ਏਨੀ ਨਫ਼ਰਤ ਹੋ ਗਈ ਹੈ ਕਿ ਉਹ ਇਸ ਹੱਦ ਤੱਕ ਵੀ ਚਲੇ ਗਏ ਹਨ। ਉਨ੍ਹਾਂ ਨੇ ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਨ ਨੂੰ ਸਹਾਇਤਾ ਕਰਨ ਲਈ ਸੱਦਾ ਦਿੱਤਾ ਤੇ ਦੋਸਤ ਮੁਹੰਮਦ ਖਾਨ ਨਾਲ ਇਹ ਵੀ ਵਾਅਦਾ ਕੀਤਾ ਕਿ ਉਸ ਵਲੋਂ ਮਿਲਣ ਵਾਲੀ ਸਹਾਇਤਾ ਬਦਲੇ ਉਹ ਉਸ ਨੂੰ ਪੇਸ਼ਾਵਰ ਸੂਬੇ ਅਤੇ ਭੂਮੀ ਦਾ ਉਹ ਭਾਗ ਇਨਾਮ ਵਜੋਂ ਦੇ ਦੇਣਗੇ, ਜਿਸ ਉਤੇ ਇਸ ਤੋਂ ਪਹਿਲਾਂ ਕਾਬਲ ਦੇ ਰਾਜੇ (ਸੁਲਤਾਨ ਮੁਹੰਮਦ ਦਾ ਕਬਜ਼ਾ ਸੀ ਅਤੇ ਜਿਸ ਨੂੰ ਅਤਿ ਕੀਮਤੀ ਸਮਝ ਕੇ ਸਿੱਖਾਂ ਨੇ ਉਸ ਨੂੰ ਪ੍ਰਾਪਤ ਕਰਨ ਲਈ ਵਰ੍ਹਿਆਂ-ਬੱਧੀ ਯੁੱਧ ਲੜੇ ਸਨ ਅਤੇ ਜਿਸ ਉਤੇ ਕਬਜ਼ਾ ਕਰਨ ਲਈ ਉਨ੍ਹਾਂ ਨੇ ਸਰਕਾਰੀ ਖਜ਼ਾਨੇ ਵਿਚੋਂ ਭਾਰੀ ਰਕਮਾਂ ਖਰਚੀਆਂ ਸਨ ਅਤੇ ਆਪਣੀ ਕੌਮ ਦੇ ਵਧੀਆਂ ਸੂਰਬੀਰਾਂ ਦਾ ਬਲੀਦਾਨ ਦਿਤਾ ਸੀ।

**ਅਫਗਾਨੀਆਂ ਤੇ ਸਿੱਖਾਂ ਦਾ ਗਠਜੋੜ :** ਅਮੀਰ ਦੋਸਤ ਮੁਹੰਮਦ ਖਾਨ ਸਿੱਖਾਂ ਦਾ ਇਹ ਸੱਦਾ ਪ੍ਰਵਾਨ ਕਰਕੇ ਕਾਬੁਲ ਤੋਂ ਆ ਗਿਆ। ਆਉਂਦਿਆਂ ਹੀ ਉਸ ਨੇ ਉਨ੍ਹਾਂ ਦੇ ਇਲਾਕੇ ਵਿਚ ਇਸਲਾਮ ਦਾ ਝੰਡਾ ਝੁਲਾ ਦਿਤਾ। ਸਿੱਖਾਂ ਦੇ ਗੁਰਦੁਆਰਿਆਂ ਦੀ ਬੇਅਦਬੀ ਕੀਤੀ। ਉਨ੍ਹਾਂ ਦੇ ਪਿੰਡਾਂ ਵਿਚ ਲੁੱਟਮਾਰ ਕੀਤੀ ਅਤੇ ਉਨ੍ਹਾਂ ਪਿੰਡਾਂ ਦੇ ਲੋਕਾਂ ਨਾਲ ਬੜਾ ਵਹਿਸ਼ੀ ਸਲੂਕ ਕੀਤਾ। ਪਰ ਫਿਰ ਵੀ ਸਿੱਖ ਕਾਬਲ ਦੇ ਅਮੀਰ ਦੀ ਸਹਾਇਤਾ ਮੰਗਦੇ ਰਹੇ ਅਤੇ ਨਾਲੋਂ ਨਾਲ ਉਸ ਦੀ ਫੌਜ ਦੇ ਵਿਰੁੱਧ ਲੜਦੇ ਰਹੇ ਅਤੇ ਆਪਣੀ ਹਾਰ ਤੋਂ ਪਿਛੋਂ ਵੀ ਦੋਸਤ ਮੁਹੰਮਦ ਨੂੰ ਸਹਾਇਤਾ ਕਰਨ ਲਈ ਬੇਨਤੀਆਂ ਕਰਦੇ ਰਹੇ। ਸਾਡੇ ਪ੍ਰਤੀ ਉਨ੍ਹਾਂ ਦੀ ਵੈਰ ਭਾਵਨਾ ਏਨੀ ਅਮੋੜ ਸਿੱਧ ਹੋਈ ਕਿ ਉਨ੍ਹਾਂ ਭਾਣੇ ਅਫਗਾਨਾਂ ਵਲੋਂ ਅੰਗਰੇਜ਼ਾਂ ਵਿਰੁੱਧ ਲੜਨ ਲਈ ਸਹਿਯੋਗ ਮਿਲ ਜਾਣਾ ਹੀ ਅਫਗਾਨਾਂ ਪ੍ਰਤੀ ਉਨ੍ਹਾਂ ਦੇ ਜ਼ਬਰਦਸਤ ਕੌਮੀ ਸਵੈਮਾਣ ਨੂੰ ਭੁਲਾਉਣ ਲਈ ਕਾਫੀ ਹੈ ਅਤੇ ਉਨ੍ਹਾਂ ਦੀ ਨਿਗ੍ਹਾ ਵਿਚ ਅਫਗਾਨਾਂ ਨੇ ਇਹ ਸਹਿਯੋਗ ਦੇ ਕੇ ਆਪਣੇ ਵਲੋਂ ਸਿੱਖਾਂ ਉਤੇ ਕੀਤੇ ਅਤਿਆਚਾਰਾਂ ਅਤੇ ਪਠਾਣਾਂ ਵਲੋਂ ਸਿੱਖਾਂ ਦੇ ਕੀਤੇ ਅਪਮਾਨਾਂ ਦਾ ਬਦਲਾ ਚੁਕਾ ਦਿਤਾ ਹੈ।

ਇਹੋ ਜਿਹੀਆਂ ਹਨ, ਸ੍ਰੀਮਾਨ ਜੀਓ, ਸਿੱਖਾਂ ਦੀਆਂ ਹਿੰਸਕ ਕਾਰਵਾਈਆਂ, ਜਿਨ੍ਹਾਂ ਰਾਹੀਂ ਉਨ੍ਹਾਂ ਨੇ ਇਕ ਵਾਰ ਫਿਰ ਇਕ ਮਹਿੰਗਾ ਅਤੇ ਖ਼ੂਨੀ ਯੁੱਧ ਸਾਡੇ ਉੱਤੇ ਮੜ੍ਹ ਦਿੱਤਾ ਹੈ।

ਜੇਕਰ ਕਿਸੇ ਧਿਰ ਵਲੋਂ ਸੰਧੀਆਂ ਦੀ ਉਲੰਘਣਾ ਕਰਨ ਪਿਛੋਂ, ਕਿਸੇ ਦੀ ਸੁਰੱਖਿਆ ਨੂੰ ਖਤਰਾ ਪੈਦਾ ਕਰਨ ਵਾਲੇ ਅਤੇ ਉਸ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਾਰ ਵਾਰ ਕੀਤੇ ਹਮਲਿਆਂ ਕਾਰਨ ਉਸ ਨੂੰ ਇਹ ਅਧਿਕਾਰ ਮਿਲ ਜਾਂਦਾ ਹੈ ਕਿ ਉਹ ਅਜਿਹੀ ਸੱਟ ਮਾਰਨ ਵਾਲੀ ਅਤੇ ਸੱਟ ਮਾਰਨ ਲਈ ਤਿਆਰ ਬੈਠੀ ਧਿਰ ਨੂੰ ਆਪਣੇ ਅਧੀਨ ਕਰ ਲਵੇ ਤਾਂ ਨਿਰਸੰਦੇਹ ਅੰਗਰੇਜ਼ ਸਰਕਾਰ ਨੂੰ ਹੁਣ ਇਹ ਅਧਿਕਾਰ ਹੈ ਕਿ ਉਹ ਜਿੱਤੇ ਜਾ ਚੁੱਕੇ ਪੰਜਾਬ ਨਾਲ ਜਿਵੇਂ ਜੀਅ ਚਾਹੇ ਨਿਪਟੇ। ਮੇਰੇ ਖਿਆਲ ਅਨੁਸਾਰ, ਅੰਗਰੇਜ਼ ਸਰਕਾਰ ਨੂੰ ਇਸ ਅਧਿਕਾਰ ਦੀ ਵਰਤੋਂ ਜ਼ਰੂਰ ਕਰ ਲੈਣੀ ਚਾਹੀਦੀ ਹੈ। ਮੇਰਾ ਵਿਸ਼ਵਾਸ ਹੈ ਕਿ ਬਰਤਾਨੀਆ ਸਰਕਾਰ ਨੂੰ ਆਪਣੇ ਅਧੀਨ ਹਿੰਦੁਸਤਾਨ ਅਤੇ ਪੰਜਾਬ ਦਰਮਿਆਨ ਸੰਬਧਾਂ ਦੇ ਮਸਲੇ ਨੂੰ ਇਸ ਪੱਖ ਤੋਂ ਵਿਚਾਰਨ ਦੀ ਲੋੜ ਨਹੀਂ ਰਹਿ ਗਈ ਕਿ ਕੀ ਕੁਝ ਮੁਨਾਸਬ ਹੈ ਜਾਂ ਵਕਤ ਦੀ ਮੰਗ ਕੀ ਹੈ। ਮੇਰੇ ਵਿਚਾਰ ਅਨੁਸਾਰ ਹਾਲ ਹੀ ਵਿਚ ਹੋਈਆਂ ਘਟਨਾਵਾਂ ਨੇ ਇਸ ਮਸਲੇ ਨੂੰ ਕੌਮੀ ਸੁਰੱਖਿਆ ਦਾ ਮਸਲਾ ਬਣਾ ਦਿੱਤਾ ਹੈ ਅਤੇ ਆਪਣੇ ਇਲਾਕੇ ਦੀ ਸੁਰੱਖਿਆ ਤੇ ਆਪਣੀ ਪਰਜਾ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਸਾਨੂੰ ਅਜਿਹੀ ਨੀਤੀ ਤਿਆਗ ਦੇਣੀ ਚਾਹੀਦੀ ਹੈ, ਜਿਸ ਨਾਲ ਪੰਜਾਬ ਵਿਚ ਸਿੱਖ ਰਾਜ ਦੀ ਅਜ਼ਾਦ ਹੋਂਦ ਕਾਇਮ ਰਹਿੰਦੀ ਹੋਵੇ। ਇਸ ਤੋਂ ਪਹਿਲਾਂ ਇਕ ਮੌਕੇ ਉਤੇ ਮੈਂ ਵੀ ਅਜਿਹੀ ਨੀਤੀ ਨਾਲ ਸਹਿਮਤ ਹੋ ਗਿਆ ਸਾਂ, ਜਿਸ ਅਨੁਸਾਰ ਇਨ੍ਹਾਂ ਇਲਾਕਿਆਂ ਨੂੰ ਅੰਗਰੇਜ਼ੀ ਸਾਮਰਾਜ ਵਿਚ ਮਿਲਾ ਲੈਣ ਦੀ ਕਾਰਵਾਈ ਤੋਂ ਗੁਰੇਜ਼ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਮੈਂ ਇਸ ਅਸੂਲ ਨੂੰ ਵੀ ਪ੍ਰਵਾਨ ਕਰ ਲਿਆ ਸੀ ਕਿ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੂੰ ਆਪਣੇ ਇਲਾਕਿਆਂ ਵਿਚ ਹੋਰ ਵਾਧਾ ਕਰਨ ਦੀ ਇੱਛਾ ਨਹੀਂ ਕਰਨੀ ਚਾਹੀਦੀ ਅਤੇ ਮੈਂ ਆਪਣੇ ਇਨ੍ਹਾਂ ਵਿਚਾਰਾਂ ਉੱਤੇ ਅਜੇ ਵੀ ਉਸੇ ਤਰ੍ਹਾਂ ਕਾਇਮ ਹਾਂ। ਫਿਰ ਵੀ ਮੇਰਾ ਵਿਚਾਰ ਹੈ ਕਿ ਬ੍ਰਿਟਿਸ਼ ਇੰਡੀਆ ਲਈ ਸਭ ਤੋਂ ਵਧੀਆ ਪ੍ਰਬੰਧ ਇਹ ਹੋ ਸਕਦਾ ਸੀ ਕਿ ਪੰਜਾਬ ਵਿਚ ਇਕ ਮਜ਼ਬੂਤ ਤੇ ਮਿੱਤਰ ਭਾਵ ਵਾਲੀ ਸਰਕਾਰ ਸਥਾਪਤ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਜਾਂਦੀ।

ਮੇਰਾ ਖਿਆਲ ਹੈ ਅੰਗਰੇਜ਼ ਸਰਕਾਰ ਦੀ ਪੰਜਾਬ ਦੇ ਸਬੰਧ ਵਿਚ ਨੀਤੀ ਹੁਣ ਚਾਹੇ ਕਿਹੋ ਜਿਹੀ ਵੀ ਹੋਵੇ, ਇਸ ਨੇ ਇਕ ਸਰਹੱਦੀ ਰਾਜ ਵਿਚ ਏਨਾ ਚੰਗਾ ਪ੍ਰਬੰਧ ਕਰਕੇ, ਇਸ ਪ੍ਰਤੀ ਏਨਾ ਨਰਮ ਰਵੱਈਆ ਅਪਣਾ ਕੇ, ਇਕ ਪੁਨਰ-ਗਠਤ ਸਲਤਨਤ ਦੀ ਮਜਬੂਰੀ ਤੇ ਵਿਕਾਸ ਲਈ ਦਿਆਨਤਦਾਰੀ ਨਾਲ ਕੰਮ ਕਰਕੇ ਆਪਣੇ ਲਈ ਸਨਮਾਨ ਖੱਟਿਆ ਹੈ ਅਤੇ ਇਸ ਤਰ੍ਹਾਂ ਆਪਣੇ ਨੇਕ ਇਰਾਦਿਆਂ ਬਾਰੇ ਕੋਈ ਸੰਦੇਹ ਨਹੀਂ ਰਹਿਣ ਦਿੱਤਾ। ਬਾਅਦ ਵਿਚ ਵਾਪਰੀਆਂ ਘਟਨਾਵਾਂ ਨੇ ਇਹ ਗੱਲ ਪ੍ਰਤਖ ਕਰ ਦਿੱਤੀ ਹੈ ਕਿ ਪੰਜਾਬ ਵਿਚ ਇਕ ਅਜਿਹੀ ਮਜ਼ਬੂਤ ਹਿੰਦੂ ਸਰਕਾਰ ਵੀ ਕਾਇਮ ਨਹੀਂ ਕੀਤੀ ਜਾ ਸਕਦੀ, ਜਿਹੜੀ ਆਪਣੀਆਂ ਫੌਜਾਂ ਨੂੰ ਕਾਬੂ ਅਤੇ ਪਰਜਾ ਨੂੰ ਜ਼ਬਤ ਵਿਚ ਰੱਖ ਸਕਦੀ ਹੋਵੇ।



ਇਸ ਮਨੋਰਥ ਲਈ ਲੋੜੀਂਦੇ ਵਸੀਲੇ ਪ੍ਰਾਪਤ ਨਹੀਂ ਹਨ। ਜੇਕਰ ਇਹ ਪ੍ਰਾਪਤ ਵੀ ਹੋ ਜਾਣ ਤਾਂ ਵੀ ਇਹ ਸਪਸ਼ਟ ਹੋ ਗਿਆ ਹੈ ਕਿ ਜਿਸ ਉਦੇਸ਼ ਲਈ ਅਸੀਂ ਇਕ ਮਜ਼ਬੂਤ ਸਿੱਖ ਰਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਾਂ, ਉਸ ਦੀ ਪੂਰਤੀ ਇਸ ਤਰ੍ਹਾਂ ਵੀ ਨਹੀਂ ਹੋ ਸਕੇਗੀ। ਅਜਿਹੀ ਸਰਕਾਰ ਦੀ ਸਥਾਪਨਾ ਤੋਂ ਅਸੀਂ ਇਹ ਆਸ ਰੱਖੀ ਬੈਠੇ ਸਾਂ ਕਿ ਉਹ ਸਾਡੇ ਅਤੇ ਮੁਸਲਿਮ ਤਾਕਤਾਂ ਵਿਚਕਾਰ ਇਕ ਕੰਧ ਦਾ ਕੰਮ ਕਰੇਗੀ ਅਤੇ ਇਉਂ ਉਨ੍ਹਾਂ ਤੋਂ ਸਾਡਾ ਬਚਾਓ ਕਰੇਗੀ। ਪਰ ਹੁਣ ਅਸੀਂ ਵੇਖ ਲਿਆ ਹੈ ਕਿ ਸਿੱਖਾਂ ਦੇ ਮਨਾਂ ਵਿਚ ਅਫਗਾਨਾਂ ਨਾਲ ਉਨ੍ਹਾਂ ਦੀ ਕੌਮੀ ਤੇ ਧਾਰਮਿਕ ਦੁਸ਼ਮਣੀ ਨਾਲੋਂ ਉਨ੍ਹਾਂ ਦੀ ਸਾਡੇ ਪ੍ਰਤੀ ਘ੍ਰਿਣਾ ਏਨੀ ਵੱਧ ਹੈ ਕਿ ਅਫਗਾਨਾਂ ਵਲੋਂ ਹਮਲਾ ਹੋਣ ਦੀ ਹਾਲਤ ਵਿਚ ਸਾਡੀ ਰੱਖਿਆ ਕਰਨਾ ਤਾਂ ਇਕ ਪਾਸੇ ਰਿਹਾ ਸਗੋਂ ਉਨ੍ਹਾਂ ਨੇ ਆਪ ਹੀ ਸਾਡੇ ਨਾਲ ਯੁੱਧ ਛੇੜ ਲਿਆ ਹੈ ਅਤੇ ਮੁਸਲਿਮ ਤਾਕਤਾਂ ਨੂੰ ਇਕੱਠਾ ਕਰਕੇ ਸਾਡੇ ਉੱਤੇ ਹਮਲਾ ਕਰਨ ਲਈ ਆਪਣੇ ਨਾਲ ਰਲਾ ਲਿਆ ਹੈ।

ਜੁਝਾਰੂ ਸੁਭਾਅ ਦੇ ਤੇ ਬੜੀ ਦੇਰ ਤੋਂ ਜਿੱਤਾਂ ਪ੍ਰਾਪਤ ਕਰਨ ਦੇ ਆਦੀ ਹੋਣ ਕਰਕੇ ਉਹ ਹੁਣ ਸਾਨੂੰ ਆਪਣੇ ਉਪਰ ਜੇਤੂ ਹੋਏ ਵੇਖ ਕੇ ਜ਼ਰੂਰ ਹੀ ਸਾਡੇ ਨਾਲ ਖਾਰ ਖਾਂਦੇ ਹੋਣਗੇ। ਧਾਰਮਿਕ



ਤੌਰ ਉੱਤੇ ਕਟੜ ਹੋਣ ਕਰਕੇ ਉਹ ਸਾਨੂੰ ਅਤੇ ਸਾਡੇ ਅਜਿਹੇ ਰੀਤੀ-ਰਿਵਾਜ਼ਾਂ ਨਾਲ ਜ਼ਰੂਰ ਨਫ਼ਰਤ ਕਰਨਗੇ, ਜਿਹੜੇ ਉਨ੍ਹਾਂ ਦੇ ਆਸ਼ਿਆਂ ਦੇ ਵਿਰੁੱਧ ਹੋਣਗੇ। ਸਾਨੂੰ ਤਾਂ ਇਹ ਆਸ ਸੀ ਕਿ ਅਕਲਮੰਦੀ ਤੋਂ ਕੰਮ ਲੈਂਦੇ ਹੋਏ ਅਤੇ ਆਪਣੇ ਹਿੱਤਾਂ ਨੂੰ ਮੁਖ ਰੱਖਦੇ ਹੋਏ ਉਹ ਇਸ ਤੋਂ ਪਹਿਲੇ ਹਮਲੇ ਬਦਲੇ ਭੁਗਤੀ ਸਜ਼ਾ ਨੂੰ ਯਾਦ ਕਰਕੇ ਸਾਨੂੰ ਕੋਈ ਤਾਜ਼ਾ ਸੱਟ ਮਾਰਨ ਤੋਂ ਸੰਕੋਚ ਕਰਨਗੇ ਅਤੇ ਸਾਡੇ ਧੀਰਜ ਅਤੇ ਮਿੱਤਰਤਾ-ਭਾਵ ਨੂੰ ਵੇਖ ਕੇ ਉਨ੍ਹਾਂ ਨੂੰ ਸ਼ਾਇਦ ਸਾਡੇ ਨਾਲ ਮੇਲ-ਮਿਲਾਪ ਰੱਖਣ ਜਾਂ ਘੱਟੋ ਘੱਟ ਅਮਨ ਨਾਲ ਰਹਿਣ ਦੀ ਪਰੇਰਨਾ ਮਿਲੇਗੀ, ਪਰੰਤੂ ਘਟਨਾਵਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਾਨੂੰ ਇਹ ਆਸ ਹੁਣ ਬਿਲਕੁਲ ਛੱਡ ਦੇਣੀ ਚਾਹੀਦੀ ਹੈ। ਜੇਕਰ ਸਤਲੁਜ ਦੇ ਯੁੱਧ ਤੋਂ ਪਿਛੋਂ ਦੋ ਵਰ੍ਹਿਆਂ ਦੇ ਵਿਚ ਵਿਚ ਹੀ ਉਹ ਸਾਡੇ ਵਲੋਂ ਦਿੱਤੀ ਗਈ ਸਖ਼ਤ ਸਜ਼ਾ ਨੂੰ ਅਤੇ ਉਸ ਤੋਂ ਪਿਛੋਂ ਕੀਤੇ ਗਏ ਨਰਮ ਵਰਤਾਓ ਨੂੰ ਭੁੱਲ ਕੇ ਸਾਡੇ ਨਾਲ ਫਿਰ ਯੁੱਧ ਛੇੜੀ ਬੈਠੇ ਹਨ ਤਾਂ ਹੁਣ ਇਹ ਆਸ ਰੱਖਣੀ ਮੂਰਖਤਾ ਹੋਵੇਗੀ ਕਿ ਅਸੀਂ ਕਦੇ ਵੀ ਸਿੱਖਾਂ ਦੇ ਦਿਲ ਜਾਂ ਦਿਮਾਗ ਵਿਚ ਅੰਗਰੇਜ਼ਾਂ ਪ੍ਰਤੀ ਕਿਸੇ ਤਰ੍ਹਾਂ ਦੀ ਸੁਰੱਖਿਆ ਦੀ ਭਾਵਨਾ ਪੈਦਾ ਕਰ ਸਕਾਂਗੇ ਜਿਸ ਨਾਲ ਉਹ ਆਏ ਸਾਲ ਵਾਰ ਵਾਰ ਇਹੋ ਜਿਹੀਆਂ ਗੜਬੜੀ ਜਾਂ ਹਮਲੇ ਵਾਲੀਆਂ ਕਾਰਵਾਈਆਂ ਕਰਨ ਤੋਂ ਬਾਜ ਆਉਣਗੇ।

**ਸਿੱਖਾਂ ਦੇ ਹਥਿਆਰ ਖੋਹ ਲਵੋ :** ਜਦੋਂ ਤਕ ਇਥੋਂ ਦੇ ਲੋਕਾਂ ਦੇ ਯੁੱਧ ਕਰਨ ਲਈ ਪ੍ਰਾਪਤ ਸਾਰੇ ਵਸੀਲੇ ਅਤੇ ਅਵਸਰ ਇਨ੍ਹਾਂ ਪਾਸ ਰਹਿਣ ਦਿੱਤੇ ਜਾਣਗੇ, ਉਦੋਂ ਤਕ ਪੰਜਾਬ ਵਿਚ ਅਮਨ ਕਾਇਮ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਹਿੰਦੁਸਤਾਨ ਵਿਚ ਵੀ ਅਮਨ ਕਾਇਮ ਰੱਖਣ ਦੀ ਉਦੋਂ ਤਕ ਕੋਈ ਜ਼ਾਮਨੀ ਨਹੀਂ ਦਿੱਤੀ ਜਾ ਸਕਦੀ ਉਦੋਂ ਤਕ ਅਸੀਂ ਸਾਰੀ ਸਿੱਖ ਪਰਜਾ ਤੋਂ ਈਨ ਨਹੀਂ ਮੰਨਵਾ ਲੈਂਦੇ ਅਤੇ ਇਕ ਅਜ਼ਾਦ ਦੇਸ਼ ਵਜੋਂ ਉਨ੍ਹਾਂ ਦੀ ਹੋਂਦ ਹੀ ਖਤਮ ਨਹੀਂ ਕਰ ਦਿੰਦੇ।

ਸ਼ਾਇਦ ਇਹ ਦਲੀਲ ਵੀ ਦਿੱਤੀ ਜਾਵੇ ਕਿ ਸਾਡੇ ਵਲੋਂ ਹੋਰਨਾਂ ਭਾਰਤੀ ਰਾਜਿਆਂ ਨੂੰ ਜਿੱਤ ਕੇ ਆਪਣੇ ਇਲਾਕਿਆਂ ਦਾ ਪਸਾਰ ਕਰਨ ਤੋਂ ਸੰਕੋਚ ਕਰਨ ਦਾ ਵਿਖਾਵਾ ਕਰਨਾ ਸਾਡੇ ਲਈ ਲਾਭਕਾਰੀ ਰਹੇਗਾ ਤੇ ਕਿਉਂਕਿ ਪੰਜਾਬ ਦੀ ਸਰਕਾਰ ਉਤੇ ਵੱਡੀ ਹੱਦ ਤਕ ਆਪਣਾ ਕੰਟਰੋਲ ਕਾਇਮ ਰੱਖਣ ਦਾ ਪ੍ਰਬੰਧ ਕਰਕੇ ਅਤੇ ਅਜਿਹੀ ਤਬਦੀਲੀ ਕਰਕੇ, ਜਿਨ੍ਹਾਂ ਨਾਲ ਸਾਰੀ ਅਸਲ ਤਾਕਤ ਸਾਡੇ ਹੱਥਾਂ ਵਿਚ ਆ ਜਾਵੇ, ਅਸੀਂ ਆਪਣੇ ਆਪ ਨੂੰ ਸੁਰੱਖਿਅਤ ਕਰ ਲਿਆ ਹੈ। ਇਸ ਲਈ ਪੰਜਾਬ ਵਿਚ ਸਿੱਖ ਦੇਸ਼ ਨੂੰ ਇਕ ਅਜ਼ਾਦ ਰਾਜ ਦੇ ਤੌਰ ਉਤੇ ਕਾਇਮ ਰਹਿਣ ਦੇਣਾ ਅਕਲਮੰਦੀ ਹੋਵੇਗੀ ਪਰ ਮੈਨੂੰ ਸਮਝ ਨਹੀਂ ਆਉਂਦੀ ਇਹੋ ਜਿਹੀ ਨੀਤੀ ਅਪਨਾਉਣ ਦਾ ਕੀ ਲਾਭ ਹੋਵੇਗਾ। ਭੈਰੋਵਾਲ ਦੀ ਸੰਧੀ ਅਨੁਸਾਰ ਪੰਜਾਬ ਦਾ ਰਾਜ-ਪ੍ਰਬੰਧ ਕੌਮੀ ਮੁਖੀਆਂ ਦੀ ਕੌਂਸਲ ਨੂੰ ਇਸ ਸ਼ਰਤ ਉਤੇ ਸੌਂਪਿਆ ਗਿਆ ਸੀ ਕਿ ਰਾਜ ਦੇ ਹਰ ਵਿਭਾਗ ਉੱਤੇ ਰੈਜ਼ੀਡੈਂਟ ਦਾ ਅਧਿਕਾਰ ਹੋਵੇਗਾ।

ਜੇਕਰ ਹੁਣ ਰਾਜ ਉਤੇ ਵਧੇਰੇ ਕਰੜਾ ਅਤੇ ਸਹੀ ਅਰਥਾਂ ਵਿਚ ਪ੍ਰਭਾਵਸ਼ਾਲੀ ਕੰਟਰੋਲ ਕਾਇਮ ਕਰਨਾ ਹੈ ਤਾਂ ਰਾਜ ਦੀ ਫੌਜ ਦਾ ਨਵੇਂ ਸਿਰਿਉਂ ਗਠਨ ਕਰਕੇ ਉਸ ਨੂੰ ਸਿੱਧੇ ਤੌਰ ਉਤੇ ਰੈਜ਼ੀਡੈਂਟ ਦੇ ਹੁਕਮਾਂ ਅਧੀਨ ਲਿਆਂਦਾ ਜਾਣਾ ਚਾਹੀਦਾ ਹੈ। ਸਥਾਨਕ ਪ੍ਰਬੰਧਾਂ ਨੂੰ ਲਾਂਭੇ ਕਰਕੇ ਯੂਰਪੀਨ ਅਧਿਕਾਰੀਆਂ ਰਾਹੀਂ ਰਾਜਪ੍ਰਬੰਧ ਚਲਾਉਣ ਦੀ ਪ੍ਰਣਾਲੀ ਲਾਗੂ ਕੀਤੀ ਜਾਣੀ ਚਾਹੀਦੀ ਹੈ। ਤਖ਼ਤ ਦਾ ਮਾਲਕ ਤਾਂ ਮਹਾਰਾਜਾ ਹੋਵੇ ਪਰ ਪੰਜਾਬ ਦਾ ਰਾਜਪ੍ਰਬੰਧ ਅੰਗਰੇਜ਼ ਅਫਸਰ ਚਲਾਉਣ। ਇਸ ਤੋਂ ਘੱਟ ਕੋਈ ਵੀ ਰੱਦੋਬਦਲ ਰੈਜ਼ੀਡੈਂਟ ਨੂੰ ਪ੍ਰਾਪਤ ਵਰਤਮਾਨ ਅਧਿਕਾਰਾਂ ਤੋਂ ਵਧੇਰੇ ਪ੍ਰਭਾਵਸ਼ਾਲੀ ਅਧਿਕਾਰ ਨਹੀਂ ਦਿਵਾ ਸਕਦੀ।

ਪਰ ਜੇਕਰ ਇਸ ਨੀਤੀ ਉਤੇ ਅਮਲ ਕਰਨਾ ਹੈ, ਜੇਕਰ ਇਕ ਅੰਗਰੇਜ਼ ਕਰਿੰਦੇ ਨੂੰ ਸਰਕਾਰ ਦਾ ਮੁਖੀ ਬਣਾਇਆ ਜਾਣਾ ਹੈ, ਜੇਕਰ ਯੂਰਪੀਨ ਏਜੰਟਾਂ ਨੇ ਸਿਵਲ ਪ੍ਰਬੰਧ ਨੂੰ ਚਲਾਉਣਾ ਹੈ, ਜੇਕਰ ਸਿੱਖ ਮੁਖੀਆਂ ਦੀ ਸਰਕਾਰ ਨੂੰ ਲਾਂਭੇ ਕਰਨਾ ਹੈ, ਜੇਕਰ ਫੌਜ ਸਾਰੀ ਦੀ ਸਾਰੀ ਸਾਡੀ ਹੀ ਹੋਣੀ ਹੈ (ਜਿਹਾ ਕਿ ਇਸ ਹਾਲਤ ਵਿਚ ਹੋਵੇਗਾ ਹੀ) ਅਤੇ ਅੰਗਰੇਜ਼ ਅਫਸਰਾਂ ਨੇ ਹੀ ਇਹ ਫੌਜ ਖੜ੍ਹੀ ਕਰਨੀ ਹੈ, ਇਸ ਨੂੰ ਤਨਖਾਹ ਦੇਣੀ ਹੈ ਅਤੇ ਜ਼ਾਬਤੇ ਵਿਚ ਰੱਖਣਾ ਅਤੇ ਇਸ ਦੀ ਕਮਾਨ ਸੰਭਾਲਣੀ ਹੈ, ਤਾਂ ਮੈਂ ਤਾਂ ਕਹਾਂਗਾ ਕਿ ਪੰਜਾਬ ਨੂੰ ਅਜ਼ਾਦ ਰਾਜ ਵਜੋਂ ਕਾਇਮ ਰੱਖਣ ਦਾ ਪਖੰਡ ਕਰਨਾ ਐਵੇਂ ਇਕ ਮਜ਼ਾਕ ਹੋਵੇਗਾ। ਮੇਰਾ ਖਿਆਲ ਹੈ ਅਜਿਹੀ ਨੀਤੀ ਨਾ ਤਾਂ ਸਾਡੇ ਲਈ ਲਾਭਕਾਰੀ ਅਤੇ ਨਾ ਹੀ ਸਾਡੇ ਲਈ ਜਸ ਖੱਟਣ ਵਾਲੀ ਸਿੱਧ ਹੋਵੇਗੀ। ਤਖ਼ਤ ਦੇ ਠਾਠ ਨੂੰ ਕਾਇਮ ਰੱਖ ਕੇ, ਅਸੀਂ ਸਿੱਖਾਂ ਨੂੰ ਆਪਣੀ ਕੌਮੀ ਯਾਦ ਮਨਾਂ ਵਿਚ ਸਾਂਭੀ ਰੱਖਣ ਲਈ ਅਤੇ ਨਿਰੰਤਰ ਸਾਜ਼ਿਸ਼ਾਂ ਘੜਨ ਵਾਲਿਆਂ ਦਾ ਕੇਂਦਰ ਬਣਨ ਜੋਗੀ ਰਾਜ ਸਤਾ ਦੇ ਰਹੇ ਹੋਵਾਂਗੇ। ਇਨ੍ਹਾਂ ਇਲਾਕਿਆਂ ਲਈ ਮਿਹਨਤ, ਸਾਰੀ ਚਿੰਤਾ ਅਤੇ ਸਾਰੀ ਜ਼ਿੰਮੇਵਾਰੀ ਤਾਂ ਸਾਡੇ ਸਿਰ ਇਉਂ ਰਹੇਗੀ, ਜਿਵੇਂ ਕਿਤੇ ਇਹ ਇਲਾਕੇ ਸੱਚਮੁੱਚ ਸਾਡੇ ਆਪਣੇ ਹੋਣ ਪਰੰਤੂ ਇਸ



ਪ੍ਰਕਾਰ ਸਰਕਾਰੀ ਆਮਦਨ ਵਿਚ ਹੋਣ ਵਾਲੇ ਵਾਧੇ ਅਤੇ ਐਲਾਨੀਆਂ ਮਾਲਕੀ ਦੇ ਲਾਭ ਸਾਨੂੰ ਨਹੀਂ ਮਿਲਣਗੇ।

ਨਾ ਹੀ ਅਜਿਹੀ ਰੱਦੋਬਦਲ ਰਾਹੀਂ ਭਾਰਤ ਦੀਆਂ ਰਾਜ-ਭਾਗ ਦੀਆਂ ਮਾਲਕ ਤਾਕਤਾਂ ਵਿਚ ਸਾਡੀ ਕੋਈ ਇੱਜ਼ਤ ਬਣੇਗੀ ਕਿ ਅਸੀਂ (ਸਿੱਖ) ਰਾਜ ਦੀ ਅਜ਼ਾਦੀ ਨੂੰ ਢਾਹ ਲਾਉਣ ਤੋਂ ਪ੍ਰਹੇਜ਼ ਕੀਤਾ ਹੈ। ਸਗੋਂ ਸਥਾਨਕ ਤਾਕਤਾਂ ਤਾਂ ਸਾਡੇ ਵਾਂਗ ਹੀ ਸਪੱਸ਼ਟ ਤੌਰ ਉਤੇ ਇਹ ਅਨੁਭਵ ਕਰਨਗੀਆਂ ਕਿ ਇਸ ਅਜ਼ਾਦੀ ਵਿਚ ਕੋਈ ਅਸਲੀਅਤ ਨਹੀਂ ਰਹਿ ਗਈ। ਮੇਰੀ ਨਿਰਮਾਣ ਜਿਹੀ ਰਾਇ ਤਾਂ ਇਹ ਹੈ ਕਿ ਜੋ ਕੁਝ ਅਸੀਂ ਅਮਲੀ ਤੌਰ ਉਤੇ ਕਰ ਦਿੱਤਾ ਹੈ, ਉਸ ਨੂੰ ਸਪਸ਼ਟ ਤੌਰ ਉੱਤੇ ਮੰਨਣ ਦੀ ਇਮਾਨਦਾਰੀ ਅਤੇ ਸਾਹਸ ਦੀ ਘਾਟ ਵਿਖਾ ਕੇ ਨਾ ਤਾਂ ਅਸੀਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਕੋਈ ਸਨਮਾਨ ਪ੍ਰਾਪਤ ਕਰ ਸਕਦੇ ਹਾਂ ਤੇ ਨਾ ਹੀ ਸਾਡੀ ਤਾਕਤ ਵਿਚ ਕੋਈ ਵਾਧਾ ਹੋ ਸਕਦਾ ਹੈ।

**ਬ੍ਰਿਟਿਸ਼ ਹਕੂਮਤ ਦੇ ਅਪਰਾਧ :** ਇਹ ਇਤਰਾਜ਼ ਵੀ ਪੇਸ਼ ਕੀਤਾ ਗਿਆ ਹੈ ਕਿ ਪੰਜਾਬ ਵਿਚ ਵਰਤਮਾਨ ਖਾਨਦਾਨੀ ਰਾਜ ਨੂੰ ਤੋੜਨਾ ਉਚਿਤ ਨਹੀਂ ਹੋਵੇਗਾ ਕਿਉਂਕਿ ਮਹਾਰਾਜਾ ਦਲੀਪ ਸਿੰਘ ਨੂੰ ਨਬਾਲਗ ਹੋਣ ਕਰਕੇ ਸਿੱਖ ਕੌਮ ਵਲੋਂ ਕੀਤੇ ਕੰਮਾਂ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਪੂਰੇ ਸਤਿਕਾਰ ਸਹਿਤ ਮੈਂ ਅਜਿਹੇ ਵਿਚਾਰ ਰੱਖਣ ਵਾਲਿਆਂ ਨਾਲ ਉਨ੍ਹਾਂ ਦੇ ਸਿਧਾਂਤ ਦੇ ਠੋਸ ਹੋਣ ਬਾਰੇ ਮੱਤਭੇਦ ਰੱਖਦਾ ਹਾਂ। ਮੇਰਾ ਖਿਆਲ ਹੈ ਕਿ ਇਹ ਦਲੀਲ ਸਿਧਾਂਤਕ ਤੌਰ ਉੱਤੇ ਮੰਨਣਯੋਗ ਨਹੀਂ ਹੈ। ਵਿਹਾਰੀ ਤੌਰ ਉਤੇ ਵੀ ਹੁਣ ਤਕ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ ਗਈ, ਖੁਦ ਮਹਾਰਾਜਾ ਦਲੀਪ ਸਿੰਘ ਦੇ ਮਾਮਲੇ ਵਿਚ ਵੀ ਇਸ ਦੀ ਉਲੰਘਣਾ ਕੀਤੀ ਜਾ ਚੁੱਕੀ ਹੈ। ਸੰਨ 1845 ਵਿਚ ਜਦੋਂ ਖਾਲਸਾ ਫੌਜ ਨੇ ਸਾਡੇ ਇਲਾਕਿਆਂ ਉਤੇ ਹਮਲਾ ਕੀਤਾ ਤਾਂ ਮਹਾਰਾਜਾ ਦਲੀਪ ਸਿੰਘ ਨੂੰ ਵੀ ਇਸ ਹਮਲੇ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਸੀ ਸਮਝਿਆ ਗਿਆ ਅਤੇ ਨਾ ਹੀ ਉਸ ਨੂੰ ਆਪਣੇ ਲੋਕਾਂ ਰਾਹੀਂ ਕੀਤੀਆਂ ਕਾਰਵਾਈਆਂ ਦੇ ਨਤੀਜੇ ਭੁਗਤਣ ਤੋਂ ਛੋਟ ਦਿੱਤੀ ਗਈ ਸੀ। ਇਸ ਦੇ ਉਲਟ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੇ ਮਹਾਰਾਜਾ ਦੇ ਰਾਜਪ੍ਰਬੰਧ ਦਾ ਸਭ ਤੋਂ ਅਮੀਰ ਸੂਬਾ ਜ਼ਬਤ ਕਰ ਲਿਆ ਸੀ ਅਤੇ (ਮਹਾਰਾਜੇ ਨੇ) ਉਸ ਪ੍ਰਤੀ ਦਿਖਾਏ ਨਰਮ ਰਵੱਈਏ ਕਰਕੇ ਸਰਕਾਰ ਦੀ ਸ਼ਲਾਘਾ ਕੀਤੀ ਸੀ।

ਗਵਰਨਰ ਜਨਰਲ ਦੇ ਸਾਹਮਣੇ ਮਹਾਰਾਜੇ ਦੇ ਆਪਣੇ ਮੂੰਹੋਂ ਅਧੀਨਗੀ ਸਵੀਕਾਰ ਕਰਵਾਈ ਗਈ ਸੀ। ਅੰਗਰੇਜ਼ ਸਰਕਾਰ ਨੇ ਓਨਾ ਚਿਰ ਨਾ ਤਾਂ ਉਸ ਪ੍ਰਤੀ ਰਹਿਮਦਿਲੀ ਵਿਖਾਈ ਸੀ ਤੇ ਨਾ ਹੀ ਉਸ ਨੂੰ ਰਾਜਭਾਗ ਵਾਪਸ ਸੌਂਪਿਆ ਸੀ। ਇਸ ਦੇ ਨਾਲ ਹੀ ਮਹਾਰਾਜੇ ਤੋਂ ਆਪਣੇ ਲੋਕਾਂ ਵਲੋਂ ਕੀਤੇ ਗਏ ਅਪਰਾਧਾਂ ਬਦਲੇ ਦੰਡ ਭਰਵਾ ਕੇ ਉਸ ਨੂੰ ਉਚਿਤ ਚੇਤਾਵਨੀ ਦਿੱਤੀ ਗਈ ਸੀ ਕਿ ਉਹ ਆਪਣੇ ਲੋਕਾਂ ਵਲੋਂ ਕੀਤੇ ਜਾਣ ਵਾਲੇ ਹੋਰ ਅਪਰਾਧਾਂ ਲਈ ਵੀ ਇਸੇ ਤਰ੍ਹਾਂ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਮਹਾਰਾਜਾ ਇਸ ਚੇਤਾਵਨੀ ਨੂੰ ਸਵੀਕਾਰ ਕਰਦਾ ਹੋਇਆ ਆਪਣੇ ਉਤਰ ਵਿਚ ਆਖਦਾ ਹੈ, "ਜੇਕਰ ਮੇਰੀ ਸਰਕਾਰ ਦੇ ਭੈੜੇ ਰਾਜਪ੍ਰਬੰਧ ਦੇ ਸਿੱਟੇ ਵਜੋਂ ਅੰਗਰੇਜ਼ਾਂ ਦੇ ਸਰਹੱਦੀ ਇਲਾਕਿਆਂ ਵਿਚ ਅਮਨ ਭੰਗ ਹੋਵੇ ਤਾਂ ਮੈਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਜਾਵੇ।" (ਦਸੰਬਰ 1846)।

ਜੇਕਰ ਮਹਾਰਾਜੇ ਨੂੰ ਅੱਠ ਵਰ੍ਹਿਆਂ ਦੀ ਬਾਲ ਉਮਰ ਵਿਚ ਵੀ ਇਹ ਦਲੀਲਾਂ ਦੇ ਕੇ ਜ਼ਿੰਮੇਵਾਰੀ ਤੋਂ ਛੋਟ ਨਹੀਂ ਸੀ ਦਿੱਤੀ ਗਈ ਤਾਂ ਹੁਣ ਚਾਰ ਸਾਲ ਹੋਰ ਵੱਡਾ ਹੋ ਜਾਣ ਤੋਂ ਬਾਅਦ ਉਸ ਨੂੰ ਅਜਿਹੀ ਛੋਟ ਦਿੱਤੇ ਜਾਣ ਦਾ ਹੱਕਦਾਰ ਨਹੀਂ ਠਹਿਰਾਇਆ ਜਾ ਸਕਦਾ।

ਜੇਕਰ ਸਤਿਕਾਰਯੋਗ ਈਸਟ ਇੰਡੀਆ ਕੰਪਨੀ ਨੇ ਸੰਨ 1846 ਵਿਚ ਮਹਾਰਾਜੇ ਤੋਂ ਉਸ ਦੇ ਲੋਕਾਂ ਵਲੋਂ ਕੀਤੇ ਭੈੜੇ ਕੰਮਾਂ ਕਰਕੇ ਉਸ ਦੇ ਸਭ ਤੋਂ ਵਧੀਆ ਸੂਬੇ ਦੇ ਉਸ ਤੋਂ ਖੋਹ ਲਏ ਜਾਣ ਦੀ ਕਾਰਵਾਈ ਨੂੰ ਪੂਰਨ ਪ੍ਰਵਾਨਗੀ ਦੇ ਦਿੱਤੀ ਸੀ ਤਾਂ ਇਸੇ ਅਸੂਲ ਦੇ ਆਧਾਰ ਉੱਤੇ ਹੀ ਕੰਪਨੀ ਅੰਗਰੇਜ਼ਾਂ ਦੇ ਹਿੱਤਾਂ ਦੀ ਖਾਤਰ, ਮਹਾਰਾਜੇ ਦੇ ਲੋਕਾਂ ਵਲੋਂ ਕੀਤੇ ਉਸ ਤੋਂ ਵੀ ਵੱਧ ਭੈੜੇ ਕੰਮਾਂ ਬਦਲੇ ਉਸ ਵਿਰੁੱਧ ਉਸੇ ਤਰ੍ਹਾਂ ਦੀ ਅਤਿ ਜ਼ਰੂਰੀ ਕਾਰਵਾਈ ਕੀਤੇ ਜਾਣ ਦੀ ਨਿਖੇਧੀ ਨਹੀਂ ਕਰ ਸਕਦੀ।

ਮੈਨੂੰ ਸੱਚਮੁੱਚ ਹੀ ਇਸ ਗੱਲ ਦਾ ਅਫਸੋਸ ਹੈ ਕਿ ਸਾਨੂੰ ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸ ਨੂੰ ਤਖ਼ਤ ਤੋਂ ਲਾਹੁਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਆਪਣਾ ਇਹ ਵਿਸ਼ਵਾਸ ਪੱਕਾ ਹੋ ਜਾਣ ਨਾਲ ਕਿ ਆਪਣੇ ਹੀ ਰਾਜ ਦੀ ਸੁਰਖਿਆ ਦੀ ਖਾਤਰ ਸਾਡੇ ਲਈ ਸਿੱਖ ਕੌਮ ਨੂੰ ਆਪਣੇ ਅਧੀਨ ਕਰਨਾ ਲਾਜ਼ਮੀ ਬਣ ਗਿਆ ਹੈ, ਮੈਂ ਕੇਵਲ ਇਸ ਕਰਕੇ ਪਿਛਾਂਹ ਨਹੀਂ ਹਟ ਸਕਦਾ ਕਿ ਸਿੱਖ ਕੌਮ ਨੂੰ ਅਧੀਨ ਕਰਨ ਲਈ ਕੰਵਰ ਨੂੰ ਤਖ਼ਤ ਤੋਂ ਲਾਹੁਣਾ ਪਏਗਾ। ਮੇਰਾ ਮਨ ਮੈਨੂੰ ਇਹ ਆਗਿਆ ਨਹੀਂ ਦਿੰਦਾ ਕਿ ਇਕ ਬੱਚੇ ਦੀ ਹਾਲਤ ਉਤੇ ਗਲਤ ਸਮੇਂ ਅਤੇ ਗਲਤ ਥਾਂ ਉਤੇ ਤਰਸ ਕਰਨ ਦੀ ਖਾਤਰ ਮੈਂ ਲੱਖਾਂ ਦੀ ਗਿਣਤੀ ਵਿਚ ਅੰਗਰੇਜ਼ ਪਰਜਾ ਦੀ ਸੁਰੱਖਿਆ ਅਤੇ ਖੁਸ਼ਹਾਲੀ ਪ੍ਰਤੀ ਆਪਣੇ ਕਰੱਤਵ ਨਿਭਾਉਣ ਦੇ ਰਾਹ ਤੋਂ ਲਾਂਭੇ ਹਟ ਜਾਵਾਂ।

ਆਪਣੀ ਨੀਤੀ ਵਿਚ ਸੰਭਵ ਤੌਰ ਉਤੇ ਤਜਵੀਜ਼ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਬਾਰੇ ਕੀਤੇ ਜਾਣ ਵਾਲੇ ਸੰਭਵ ਇਤਰਾਜ਼ਾਂ ਦਾ ਵਰਨਣ ਕਰਨ ਪਿਛੋਂ ਮੈਂ ਆਪਣਾ ਇਹ ਵਿਸ਼ਵਾਸ ਫਿਰ ਦੁਹਰਾਉਂਦਾ ਹਾਂ ਕਿ ਅਜਿਹਾ ਕਰਨ ਤੋਂ ਬਿਨਾ ਸਾਡੇ ਕੋਲ ਕੋਈ ਚਾਰਾ ਨਹੀਂ ਹੈ ਅਤੇ ਕਿਉਂਕਿ ਵਾਰ ਵਾਰ ਹੋਣ ਵਾਲੇ ਵਿਨਾਸ਼ਕਾਰੀ ਯੁੱਧਾਂ ਨੂੰ ਰੋਕਣ ਦਾ ਇਕੋ ਇਕ ਰਾਹ ਸਾਡੇ ਕੋਲ ਇਹੋ ਰਹਿ ਗਿਆ ਹੈ। ਇਸ ਲਈ ਸਾਨੂੰ ਸਿੱਖ ਕੌਮ ਨੂੰ ਪੂਰੀ ਤਰ੍ਹਾਂ ਅਧੀਨ ਕਰ ਲੈਣ ਅਤੇ ਇਕ ਅਜ਼ਾਦ ਕੌਮ ਵਜੋਂ ਉਨ੍ਹਾਂ ਦੀ ਹੋਂਦ ਨੂੰ ਖਤਮ ਕਰਨ ਦਾ ਪੱਕਾ ਫੈਸਲਾ ਕਰ ਲੈਣਾ ਚਾਹੀਦਾ ਹੈ।

ਇਹ ਦੂਜੀ ਵਾਰ ਹੈ ਜਦੋਂ ਸਾਨੂੰ ਹਿੰਦੁਸਤਾਨ ਅੰਦਰ ਸਾਡੇ ਨਾਲ ਹੁਣ ਤਕ ਟੱਕਰ ਲੈ ਚੁੱਕੇ ਦੁਸ਼ਮਣਾਂ ਵਿਚੋਂ ਸਭ ਤੋਂ ਤਕੜੇ ਦੁਸ਼ਮਣ ਨਾਲ ਯੁੱਧ ਵਿਚ ਉਲਝਣਾ ਪਿਆ ਹੈ। ਉਨ੍ਹਾਂ ਨੇ ਸਾਡਾ ਟਾਕਰਾ ਕਰਨ ਲਈ ਇਕ ਲੰਬੀ ਤੇ ਸਖ਼ਤ ਮੁਹਿੰਮ ਚਲਾ ਦਿੱਤੀ ਹੈ।

ਕਾਬਲ ਦਾ ਅਮੀਰ ਆਪਣੇ ਆਪ ਨੂੰ ਇਸਲਾਮ ਦਾ ਪੈਗੰਬਰ ਹੋਣ ਦਾ ਐਲਾਨ ਕਰਦਾ ਹੋਇਆ ਅਤੇ ਸਾਰੇ ਸੱਚੇ ਮੁਸਲਮਾਨਾਂ ਨੂੰ ਅੰਗਰੇਜ਼ਾਂ ਵਿਰੁੱਧ ਵਿੱਢੀ ਜਹਾਦ ਵਿਚ ਇਕੱਠੇ ਹੋਣ ਦਾ ਸੱਦਾ ਦਿੰਦਾ ਹੋਇਆ ਆਪਣੇ ਪੁਰਾਣੇ ਦੁਸ਼ਮਣ ਨਾਲ ਜਾ ਮਿਲਿਆ ਹੈ, ਤਾਂ ਕਿ ਉਹ ਸਾਡੇ ਉਤੇ ਇਕੱਠਿਆਂ ਹਮਲਾ ਕਰ ਸਕਣ। ਇਹ ਅਪੀਲ ਕਿਸੇ ਇਕ ਸੂਬੇ ਦੇ ਮੁਸਲਮਾਨਾਂ ਨੂੰ ਨਹੀਂ ਸਗੋਂ ਸਭ ਭਾਰਤੀ ਮੁਸਮਲਾਨਾਂ ਨੂੰ ਕੀਤੀ ਗਈ।

ਜਦੋਂ ਤੱਕ ਅਸੀਂ ਇਸ ਖਤਰੇ ਦਾ ਟਾਕਰਾ ਕਰਕੇ, ਆਪਣੇ ਦੁਸ਼ਮਣ ਨੂੰ ਕੁਚਲ ਕੇ, ਹਮਲਾਵਰ ਨੂੰ ਬਾਹਰ ਕੱਢ ਕੇ, ਸਿੱਖ ਇਲਾਕਿਆਂ ਦੇ ਚੱਪੇ-ਚੱਪੇ ਉਤੇ ਅਧਿਕਾਰ ਨਹੀਂ ਕਰ ਲੈਂਦੇ, ਜੋ ਮੁਸਲਮਾਨਾਂ ਨੇ ਅੰਗਰੇਜ਼ਾਂ ਤੋਂ ਖੋਹ ਲਿਆ ਹੈ, ਜੇਕਰ ਉਸ ਕੌਮ ਨੂੰ ਜਿਸ ਨੇ ਸਾਡੀ ਤਾਕਤ ਨੂੰ ਦੋ ਵਾਰ ਝਟਕਾ ਦਿਤਾ ਹੈ, ਤੁਰੰਤ ਹੀ ਉਸ ਦੀ ਕੌਮੀ ਹੋਂਦ ਅਤੇ ਸ਼ਕਤੀ ਤੋਂ ਵਾਂਝਿਆਂ ਨਹੀਂ ਕਰਦੇ, ਜੇਕਰ ਉਸ ਨੂੰ ਕੋਈ ਰਿਆਇਤਾਂ ਦਿੰਦੇ ਹਾਂ ਜਾਂ ਉਸ ਨਾਲ ਰਾਜ਼ੀਨਾਮਾ ਕਰ ਲੈਂਦੇ ਹਾਂ, ਜੇਕਰ ਅਜਿਹਾ ਮਤਾ ਪਾਸ ਕਰ ਦਿੰਦੇ ਹਾਂ ਜਿਸ ਅਨੁਸਾਰ ਦੁਸ਼ਮਣ ਉਤੇ ਜਿੱਤ ਪ੍ਰਾਪਤ ਕਰਨ ਤੋਂ ਪਿਛੋਂ ਆਪਣੀ ਜਿੱਤ ਨੂੰ ਕਾਇਮ ਰੱਖਣ ਦੀ ਹਮਾਇਤ ਨਾ ਕੀਤੀ ਗਈ ਹੋਵੇ, ਤਾਂ ਸਾਰੇ ਹਿੰਦੁਸਤਾਨ ਵਿਚ ਹੀ ਇਹ ਸਮਝਿਆ ਜਾਵੇਗਾ ਕਿ ਅਸੀਂ ਇਸ ਸੰਘਰਸ਼ ਵਿਚ ਬੁਰੀ ਤਰ੍ਹਾਂ ਹਾਰ ਖਾਧੀ ਹੈ। ਸਾਡੇ ਲਈ ਜ਼ਰੂਰੀ ਹੈ ਕਿ ਦੁਸ਼ਮਣ ਨੂੰ ਆਪਣੀ ਜਿੱਤ ਦੇ ਅਸਲੀ ਹੋਣ ਦਾ ਅਹਿਸਾਸ ਕਰਵਾਈਏ। ਜੇਕਰ ਓਹੀ ਨਰਮੀ, ਜੋ ਕਦੇ ਸਿਆਣਪ ਤੇ ਅਕਲੰਮਦੀ ਸੀ, ਅਜਿਹਾ ਕੌੜਾ ਤਜਰਬਾ ਹੋਣ ਪਿਛੋਂ ਫਿਰ ਵਿਖਾਈ ਗਈ ਤਾਂ ਹੁਣ ਇਹ ਸਾਡੀ ਸਭ ਤੋਂ ਵੱਡੀ ਕਮਜ਼ੋਰੀ ਹੋਵੇਗੀ। ਸਾਡੇ ਵਲੋਂ ਵਿਖਾਈ ਝਿਜਕ ਨੂੰ ਸਾਡਾ ਧੀਰਜ ਨਹੀਂ ਸਗੋਂ ਭੈਅ ਸਮਝਿਆ ਜਾਵੇਗਾ। ਇਸ ਨੂੰ ਸਾਡੀ ਉਦਾਰਤਾ ਦੀ ਨੀਤੀ ਨਹੀਂ ਸਗੋਂ ਬੁਜ਼ਦਿਲੀ ਦਾ ਪ੍ਰਮਾਣ ਮੰਨਿਆ ਜਾਵੇਗਾ।

ਇਸ ਨਾਲ ਭਾਰਤ ਵਿਚਲੇ ਸੂਬਿਆਂ ਅਤੇ ਉਥੋਂ ਦੇ ਲੋਕਾਂ ਨੂੰ ਆਪਣੀ ਰਾਜ ਸੱਤਾ ਬਹਾਲ ਕਰਨ ਲਈ ਹੌਂਸਲਾ ਮਿਲੇਗਾ। ਨਾ ਕੇਵਲ ਉਥੇ ਜਿਥੇ ਵੈਰ-ਭਾਵਨਾ ਸ਼ਾਇਦ ਅਜੇ ਸੁੱਤੀ ਪਈ ਹੈ, ਸਗੋਂ ਉਥੇ ਵੀ ਜਿਥੇ ਇਹ ਵੈਰ-ਭਾਵਨਾ ਅਜੇ ਹੈ ਹੀ ਨਹੀਂ ਅਤੇ ਇਹ ਵੈਰ ਭਾਵਨਾ ਫਿਰ ਕਦੇ ਖਤਮ ਨਹੀਂ ਹੋਵੇਗੀ। ਇਸ ਨੀਤੀ ਨਾਲ ਇਹ ਯਕੀਨੀ ਹੋ ਜਾਵੇਗਾ ਕਿ ਕੁਝ ਵਰ੍ਹੇ ਬੀਤਣ ਪਿਛੋਂ ਹੀ ਸਾਨੂੰ ਓਹੀ ਸੰਘਰਸ਼ ਨਵੇਂ ਸਿਰਿਓਂ ਫਿਰ ਲੜਨਾ ਪਿਆ ਕਰੇਗਾ, ਜਿਸ ਨੂੰ ਅਸੀਂ ਜਿੱਤ ਕੇ ਅਜੇ ਸਮਾਪਤ ਹੀ ਕੀਤਾ ਹੋਵੇਗਾ ਅਤੇ ਨਿਰਸੰਦੇਹ ਇਸ ਨਾਲ ਅਜਿਹਾ ਸਮਾਂ ਆ ਜਾਣ ਦੀ ਵੀ ਸੰਭਾਵਨਾ ਪੈਦਾ ਹੋ ਜਾਵੇਗੀ ਜਦੋਂ ਹਿੰਦੁਸਤਾਨ ਵਿਚ ਅੰਗਰੇਜ਼ ਸਰਕਾਰ ਦੀ ਪ੍ਰਭੁੱਤਾ ਨੂੰ ਪੰਜਾਬ ਦੇ ਰਣ-ਖੇਤਰਾਂ ਤੋਂ ਇਲਾਵਾ ਹੋਰ ਸਥਾਨਾਂ ਉਤੇ ਵੀ ਵੰਗਾਰਿਆ ਜਾਣ ਲੱਗ ਪਵੇਗਾ।

ਭਾਵੇਂ ਮੈਂ ਇਹ ਗੱਲ ਤੁਹਾਨੂੰ ਇਕ ਤੋਂ ਵੱਧ ਵਾਰ ਆਖ ਚੁੱਕਾਂ ਹਾਂ ਕਿ ਅੰਗਰੇਜ਼ ਸਰਕਾਰ ਦੀ ਨਾ ਤਾਂ ਪਹਿਲਾਂ ਕਦੇ ਇਹ ਇੱਛਾ ਸੀ ਅਤੇ ਨਾ ਹੀ ਇੱਛਾ ਹੋਣੀ ਚਾਹੀਦੀ ਹੈ ਕਿ ਪੰਜਾਬ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ ਜਾਵੇ, ਫਿਰ ਵੀ ਮੈਂ ਤੁਹਾਨੂੰ ਇਹ ਪ੍ਰਭਾਵ ਬਿਲਕੁਲ ਨਹੀਂ ਦੇਣਾ ਚਾਹੁੰਦਾ ਕਿ ਮੈਂ ਪੰਜਾਬ ਉਤੇ ਕਬਜ਼ਾ ਕਾਇਮ ਰੱਖਣ ਦੀ ਗੱਲ ਨੂੰ ਬੜੀ ਔਖੀ ਅਤੇ ਮਾਲੀ ਪੱਖੋਂ ਘਾਟੇ ਵਾਲੀ ਗੱਲ ਸਮਝਦਾ ਹਾਂ।

ਤੁਸੀਂ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋ ਕਿ ਸਿੱਖ ਪੰਜਾਬ ਦੀ ਵਸੋਂ ਦਾ ਇਕ ਛੋਟਾ ਜਿਹਾ ਭਾਗ ਹਨ। ਇਥੋਂ ਦੇ ਵਾਸੀਆਂ ਦੇ ਇਕ ਬੜੇ ਵੱਡੇ ਭਾਗ ਵਲੋਂ, ਖਾਸ ਕਰਕੇ ਮੁਸਲਮਾਨਾਂ ਵਲੋਂ, ਜੋ ਆਪਣੀਆਂ ਅਦਾਲਤਾਂ ਅਤੇ ਕੰਮਕਾਜ ਦੇ ਪੱਖੋਂ ਅਮਨ-ਪਸੰਦ ਲੋਕ ਹਨ, ਉਥੇ ਅੰਗਰੇਜ਼ਾਂ ਦਾ ਰਾਜ ਕਾਇਮ ਕੀਤੇ ਜਾਣ ਦਾ ਸੁਆਗਤ ਕੀਤਾ ਜਾਵੇਗਾ।

**ਸਿੱਖਾਂ ਨੂੰ ਕਾਬੂ ਕਰਨ ਦੇ ਸੁਝਾਅ :** ਸਿੱਖ ਆਪ ਤਾਂ ਜੁਝਾਰੂ, ਹੁੱਲੜਬਾਜ਼ ਅਤੇ ਸੂਰਬੀਰ ਹਨ ਪਰ ਜੁਝਾਰੂ ਤੇ ਹੁੱਲੜਬਾਜ਼ ਹੋਣ ਦੇ ਬਾਵਜੂਦ ਉਹ ਏਨੇ ਤਕੜੇ ਨਹੀਂ ਜਿੰਨੇ ਕਦੇ ਰੁਹੇਲਖੰਡ ਦੇ ਲੋਕ ਹੁੰਦੇ ਸਨ। ਗੜਬੜੀ ਤਾਂ ਉਹ ਨਿਰਸੰਦੇਹ ਕੁਝ ਸਮੇਂ ਲਈ ਕਰਦੇ ਹੀ ਰਹਿਣਗੇ। ਬਗਾਵਤ ਤੇ ਸਥਾਨਕ ਰੋਹ ਵੀ ਮੁਨਾਸਬ ਹੱਦ ਤਕ ਹੁੰਦੇ ਰਹਿਣ ਦੀ ਆਸ ਹੈ ਪਰ ਜੇਕਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਅਧੀਨ ਕਰ ਲਿਆ ਜਾਵੇ, ਜੇਕਰ ਉਨ੍ਹਾਂ ਨੂੰ ਸਾਡਾ ਟਾਕਰਾ ਕਰਨ ਦੇ ਵਸੀਲਿਆਂ ਅਤੇ ਯੁੱਧ ਕਰਨ ਲਈ ਮਿਲੀਆਂ ਸਹੂਲਤਾਂ ਤੋਂ ਵਾਂਝਿਆਂ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ, ਜੇਕਰ ਉਨ੍ਹਾਂ ਉਤੇ ਕਰੜੀ ਨਿਗਾਹ ਰੱਖੀ ਜਾਵੇ ਅਤੇ ਜੇਕਰ ਉਨ੍ਹਾਂ ਉਤੇ ਨਿਆਂ-ਪੂਰਬਕ, ਬਲ-ਪੂਰਬਕ ਤੇ ਦ੍ਰਿੜ੍ਹਤਾ ਪੂਰਵਕ ਰਾਜ ਕੀਤਾ ਜਾਵੇ ਤਾਂ ਮੈਨੂੰ ਕੋਈ ਕਾਰਨ ਨਹੀਂ ਦਿਸਦਾ ਕਿ ਅਜਿਹਾ ਕਰਨ ਤੋਂ ਪਿਛੋਂ ਸਿੱਖਾਂ ਨੂੰ ਵੀ ਰੁਹੇਲਖੰਡ ਦੇ ਲੋਕਾਂ ਵਾਂਗ ਹੀ ਅਧੀਨਗੀ ਸਵੀਕਾਰ ਕਰ ਲੈਣ ਵਾਲੇ ਅਤੇ ਹਾਨੀ-ਰਹਿਤ ਨਾ ਬਣਾਇਆ ਜਾ ਸਕੇ। ਮਾਲੀ ਹਾਲਤ ਦੇ ਸੁਆਲ ਉਤੇ ਤਾਂ ਅਜੇ ਬਰੀਕੀ ਨਾਲ ਵਿਚਾਰ ਕਰਨ ਦਾ ਠੀਕ ਸਮਾਂ ਨਹੀਂ ਆਇਆ, ਇਸ ਬਾਰੇ ਕੇਵਲ ਵਿਆਪਕ ਤੌਰ ਉਤੇ ਹੀ ਗੱਲ ਕੀਤੀ ਜਾ ਸਕਦੀ ਹੈ। ਮੇਰਾ ਧਿਆਨ ਇਸ ਵਿਸ਼ੇ ਵੱਲ ਵੀ ਗਿਆ ਹੈ ਅਤੇ ਇਸ ਬਾਰੇ ਵਿਚਾਰ ਕਰਨ ਸਮੇਂ ਮੈਨੂੰ ਕੋਈ ਕਾਰਨ ਨਹੀਂ ਲੱਭਾ ਜੋ ਸਾਨੂੰ (ਪੰਜਾਬ) ਦੇਸ਼ ਉਤੇ ਪੱਕੀ ਤਰ੍ਹਾਂ ਕਬਜ਼ਾ ਕਰ ਲੈਣ ਤੋਂ ਰੋਕਦਾ ਹੋਵੇ।

ਕੁਲ ਮਿਲਾ ਕੇ ਮਾਲੀਆ ਕਾਫੀ ਇਕੱਠਾ ਹੋ ਸਕਦਾ ਹੈ। ਹੁਣ ਤਕ ਤਾਂ ਸਰਕਾਰੀ ਖਜ਼ਾਨੇ ਵਿਚੋਂ ਮਾਲੀਏ ਦਾ ਇਕ ਵੱਡਾ ਭਾਗ ਮੁਖੀਆਂ ਦੀਆਂ ਜਗੀਰਾਂ ਉੱਤੇ ਖਰਚ ਹੋ ਜਾਂਦਾ ਹੈ। ਮਾਲੀਏ ਦੀ ਕਾਫੀ ਵੱਡੀ ਰਕਮ ਉਨ੍ਹਾਂ ਲੋਕਾਂ ਦੀਆਂ ਜਗੀਰਾਂ ਜ਼ਬਤ ਕਰਕੇ ਪ੍ਰਾਪਤ ਹੋ ਜਾਵੇਗੀ ਜੋ ਸਾਡੇ ਵਿਰੁੱਧ ਦੁਸ਼ਮਣੀ ਵਾਲੀਆਂ ਕਾਰਵਾਈਆਂ ਵਿਚ ਲੱਗੇ ਰਹੇ ਹਨ। ਮੁਲਤਾਨ ਸੂਬੇ ਨੂੰ ਬਾਕੀ ਦੇ ਪੰਜਾਬ ਨਾਲ ਰਲਾ ਲੈਣ ਨਾਲ ਵੀ ਪ੍ਰਾਪਤ ਮਾਲੀਏ ਵਿਚ ਚੋਖਾ ਵਾਧਾ ਹੋ ਜਾਵੇਗਾ।

ਹੁਣੇ ਜਿਹੇ ਮਿਲੀ ਹੋਰ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਦੇਸ਼ ਦੇ ਉਤਰੀ ਭਾਗ ਵਿਚ ਤਾਂ ਖਾਸ ਤੌਰ ਉਤੇ ਚੌਖੀ ਹੱਦ ਤਕ ਖੇਤੀਬਾੜੀ ਕੀਤੀ ਜਾਂਦੀ ਹੈ ਅਤੇ ਇਸ ਤੋਂ ਪੈਦਾਵਾਰ ਵੀ ਚੰਗੀ ਮਿਲਦੀ ਹੈ। ਇਸ ਦੀ ਭੂਮੀ ਵਿਚ, ਜੋ ਖਾਸ ਤੌਰ ਉਤੇ ਉਪਜਾਊ ਹੈ, ਭਰਪੂਰ ਖੇਤੀ ਕਰਨ ਲਈ ਕੇਵਲ ਸਿੱਲ੍ਹ ਦੀ ਲੋੜ ਹੈ। ਇਸ ਗੱਲ ਦਾ ਪਤਾ ਹੁਣੇ ਜਿਹੇ ਪ੍ਰਾਪਤ ਹੋਈਆਂ ਰਿਪੋਰਟਾਂ ਤੋਂ ਵੀ ਲਗਦਾ ਹੈ। ਦੇਸ਼ ਵਿਚੋਂ ਲੰਘਣ ਵਾਲੇ

ਬਾਕੀ ਸਫ਼ਾ 28 'ਤੇ

## ਪਾਠਕਾਂ ਦੀ ਸੱਥ

# ਸਿੰਘ ਸਭਾ ਤੇ ਗੁਰਦੁਆਰਾ ਸੁਧਾਰ ਲਹਿਰ ਦੀ ਮੁੜ ਜ਼ਰੂਰਤ

**ਲੰਡਨ -** ਸਿੱਖ ਧਰਮ ਚਹੁੰ ਵਰਣਾਂ ਨੂੰ ਸਾਂਝਾ ਉਪਦੇਸ਼ ਦੇਣ ਵਾਲਾ ਧਰਮ ਹੈ ਪਰ ਅਫਸੋਸ ਕਿ ਆਪੋ ਆਪਣੀਆਂ ਸੰਸਥਾਵਾਂ ਦੀਆਂ ਮਰਿਯਾਦਾਵਾਂ ਜਬਰੀ ਠੋਸਣ ਦੀ ਜ਼ਿੱਦ ਵਿੱਚ ਅਸੀਂ ਆਪਸੀ ਪਾੜੇ ਹੀ ਇੰਨੇ ਵਧਾ ਲਏ ਹਨ ਕਿ ਉਨ੍ਹਾਂ ਵਿੱਚ ਉਲਝ ਗਏ ਹਾਂ। ਅਸੀਂ ਅੰਤਰਰਾਸ਼ਟਰੀ ਪੱਧਰ ਉੱਪਰ ਸਿੱਖ ਧਰਮ ਦਾ ਲੋੜੀਂਦਾ ਪ੍ਰਚਾਰ 'ਤੇ ਪ੍ਰਸਾਰ ਨਹੀਂ ਕਰ ਸਕੇ। ਅਸੀਂ ਅਕਸਰ ਕਹਿੰਦੇ ਹਾਂ ਕਿ ਸਿੱਖੀ ਯੂਨੀਵਰਸਲ ਧਰਮ ਹੈ, ਬਾਕੀ ਸਾਰੇ ਧਰਮਾਂ ਤੋਂ ਅਲੱਗ 'ਤੇ ਸ੍ਰੇਸ਼ਠ ਹੈ ਪਰ ਜਦੋਂ ਕੋਈ ਸਵਾਲ ਕਰੇ ਤਾਂ ਅਸੀਂ ਕਹਿੰਦੇ ਹਾਂ ਕਿ ਵੇਖੋ ਇਹ ਧਰਮ ਵੀ ਇਸ ਤਰ੍ਹਾਂ ਕਰਦਾ ਹੈ, ਉਹ ਧਰਮ ਵੀ ਇੰਝ ਕਰਦਾ ਹੈ; ਤਾਂ ਫਿਰ ਕੀ ਅਸੀਂ ਸਵੈ-ਵਿਰੋਧੀ ਦਲੀਲਾਂ ਨਹੀਂ ਦੇ ਰਹੇ ਹੁੰਦੇ ?

ਸੰਨ 1947 ਵਿੱਚ ਕੇਂਦਰ ਦੇ ਲੀਡਰਾਂ ਦੀ ਅਕ੍ਰਿਤਘਣਤਾ ਅਤੇ ਰਵਾਇਤੀ ਅਕਾਲੀਆਂ ਵਿਚ ਦੂਰਅੰਦੇਸ਼ੀ ਦੀ ਘਾਟ ਦੀ ਬਦੌਲਤ ਸਿੱਖ ਕੌਮ ਹੁਣ ਤਕ ਸੰਤਾਪ ਹੰਢਾਉਂਦੀ ਆ ਰਹੀ ਹੈ ਪਰ ਅਫਸੋਸ ਕਿ ਇੰਨਾ ਲੰਮਾ ਕੁਰਬਾਨੀਆਂ ਭਰਿਆ ਸੰਘਰਸ਼ ਕਰਦੇ ਹੋਏ ਵੀ ਅਸੀਂ ਆਪਸੀ ਵਿਸ਼ਵਾਸ ਨਹੀਂ ਬਣਾ ਸਕੇ। ਕੁੜੱਤਣ ਭਰਪੂਰ ਮਾਹੌਲ ਕਾਰਨ ਪ੍ਰਾਪਤੀਆਂ ਸੰਭਵ ਨਹੀਂ ਹੋ ਰਹੀਆਂ। ਅਕਸਰ ਹਕੂਮਤਾਂ ਉੱਪਰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਉੱਪਰ ਚੱਲਣ ਦੇ ਦੋਸ਼ ਲਾਏ ਜਾਂਦੇ ਹਨ ਪਰ ਸਰਕਾਰ ਦੀ ਇਸ ਨੀਤੀ ਨੂੰ ਅਮਲੀਜਾਮਾ ਪਹਿਨਾਉਣ ਲਈ ਅਸੀਂ ਖੁਦ ਸ਼ਾਇਦ ਬਿਨਾ ਤਨਖਾਹਾਂ ਹੀ ਕੰਮ ਕਰੀ ਜਾ ਰਹੇ ਹਾਂ। ਧਰਮਸ਼ਾਲਾਂ ਅਤੇ ਗੁਰੂਘਰਾਂ ਤੋਂ ਚਲਦੇ ਹੋਏ ਵੱਖੋ-ਵੱਖ ਮਰਿਯਾਦਾਵਾਂ ਕਾਰਨ ਡੇਰੇ ਬਣ ਰਹੇ ਹਨ। ਇਸੇ ਸਥਿਤੀ ਦਾ ਲਾਹਾ ਲੈਂਦੇ ਹੋਏ ਸਰਕਾਰੀ ਪੁਸ਼ਤਪਨਾਹੀ ਅਤੇ ਸ੍ਰਪਰਸਤੀ ਨਾਲ ਪੰਥ ਵਿਰੋਧੀ ਡੇਰੇ ਖੁੰਬਾਂ ਵਾਂਗ ਬਣਦੇ ਹਨ। ਬੀਤੇ ਸਮਿਆਂ ਦੌਰਾਨ ਸਿੱਖ ਕੌਮ ਨੇ ਗੁਰਦੁਆਰਾ ਸੁਧਾਰ ਅਤੇ ਸਿੰਘ ਸਭਾ ਵਰਗੀਆਂ ਲਹਿਰਾਂ ਰਾਹੀਂ ਇਹੋ ਜਿਹੇ ਸੰਕਟਕਲੀਨ ਹਾਲਾਤ ਉੱਪਰ ਜਿੱਤ ਹਾਸਲ ਕੀਤੀ ਸਹ। ਹੁਣ ਵੀ ਉਨ੍ਹਾਂ ਲੀਹਾਂ 'ਤੇ ਚਲਦੇ ਹੋਏ ਅੰਤਰਰਾਸ਼ਟਰੀ ਪੱਧਰ ਉੱਪਰ ਇਹੋ ਜਿਹੀਆਂ ਲਹਿਰਾਂ ਪ੍ਰਚੰਡ ਕਰਕੇ ਯਕੀਨਨ ਫਤਿਹ ਹਾਸਲ ਹੋਵੇਗੀ। ਸਾਨੂੰ ਇਸ ਦੀ ਸ਼ੁਰੂਆਤ ਸਥਾਨਕ ਪੱਧਰ ਤੋਂ ਕਰਨੀ ਚਾਹੀਦੀ ਹੈ। ਜਿਸ ਵੀ ਗੁਰਦੁਆਰਾ ਸਾਹਿਬ ਦੀ ਸੰਗਤ ਮਹਿਸੂਸ ਕਰੇ ਕਿ ਪ੍ਰਬੰਧ ਠੀਕ ਨਹੀਂ ਚੱਲ ਰਿਹਾ ਤਾਂ ਬਹਿਸ ਵਿੱਚ ਪੈਣ ਦੀ ਬਜਾਏ ਆਪੋ ਆਪਣੇ ਘਰ ਵਿੱਚ ਗੋਲਕ ਲਾ ਲਉ, ਆਪਣਾ ਨਿਤਨੇਮ ਕਰਕੇ ਸ਼ਰਧਾ ਅਨੁਸਾਰ ਭੇਟਾ ਉਸ ਗੋਲਕ ਵਿੱਚ ਪਾਉਂਦੇ ਰਹੋ। ਗੁਰਦੁਆਰੇ ਨਿਯਮਤ ਰੂਪ ਵਿੱਚ ਆਪਣੀ ਸ਼ਰਧਾ ਅਨੁਸਾਰ ਬਿਨਾ ਮਾਇਆ ਤੋਂ ਹਾਜ਼ਰੀ ਭਰਦੇ ਰਹੋ। ਵਿਧਾਨ, ਸਿਧਾਂਤ ਪਰੰਪਰਾਵਾਂ ਨੂੰ ਛਿੱਕੇ ਟੰਗ ਕੇ ਕਬਜ਼ੇ ਕਰਨ ਅਤੇ ਹੋਰ ਇਹੋ ਜਿਹੇ ਮੌਕਿਆਂ ਉੱਪਰ ਸੰਗਤ ਨੂੰ ਭੈਅਭੀਤ ਕਰਨ ਲਈ ਫੌਜਾਂ ਬੁਲਾਉਣ ਵਾਲਿਆਂ ਨੂੰ, ਜਦੋਂ ਆਮਦਨ ਨਾਲੋਂ ਖਰਚ ਵੱਧਣ ਲੱਗਾ, ਤਾਂ ਖੁਦ ਹੀ ਪਾਸੇ ਹੋਣਾ ਪੈ ਜਾਵੇਗਾ। ਧੱਕੇ ਨਾਲ ਕੁਰਸੀ ਵਾਲੀ ਸੇਵਾ ਖੋਹਣ ਵਾਲੇ ਪ੍ਰਹੇਜ਼ ਕਰਨ ਲੱਗ ਪੈਣਗੇ। ਜਦੋਂ ਵਿਧਾਨ ਅਨੁਸਾਰ ਸੰਗਤ ਦੀ ਸਹਿਮਤੀ ਨਾਲ ਕਮੇਟੀ ਬਣ ਜਾਵੇ ਤਾਂ ਗੋਲਕ ਦੀ ਮਾਇਆ ਲਿਆ ਕੇ ਗੁਰਦਵਾਰਾ ਸਾਹਿਬ ਭੇਟ ਕਰ ਦਿੱਤੀ ਜਾਵੇ। "ਆਤਮਾ ਗ੍ਰੰਥ ਵਿੱਚ ਅਤੇ ਸਰੀਰ ਪੰਥ ਵਿੱਚ" ਦੇ ਉਪਦੇਸ਼ ਨੂੰ ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ, ਵਾਹਿਗੁਰੂ ਜੀ ਦੀ ਬੇਅਵਾਜ਼ ਲਾਠੀ ਦੇਰ ਸਵੇਰ ਚੱਲਦੀ ਜ਼ਰੂਰ ਹੈ, ਉਸ ਤੋਂ ਬਚਣ ਦੀ ਅਤੇ ਰਜ਼ਾ ਵਿੱਚ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**-ਸੁਖਮਿੰਦਰ ਸਿੰਘ ਹੰਸਰਾ**
ਲੰਡਨ (ਯੂਕੇ)

# ਸਫਰਨਾਮਾ 'ਪਾਕਿਸਤਾਨ : ਮਿੱਟੀ ਦੀ ਮਹਿਕ' ਦੇ ਲੇਖਕ ਚਰਨਜੀਤ ਸਿੰਘ ਪੰਨੂ ਦਾ ਸਨਮਾਨ



**ਫਰੀਮੌਂਟ/ਬਿਊਰੋ ਨਿਊਜ਼ :**
ਚਰਚਿਤ ਲੇਖਕ ਚਰਨਜੀਤ ਸਿੰਘ ਪੰਨੂ ਦਾ ਨਵਾਂ ਤਾਜ਼ਾ ਸਫਰਨਾਮਾ 'ਪਾਕਿਸਤਾਨ : ਮਿੱਟੀ ਦੀ ਮਹਿਕ' ਹਾਲ ਹੀ ਵਿਚਰਿਲੀਜ਼ ਹੋਇਆ ਹੈ। ਇਸ ਸਬੰਧੀ ਗੁਰਦੁਆਰਾ ਫਰੀਮੌਂਟ ਦੀ ਸੁਪਰੀਮ ਕੋਰਟ ਦੇ ਮੈਂਬਰਾਂ ਵੱਲੋਂ ਲਿਖਾਰੀ ਨੂੰ ਮਾਣ ਸਤਿਕਾਰ ਵਜੋਂ ਸਿਰੋਪਾ ਭੇਟ ਕਰ ਕੇ ਸਨਮਾਨਿਆ ਗਿਆ। ਸਟੇਜ ਸਕੱਤਰ ਪਲਵਿੰਦਰ ਸਿੰਘ ਨੇ ਲੇਖਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਰਨਜੀਤ ਸਿੰਘ ਪੰਨੂ ਸਥਾਪਤ ਲਿਖਾਰੀ ਹੈ ਜੋ ਪਿਛਲੇ ਪੰਜਾਹ ਸਾਲਾਂ ਤੋਂ ਲਿਖਦਾ ਆ ਰਿਹਾ ਹੈ। ਇਸ ਪੁਸਤਕ ਵਿਚਲੀ ਸਾਰੀ ਸਮੱਗਰੀ ਉਸ ਨੇ ਆਪ ਪਾਕਿਸਤਾਨ ਜਾ ਕੇ ਵੇਖੀ, ਜਾਚੀ-ਘੋਖੀ ਤੇ ਇਕੱਤਰ ਕਰ ਕੇ ਸੰਗਤਾਂ ਦੇ ਪੇਸ਼ ਕੀਤੀ ਹੈ। ਇਸ ਵਿਚ ਸੰਨ 1947 ਦੇ ਤਰਾਸਦਿਕ ਉਜਾੜੇ ਦਾ ਭਰਪੂਰ ਦਰਦ ਹੈ,ਜਦੋਂ ਪੰਦਰਾਂ ਲੱਖ ਤੋਂ ਵਧੀਕ ਮਨੁੱਖੀ ਜਾਨਾਂ ਦਾ ਘਾਣ ਹੋਇਆ। ਲੇਖਕ ਨੇ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਸਮਾਗਮਾਂ ਦੀ ਮੁਬਾਰਕ ਦਿੱਤੀ ਅਤੇ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਸ ਨੇ ਦੱਸਿਆ ਕਿ ਸੰਨ 1969 ਵਿਚ ਗੁਰੂ ਨਾਨਕ ਦੇਵ ਜੀ ਦੇ ਪੰਜ ਸੌਵੇਂ ਪ੍ਰਕਾਸ਼ ਉਤਸਵ ਸਮੇਂ ਉਸ ਨੇ ਆਪਣੀ ਪਹਿਲੀ ਕਾਵਿ ਪੁਸਤਕ "ਨਾਨਕ ਰਿਸ਼ਮਾਂ" ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕਰ ਕੇ ਮੁਫਤ ਭੇਟ ਕੀਤੀ ਸੀ। ਇਨ੍ਹਾਂ ਪੰਜਾਹ ਸਾਲਾਂ ਵਿਚ ਉਸ ਨੇ ਅਲਾਸਕਾ, ਵਾਈਟ ਹਾਊਸ, ਹਵਾਈ, ਉਚੇ ਬੁਰਜ ਲਾਹੌਰ ਦੇ, ਕੀਨੀਆ, ਤਨਜਾਨੀਆ ਆਦਿ ਸਫਰਨਾਮਿਆਂ ਸਮੇਤ ਕਵਿਤਾ, ਨਾਵਲ, ਕਹਾਣੀਆਂ, ਨਾਟਕ ਆਦਿ ਦੀਆਂ ਬਾਈ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਹੁਣ ਇਹ ਪੁਸਤਕ ਪਾਕਿਸਤਾਨ ਸਫਰਨਾਮਾ ਵੀ ਉਸ ਨੇ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਪੰਜਾਹਵੇਂ ਜਨਮ ਦਿਹਾੜੇ ਨੂੰ ਸਮਰਪਿਤ ਕੀਤੀ ਹੈ। ਲੇਖਕ ਨੇ ਦੱਸਿਆ ਕਿ ਉਸ ਨੇ ਇਸ ਸਫਰਨਾਮੇ ਦੀਆਂ ਦੋ ਸੌ ਪੁਸਤਕਾਂ ਮੁਫਤ ਵੰਡਣ ਦਾ ਤਹੱਈਆ ਕੀਤਾ। ਇਸ ਪੁਸਤਕ ਦੀ ਭੇਟਾ ਦੇਸ਼ ਵਿਚ ਪੰਜ ਸੌ ਰੁਪਏ ਅਤੇ ਵਿਦੇਸ਼ ਵਿਚ ਵੀਹ ਡਾਲਰ ਹੈ ਪਰ ਜੇ ਕੋਈ ਵਿਦੇਸ਼ੀ ਪਾਠਕ ਕੀਮਤ ਨਾ ਦੇਣ ਦੇ ਯੋਗ ਹੋਵੇ ਤਾਂ ਉਹ ਮੁਫਤ ਲੈ ਸਕਦਾ ਹੈ। ਇਸ ਦੀ ਪ੍ਰਾਪਤੀ ਵਾਸਤੇ ਫੋਨ ਨੰਬਰ 140 86084961 ਜਾਂ 919812007176 ਉਤੇ ਸੰਪਰਕ ਕੀਤਾ ਜਾ ਸਕਦਾ ਹੈ। ਚਰਨਜੀਤ ਸਿੰਘ ਪੰਨੂ ਨੂੰ ਸਨਮਾਨ ਕਰਨ ਵਾਲੀਆਂ ਸ਼ਖਸ਼ੀਅਤਾਂ ਵਿਚ ਭਾਈ ਜਗਤਾਰ ਸਿੰਘ ਮੁੱਖ ਸੇਵਦਾਰ, ਭਾਈ ਹਰਿੰਦਰਪਾਲ ਸਿੰਘ, ਪਰਮਿੰਦਰ ਸਿੰਘ ਪਰਵਾਨਾ, ਭਾਈ ਗੁਰਜੀਤ ਸਿੰਘ ਸਮਾਨਾ, ਜਸਜੀਤ ਸਿੰਘ, ਕਮਲਜੀਤ ਸਿੰਘ ਅਟਵਾਲ, ਹਰਬੰਸ ਸਿੰਘ, ਪਲਵਿੰਦਰ ਸਿੰਘ ਸਟੇਜ ਸਕੱਤਰ, ਹਰਮਿੰਦਰ ਸਿੰਘ, ਡਾ. ਜੋਤਪ੍ਰੀਤ ਸਿੰਘ ਸ਼ਾਮਲ ਹੋਏ।

# ਫਰਿਜ਼ਨੋ ਵਿਖੇ 'ਆਸੀਸ ਪ੍ਰੋਗਰਾਮ' ਦੌਰਾਨ ਬਜ਼ੁਰਗਾਂ ਦਾ ਸਨਮਾਨ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**
ਨੌਜਵਾਨ ਔਰਤਾਂ ਨੇ ਮਿਲਕੇ ਫਰਿਜ਼ਨੋ ਵਿਖੇ ਆਸੀਸ ਨਾਂ ਦੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਇਸ ਦੀ ਸੁਰੂਆਤ ਭਾਰਤੀ ਗਣਤੰਤਰ ਦਿਵਸ ਨੂੰ ਮੁੱਖ ਰੱਖਦੇ ਹੋਏ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਸ ਉਪਰੰਤ ਮਾਂਵਾਂ-ਧੀਆਂ, ਸੱਸਾਂ-ਨੂੰਹਾਂ, ਪੋਤੀਆਂ ਆਦਿਕ ਸਭ ਰਲ ਇਕੱਠੀਆਂ ਹੋਈਆਂ ਅਤੇ ਆਪਸੀ ਵਿਚਾਰਾਂ ਦੀ ਸਾਂਝ ਪਾਈ। ਇਸ ਸਮੇਂ ਸਿਆਣੀਆਂ ਹਾਜ਼ਰ ਬਜ਼ੁਰਗ ਔਰਤਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਮਨੋਰੰਜਨ ਲਈ ਗਿੱਧਾ, ਬੋਲੀਆਂ ਅਤੇ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆ, ਜਿਸ ਦੌਰਾਨ ਪਰਮਜੀਤ ਧੰਜ਼ਲ 'ਪਿੰਕੀ' ਨੇ ਗੀਤਾਂ ਰਹੀ ਖ਼ੂਬ ਰੰਗ ਬੰਨਿਆ। ਪ੍ਰੋਗਰਾਮ ਵਿਚ ਸ਼ਾਮਿਲ ਔਰਤਾਂ ਦੁਆਰਾਂ ਪੰਜਾਬੀ ਵਿਰਸੇ ਨੂੰ ਯਾਦ ਕਰਦੇ ਹੋਏ ਗੀਤ ਅਤੇ ਬੋਲੀਆਂ ਵੀ ਗਾਈਆਂ ਗਈਆਂ।ਇਸ ਸਮੇਂ ਅਜੋਕੇ ਸਮਾਜਿਕ ਹਾਲਾਤ 'ਤੇ ਚੋਟ ਕਰਦੀਆਂ ਵਿਅੰਗਮਈ ਸਕਿੱਟਾਂ ਵੀ ਪੇਸ਼ ਕੀਤੀਆਂ ਗਈਆਂ। ਸਜ-ਸੰਵਰ ਕੇ ਆਈਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਰਮਨ ਵਿਰਕ, ਜਗਮੀਤ ਰੈਪਸੀ ਅਤੇ ਅਰਵਿੰਦ ਸੇਖੋਂ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੇ ਸਹਿਯੋਗ ਦਿੱਤਾ। ਪ੍ਰੋਗਰਾਮ ਵਿਚ ਹਾਜ਼ਰ ਸਮੂਹ ਮੈਂਬਰਾਂ ਲਈ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਸ ਤਰ੍ਹਾਂ ਔਰਤਾਂ ਦੁਆਰਾ ਰਲ-ਮਿਲ ਕੇ ਕੀਤਾ ਜਾਣ ਵਾਲਾ ਇਹ ਪ੍ਰੋਗਰਾਮ ਆਪਣੇ ਦੂਸਰੇ ਸਾਲ ਵੀ ਯਾਦਗਾਰੀ ਹੋ ਨਿਬੜਿਆ।



# ਅਮਰੀਕੀ ਕੰਪਨੀ ਨੇ ਆਪਣੇ ਉਤਪਾਦਨਾਂ ਦੀ ਇਸ਼ਤਿਹਾਰਬਾਜ਼ੀ ਲਈ ਸਿੱਖ ਮਾਡਲ ਨੂੰ ਚੁਣਿਆ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :**
ਕੈਲੀਫੋਰਨੀਆ ਦੀ ਇਕ ਕੰਪਨੀ ਨੇ ਆਪਣੇ ਉਤਪਾਦਨਾਂ ਦੀ ਇਸ਼ਤਿਹਾਰਬਾਜ਼ੀ ਲਈ ਇਕ 74 ਸਾਲਾ ਸਿੱਖ ਮਾਡਲ ਦੀ ਚੋਣ ਕੀਤੀ ਹੈ। ਪ੍ਰੀਤਮ ਸਿੰਘ ਨਾਮੀ ਇਹ ਸਿੱਖ ਮਾਡਲ ਨੌਰਥਰਿਜ਼, ਕੈਲੀਫੋਰਨੀਆ ਦਾ ਵਸਨੀਕ ਹੈ ਤੇ ਉਹ ਹਰ ਇਕ ਦਾ ਧਿਆਨ ਖਿੱਚ ਰਿਹਾ ਹੈ। ਡਾਲਰ ਸ਼ੇਵ ਕਲੱਬ ਕੰਪਨੀ ਬਲੇਡ ਤੇ ਹੋਰ ਨਿੱਜੀ ਵਰਤੋਂ ਵਿਚ ਆਉਣ ਵਾਲੇ ਉਤਪਾਦਨਾਂ ਦੀ ਵਿਕਰੀ ਕਰਦੀ ਹੈ। ਕੰਪਨੀ ਦੀ ਇਸ਼ਤਿਹਾਰਬਾਜ਼ੀ ਵਿਚ ਪ੍ਰੀਤਮ ਸਿੰਘ ਲਾਲ ਦਸਤਾਰ ਸਜਾਈ ਦਾੜ੍ਹੀ ਦੀ ਸਾਂਭ ਸੰਭਾਲ ਲਈ ਵਰਤੇ ਜਾਂਦੇ ਤੇਲ ਨਾਲ ਨਜ਼ਰ ਆ ਰਿਹਾ ਹੈ। ਪ੍ਰੀਤਮ ਸਿੰਘ 'ਹੈਨਕੌਕ' ਵਰਗੀਆਂ ਫਿਲਮਾਂ ਵਿਚ ਸੰਖੇਪ ਭੂਮਿਕਾ ਵੀ ਨਿਭਾਅ ਚੁੱਕਾ ਹੈ। ਉਸ ਦਾ ਪੁੱਤਰ ਅਮਨਦੀਪ ਸਿੰਘ ਵੀ ਮਾਡਲ ਤੇ ਐਕਟਰ ਹੈ।

## 31 ਜਨਵਰੀ 'ਤੇ ਵਿਸ਼ੇਸ਼

# ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਜੀ

**ਪ੍ਰਮਿੰਦਰ ਸਿੰਘ 'ਪ੍ਰਵਾਨਾ**
(510-781-0487)

ਗੁਰੂ ਹਰਿਰਾਇ ਜੀ ਵਿਚ ਗੁਰਮਤਿ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਇਸ ਪੋਤਰੇ ਨੂੰ ਸੱਤਵੀਂ ਪਾਤਿਸ਼ਾਹੀ ਦੀ ਗੁਰਗੱਦੀ ਸੌਂਪੀ। ਉਸ ਵੇਲੇ ਆਪ ਜੀ ਦੀ ਉਮਰ 14 ਸਾਲ ਸੀ। ਗੁਰੂ ਹਰਿਰਾਇ ਜੀ ਦੇ ਮਨ 'ਤੇ ਗੁਰੂ ਹਰਿਗੋਬਿੰਦ ਜੀ ਦਾ ਬੜਾ ਪ੍ਰਭਾਵ ਸੀ। ਉਨ੍ਹਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਗੁਰਬਾਣੀ ਵਿਚਾਰ, ਬੀਰਰਸ ਦੇ ਨਾਲ-ਨਾਲ ਸ਼ਸਤਰ ਵਿਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਕੀਤਾ ਗਿਆ ਸੀ।



ਛੋਟੀ ਉਮਰ ਵਿਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ ਤੇ ਵੀਰਤਾ ਦੇ ਪੁੰਜ ਸਨ। ਉਨ੍ਹਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਨ੍ਹਾਂ ਨੂੰ ਇਹ ਸਿੱਖਿਆ ਮਿਲੀ ਸੀ ਕਿ ਸੰਸਾਰ ਵਿਚ ਵਿਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਹੈ।

ਆਪ ਜੀ ਦਾ ਪ੍ਰਕਾਸ਼ 16 ਜਨਵਰੀ 1630 ਈ. ਨੂੰ ਸ਼ੀਸ ਮਹੱਲ ਕੀਰਤਪੁਰ ਸਾਹਿਬ, ਹੁਣ ਜ਼ਿਲ੍ਹਾ ਰੋਪੜ, ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਵਿਆਹ ਸੰਨ 1640 ਈ . ਨੂੰ ਮਾਤਾ ਕਿਸ਼ਨ ਕੌਰ ਜੀ ਨਾਲ ਹੋਇਆ।

ਆਪ ਜੀ ਦੇ ਪੁੱਤਰ ਰਾਮ ਰਾਏ ਅਤੇ ਗੁਰੂ ਹਰਿਕ੍ਰਿਸ਼ਨ ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ-1644 ਈ. ਹੈ। ਗੁਰੂਕਾਲ ਦੀ ਹਮੇਸ਼ਾ ਇਹ ਵਿਸ਼ੇਸ਼ਤਾ ਰਹੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਗੁਰੂਆਂ ਨੇ ਅੱਗੇ ਤੋਰਿਆ। ਉਸੇ ਆਸ਼ੇ ਅਧੀਨ ਆਪ ਜੀ ਨੇ ਜਿੰਮੇਵਾਰੀਆਂ ਨਿਭਾਈਆਂ। ਆਪ ਨੇ ਸੰਗਤਾਂ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿਚ ਵਿਸ਼ਵਾਸ ਨੂੰ ਨਹੀਂ ਤਿਆਗਣਾ ਸਗੋਂ ਇਸ ਦੀ ਰੱਖਿਆ ਲਈ ਜੀਵਨ ਘੋਲ ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਨਿਰਭਉ ਨਿਰਵੈਰ ਹੈ। ਗੁਰੂ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜਾ ਖਾਣਾ, ਥੋੜਾ ਸੌਣਾ ਅਤੇ ਸਰੀਰ ਤੰਦਰੁਸਤ ਰੱਖਣਾ ਅਤੇ ਸਹਿਜ ਵਿਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ ਤੇ ਗੁਰੂ ਕੇ ਲੰਗਰਾਂ ਦੀ ਸੇਵਾ ਨੂੰ ਸਿੱਖਾਂ ਦੇ ਘਰਾਂ ਤੱਕ ਚਲਾਉਣ ਦੀ ਮਰਯਾਦਾ ਬਣਾ ਦਿੱਤੀ। ਸਿੱਖ ਦੇ ਘਰੋਂ ਕੋਈ ਭੁੱਖਾ ਨਿਰਾਸ਼ ਨਾ ਜਾਵੇ। ਘਰ-ਘਰ ਅੰਦਰ ਧਰਮਸ਼ਾਲ ਦੇ ਨਾਲ-ਨਾਲ, ਘਰ-ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਕਿਹਾ ਕਿ ਉਹੀ ਲੰਗਰ ਸਫ਼ਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ ਤੇ ਲੰਗਰ ਨੂੰ ਸਿੱਖਾਂ ਦੀ ਰਹਿਣੀ ਬਹਿਣੀ ਦਾ ਇਕ ਪ੍ਰਪੱਕ ਅੰਗ ਦੱਸਿਆ।

ਇਸੇ ਉਪਦੇਸ਼ ਅਧੀਨ ਜਦ ਸੰਨ 1644 ਈ. ਵਿਚ ਲਾਹੌਰ ਵਿਚ ਭਿਆਨਕ ਬਿਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਸੰਗਤਾਂ ਨੇ ਗਰੀਬਾਂ ਬੇਸਹਾਰਿਆਂ ਦੀ ਸੇਵਾ ਕੀਤੀ।

ਆਪ ਜੀ ਨੂੰ ਗੁਰਿਆਈ ਬਖਸ਼ਣ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਆਪ ਜੀ ਨੂੰ ਹਦਾਇਤ ਕੀਤੀ ਕਿ ਸਵੈ ਰੱਖਿਆ ਲਈ ਫੌਜ ਜ਼ਰੂਰ ਰੱਖਣੀ ਹੈ, ਤਦ ਹੀ ਤਾਂ 2200 ਘੋੜ ਸਵਾਰਾਂ ਦੀ ਜੁਝਾਰੂ ਫੌਜ ਆਪ ਜੀ ਦੇ ਕੋਲ ਸੀ ਜੋ ਖ਼ਾਲਸੇ ਦੇ ਜੁਝਾਰੂ ਜਲੌਅ ਦਾ ਪ੍ਰਤੀਕ ਸੀ। ਇਸ ਤਰ੍ਹਾਂ ਮੀਰੀ-ਪੀਰੀ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਹ ਦੀ ਬੇਨਤੀ 'ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਹੇਠ ਲੈ ਕੇ ਔਰੰਗਜੇਬ ਦੀ ਫੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਿਕੋਹ ਬਚ ਨਿਕਲਣ ਵਿਚ ਸਫ਼ਲ ਹੋ ਸਕੇ। ਜਿੱਥੇ ਆਪ ਸੰਗਤਾਂ ਨੂੰ ਨਾਮ ਦਾਨ ਦੇ ਕੇ ਸਫ਼ਲ ਜੀਵਨ ਦੇ ਰਾਹ ਪਾਉਂਦੇ ਸਨ, ਉਥੇ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਹਿ ਰੱਖਿਆ ਸੀ ਕਿ ਲੰਗਰਾਂ ਵਿਚ ਜੋ ਵੀ ਰਸਦ ਆਵੇ, ਬੜੀ ਸੰਭਾਲ ਕੇ ਰੱਖਣੀ ਹੈ, ਜੋ ਲੋੜ ਪੈਣ 'ਤੇ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਬੜੀਆਂ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ ਤਾਂ ਜੋ ਉਹ ਨਿਰੋਗ ਰਹਿਣ। ਜਦ ਮੁਗਲ ਬਾਦਸ਼ਾਹ ਸਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖਤ ਬਿਮਾਰੀ ਦਾ ਸ਼ਿਕਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨੇ ਦੀਆਂ ਔਸ਼ਧੀਆਂ ਨਾਲ ਤੰਦਰੁਸਤ ਹੋ ਗਿਆ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਚੰਗਾ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

ਗੁਰੂ ਜੀ ਨਾਲ ਦਾਰਾ ਸ਼ਿਕੋਹ ਦਾ ਮੇਲ ਮਿਲਾਪ ਵਧਦਾ ਵੇਖ ਕੇ ਔਰੰਗਜੇਬ ਨੇ ਬਹਾਨੇ ਨਾਲ ਗੁਰੂ ਜੀ ਨੂੰ ਤਲਬ ਕਰਨਾ ਚਾਹਿਆ। ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ। ਔਰੰਗਜੇਬ ਇਕ ਕੱਟੜ ਸ਼ਰਈ ਮੁਸਲਮਾਨ ਸੀ। ਉਹ ਜਬਰੀ ਧਰਮ ਪਰਿਵਰਤਨ ਦਾ ਆਦੀ ਹੋ ਚੁੱਕਾ ਸੀ। ਉਸ ਨੇ ਚਾਹਿਆ ਕਿ ਰਾਮਰਾਇ ਨੂੰ ਭਰਮਾ ਕੇ ਇਸਲਾਮ ਵਿਚ ਲਿਆਂਦਾ ਜਾਵੇ ਤਾਂ ਉਸ ਨੇ ਬਾਣੀ ਦਾ ਹਵਾਲੇ ਦੇ ਕੇ ਪੁੱਛਿਆ ਕਿ ਗ੍ਰੰਥ ਵਿਚ ਦਰਜ ਹੈ -ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥ ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ। ਅੰਗ 466॥

ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ ਹੈ। ਬਾਦਸ਼ਾਹ ਨਾਲ ਸਾਂਝ ਵਧਾਉਣ ਲਈ ਕਹਿ ਦਿੱਤਾ ਕਿ ਮਿੱਟੀ ਮੁਸਲਮਾਨ ਦੀ ਨਹੀਂ, ਮਿੱਟੀ ਬੇਈਮਾਨ ਕੀ ਹੈ।

ਬਾਦਸ਼ਾਹ ਨੇ ਉਸ ਦੀ ਚਤੁਰਾਈ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿਚ ਦੇ ਦਿੱਤਾ। ਜਦੋਂ ਗੁਰੂ ਹਰਿਰਾਇ ਜੀ ਨੂੰ ਉਸ ਦੀ ਚਤੁਰਾਈ ਦਾ ਪਤਾ ਲੱਗਾ ਤਾਂ ਉਨ੍ਹਾਂ ਦਾ ਮਨ ਬੜਾ ਉਦਾਸ ਹੋਇਆ। ਗੁਰੂ ਜੀ ਆਪਣੇ ਅਸੂਲਾਂ ਦੇ ਬੜੇ ਪੱਕੇ ਸਨ, ਉਨ੍ਹਾਂ ਨੇ ਦ੍ਰਿੜ ਇਰਾਦਾ ਬਣਾ ਲਿਆ ਕਿ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ। ਗੁਰੂ ਜੀ ਨੇ ਜਿੱਥੇ ਜਿੱਥੇ ਵੀ ਗੁਰੂ ਨਾਨਕ ਦਾ ਉਪਦੇਸ਼ ਮੰਨਣ ਵਾਲੇ ਸਨ ਉਥੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਨੇ ਸੰਗਤਾਂ ਨੂੰ ਗੁਰ ਉਪਦੇਸ਼ ਦ੍ਰਿੜ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਖੋਲ੍ਹ ਅਤੇ ਸੁਚੱਜੇ ਪ੍ਰਚਾਰਕ ਥਾਪੇ; ਜਿਵੇਂ ਕਿ ਸੁਥਰੇ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ ਜਿਨ੍ਹਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੁੰਦੜ, ਭਾਈ ਪੰਜਾਬ ਅਤੇ ਭਾਈ ਭਗਤੂ ਨਿਯੁਕਤ ਕੀਤੇ। ਅਕਤੂਬਰ 20, 1666 ਈ. ਨੂੰ ਆਪ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਤੇ ਬਿਠਾਇਆ ਅਤੇ ਆਪ ਜੋਤੀ ਜੋਤ ਸਮਾ ਗਏ।

# ਵੱਡਾ ਘੱਲੂਘਾਰਾ : ਸਿੱਖਾਂ ਦਾ ਖੁਰਾ ਖੋਜ ਮਿਟਾਉਣ ਆਇਆ ਸੀ ਅਬਦਾਲੀ

**ਹਰਵਿੰਦਰ ਸਿੰਘ ਖ਼ਾਲਸਾ ਬਠਿੰਡਾ**
(98155-33725)

ਜਦੋਂ ਖ਼ਾਲਸਾ ਪੰਥ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਮੁਗ਼ਲ ਰਾਜ ਦੇ ਤਾਕਤਵਰ ਸੂਬਾ ਸਰਹਿੰਦ ਨੂੰ ਸੋਧ ਕੇ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ ਤਾਂ ਸਿੱਖ ਕੌਮ ਵਿਚ ਇਕ ਨਵਾਂ ਅਧਿਆਇ ਆਰੰਭ ਹੋ ਗਿਆ ਸੀ। ਉਸ ਦੌਰ ਵਿਚ ਪੰਜਾਬ ਦੇ ਗਵਰਨਰ ਅਬਦੁੱਲ ਸਮੱਦ ਖ਼ਾਨ ਨੇ ਸਿੱਖਾਂ ਨੂੰ ਖ਼ਤਮ ਕਰਨ ਦੇ ਅਜੇ ਪੂਰੇ ਤਰੀਕੇ ਅਪਣਾਏ ਨਹੀਂ ਸਨ ਕਿ 1726 ਈ. ਨੂੰ ਉਸ ਦੀ ਥਾਂ ਉਸ ਦਾ ਬੇਟਾ ਜ਼ਕਰੀਆ ਖ਼ਾਨ ਪੰਜਾਬ ਦਾ ਗਵਰਨਰ ਬਣ ਗਿਆ। ਜ਼ਕਰੀਆ ਖ਼ਾਨ ਨੇ ਸਿੰਘਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ, ਸਿੰਘਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਅਤੇ 1745 ਈ. ਨੂੰ ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ 1745 ਤੋਂ 1747 ਤੱਕ ਉਸ ਦੇ ਬੇਟੇ ਯਹੀਆ ਖ਼ਾਨ ਨੇ ਹਕੂਮਤ ਕੀਤੀ। ਇਸੇ ਸਮੇਂ ਦੌਰਾਨ ਮਈ-1746 ਈ. ਨੂੰ ਛੋਟਾ ਘੱਲੂਘਾਰਾ ਵਾਪਰਿਆ। ਸ਼ਾਹ ਨਵਾਜ਼ ਖ਼ਾਨ ਨੇ 1747 ਤੋਂ 1748 ਈ. ਤਕ ਰਾਜ ਕੀਤਾ ਅਤੇ ਉਸ ਨੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਅਹਿਮਦਸ਼ਾਹ ਅਬਦਾਲੀ ਨੂੰ ਅਫ਼ਗਾਨਿਸਤਾਨ ਤੋਂ ਆਉਣ ਦਾ ਸੱਦਾ ਦਿੱਤਾ ਜਦਕਿ ਮੁਗਲ ਸਾਮਰਾਜ ਨਾਦਰਸ਼ਾਹ ਦੁਰਾਨੀ, ਜਿਸ ਨੇ 1738-39 ਵਿਚ ਭਾਰਤ 'ਤੇ ਹਮਲਾ ਕੀਤਾ ਸੀ, ਦੇ ਹਮਲੇ ਨਾਲ ਖੋਖਲਾ ਹੋ ਚੁੱਕਿਆ ਸੀ। ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ 'ਤੇ ਕਈ ਹਮਲੇ ਕੀਤੇ ਅਤੇ ਹਰ ਹਮਲੇ ਵਿਚ ਹਿੰਦੁਸਤਾਨ ਨੂੰ ਖ਼ੂਬ ਲੁੱਟਿਆ ਅਤੇ ਵਾਪਸ ਜਾਂਦੇ ਸਮੇਂ ਉਹ ਅਣਗਿਣਤ ਧਨ ਦੌਲਤ, ਕੀਮਤੀ ਸਮਾਨ ਤੇ ਨੌਜਵਾਨ ਲੜਕੇ-ਲੜਕੀਆਂ ਨੂੰ ਕੈਦ ਕਰਕੇ ਲੈ ਜਾਂਦਾ ਰਿਹਾ। ਜਦ ਅਹਿਮਦ ਸ਼ਾਹ ਅਬਦਾਲੀ ਨੇ ਚੌਥਾ ਹਮਲਾ ਕੀਤਾ ਤਾਂ ਉਹ ਦਿੱਲੀ ਵਿਚ ਆਪਣੀਆਂ ਫ਼ੌਜਾਂ ਨਾਲ ਬਿਨਾ ਕੋਈ ਲੜਾਈ ਕੀਤਿਆਂ ਵੜ ਗਿਆ। ਹਿੰਦੁਸਤਾਨ ਵਿਚ ਅਫ਼ਗਾਨੀਆਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਜੇ ਕੋਈ ਅਫ਼ਗਾਨੀਆਂ ਦਾ ਟਾਕਰਾ ਕਰ ਸਕਦਾ ਸੀ ਤਾਂ ਉਹ ਮਰਹੱਟੇ ਜਾਂ ਸਿੰਘ ਸਰਦਾਰ ਸਨ ਪਰ ਅਹਿਮਦ ਸ਼ਾਹ ਅਬਦਾਲੀ ਨੇ ਪਾਣੀਪਤ ਦੀ ਲੜਾਈ ਵਿਚ 14 ਜਨਵਰੀ, 1761 ਈ: ਨੂੰ ਮਰਹੱਟਿਆਂ ਦਾ ਲੱਕ ਤੋੜ ਦਿੱਤਾ ਸੀ। ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦੀ ਤਾਕਤ ਨੂੰ ਕੋਈ ਬਹੁਤੀ ਵੱਡੀ ਤਾਕਤ ਨਹੀਂ ਸੀ ਸਮਝਦਾ।



ਅਹਿਮਦਸ਼ਾਹ ਅਬਦਾਲੀ ਦਾ ਭੁਲੇਖਾ ਉਸ ਸਮੇਂ ਦੂਰ ਹੋ ਗਿਆ ਜਦ ਅਫ਼ਗਾਨੀ ਫ਼ੌਜਾਂ ਦਿੱਲੀ ਤੋਂ ਲਾਹੌਰ ਵਾਪਸ ਜਾ ਰਹੀਆਂ ਸਨ ਤਾਂ ਸਿੱਖ ਜਥਿਆਂ ਨੇ ਅਫ਼ਗਾਨੀ ਫ਼ੌਜਾਂ ਤੋਂ ਮਾਲ ਲੁੱਟ ਕੇ ਉਨ੍ਹਾਂ ਨੂੰ ਹਲਕਾ ਕਰ ਦਿੱਤਾ ਅਤੇ ਗੋਇੰਦਵਾਲ ਦੇ ਕੋਲ ਹਮਲਾ ਕਰਕੇ 2200 ਹਿੰਦੂ ਔਰਤਾਂ ਨੂੰ ਅਫ਼ਗਾਨਾਂ ਦੇ ਪੰਜੇ ਵਿਚੋਂ ਆਜ਼ਾਦ ਕਰਵਾਇਆ। ਅਹਿਮਦ ਸ਼ਾਹ ਅਬਦਾਲੀ ਵਾਪਸ ਜਾਣ ਤੋਂ ਪਹਿਲਾਂ ਜਿਨ੍ਹਾਂ ਜਰਨੈਲਾਂ ਨੂੰ ਲਾਹੌਰ ਦੀ ਸੰਭਾਲ ਸੌਂਪ ਕੇ ਗਿਆ ਸੀ, ਉਨ੍ਹਾਂ ਤੋਂ ਸਿੰਘ ਸਰਦਾਰਾਂ ਨੇ ਅਹਿਮਦ ਸ਼ਾਹ ਦੇ ਜਾਣ ਤੋਂ ਬਾਅਦ ਲਾਹੌਰ ਦਾ ਕਬਜ਼ਾ ਖੋਹ ਲਿਆ। ਖ਼ਾਲਸਾ ਪੰਥ ਨੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਬਾਦਸ਼ਾਹ ਬਣਾ ਕੇ ਖ਼ਾਲਸੇ ਦੇ ਨਾਂਅ ਦਾ ਸਿੱਕਾ ਜਾਰੀ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੂੰ ਜਦ ਲਾਹੌਰ 'ਤੇ ਸਿੱਖਾਂ ਵੱਲੋਂ ਕਬਜ਼ਾ ਕਰਕੇ ਸਿੱਕਾ ਜਾਰੀ ਕਰਨ ਬਾਰੇ ਖ਼ਬਰਾਂ ਮਿਲੀਆਂ ਤਾਂ ਉਹ ਸੜ-ਬਲ ਕੇ ਕ੍ਰੋਧ ਵਿਚ ਆ ਗਿਆ। ਪੰਜਾਬ ਦੇ ਕਾਜ਼ੀ, ਮੁੱਲਾਂ ਤਾਂ ਪਹਿਲਾਂ ਹੀ ਅਹਿਮਦ ਸ਼ਾਹ ਦੇ ਕੰਨ ਭਰ ਰਹੇ ਸਨ। ਅਹਿਮਦ ਸ਼ਾਹ ਅਬਦਾਲੀ ਨੇ ਇਹ ਧਾਰ ਕੇ ਪੰਜਾਬ ਵੱਲ ਫ਼ੌਜਾਂ ਭੇਜੀਆਂ ਕਿ ਜਿਸ ਤਰ੍ਹਾਂ ਉਸ ਨੇ ਮਰਾਠਿਆਂ ਨੂੰ ਖ਼ਤਮ ਕੀਤਾ ਹੈ, ਉਸੇ ਤਰ੍ਹਾਂ ਉਹ ਸਿੱਖ ਕੌਮ ਦਾ ਖੁਰਾ ਖੋਜ ਮਿਟਾ ਦੇਵੇਗਾ।

ਅਹਿਮਦ ਸ਼ਾਹ ਅਬਦਾਲੀ ਲਾਹੌਰ ਪਹੁੰਚਿਆ ਜਿਥੋਂ ਉਸ ਨੂੰ ਪਤਾ ਲੱਗਿਆ ਕਿ ਸਿੱਖ ਜਥੇ ਤਾਂ ਸਰਹਿੰਦ ਵੱਲ ਵਿਚਰ ਰਹੇ ਹਨ। ਅਹਿਮਦ ਸ਼ਾਹ ਛੇਤੀ ਤੋਂ ਛੇਤੀ ਖ਼ਾਲਸਾ ਫ਼ੌਜਾਂ ਨਾਲ ਟਾਕਰਾ ਕਰਕੇ ਉਨ੍ਹਾਂ ਨੂੰ ਖਤਮ ਕਰਨਾ ਚਾਹੁੰਦਾ ਸੀ। ਅਹਿਮਦ ਸ਼ਾਹ ਅਬਦਾਲੀ ਨੇ ਆਪਣੀਆਂ ਫ਼ੌਜਾਂ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ। ਇਕ ਹਿੱਸਾ ਆਪਣੇ ਅਧੀਨ, ਇਕ ਹਿੱਸਾ ਆਪਣੇ ਵਜ਼ੀਰ ਸ਼ਾਹਵਲੀ ਖਾਂ ਅਧੀਨ ਅਤੇ ਤੀਜਾ ਹਿੱਸਾ ਜਹਾਨ ਖਾਂ ਅਧੀਨ। ਖ਼ਾਲਸਾ ਪੰਥ ਇਸ ਸਮੇਂ ਕੁੱਪ ਪਿੰਡ ਦੇ ਕੋਲ ਇਕੱਠਾ ਹੋਇਆ ਸੀ ਅਤੇ ਕੁੱਪ ਪਿੰਡ ਤੋਂ ਛੇ ਮੀਲ ਦੂਰੀ 'ਤੇ ਪਿੰਡ ਗਰਮੇ ਵਿਚ ਪੰਜਾਹ ਹਜ਼ਾਰ ਦੇ ਕਰੀਬ ਬੱਚੇ, ਬੁੱਢੇ, ਬੀਬੀਆਂ ਅਤੇ ਉਨ੍ਹਾਂ ਨਾਲ ਸਾਰਾ ਸਾਮਾਨ ਸੀ। ਜਦ ਅਹਿਮਦਸ਼ਾਹ ਅਬਦਾਲੀ ਮਾਲੇਰਕੋਟਲੇ ਪਹੁੰਚਿਆ ਤਾਂ ਅਫ਼ਗਾਨਾਂ ਦੇ ਆਉਣ ਦਾ ਪਤਾ ਸਿੰਘਾਂ ਨੂੰ ਲੱਗਿਆ। ਉਸੇ ਸਮੇਂ ਸਿੰਘ ਗਰਮੇ ਵੱਲ ਵਧਣੇ ਸ਼ੁਰੂ ਹੋਏ। ਸਿੱਖਾਂ ਨੂੰ ਰੋਕਣ ਲਈ ਜੈਨ ਖਾਨ ਅੱਗੇ ਵਧਿਆ ਜੋ ਸਰਹਿੰਦ ਦਾ ਫ਼ੌਜਦਾਰ ਸੀ। ਇਸ ਲੜਾਈ ਵਿਚ ਜੈਨ ਖ਼ਾਨ ਦੇ ਮਗਰਲੇ ਦਸਤੇ ਨੂੰ, ਜੋ ਕਾਸਿਮ ਖਾਂ ਦੇ ਅਧੀਨ ਸੀ, ਸਿੰਘਾਂ ਨੇ ਬੁਰੀ ਤਰ੍ਹਾਂ ਭਾਂਜ ਦਿੱਤੀ ਅਤੇ ਉਸ ਨੂੰ ਪਿੱਛੇ ਹਟਣਾ ਪਿਆ।

ਇਸੇ ਸਮੇਂ ਅਹਿਮਦਸ਼ਾਹ ਅਬਦਾਲੀ ਵੱਡੀ ਫ਼ੌਜ ਲੈ ਕੇ ਪਹੁੰਚ ਗਿਆ। ਇਹ ਘਟਨਾ 5 ਫਰਵਰੀ, 1762 ਈ. ਦੀ ਹੈ। ਸਿੱਖ ਫ਼ੌਜਾਂ, ਮੁਗਲਾਂ ਨਾਲ ਟਾਕਰਾ ਕਰ ਰਹੀਆਂ ਸਨ ਅਤੇ ਨਾਲ ਹੀ ਉਨ੍ਹਾਂ ਨੂੰ ਆਪਣੇ ਪਰਿਵਾਰਾਂ, ਬੱਚਿਆਂ, ਸਿੰਘਣੀਆਂ ਤੇ ਬਜ਼ੁਰਗਾਂ ਦਾ ਫ਼ਿਕਰ ਵੀ ਸੀ। ਅਫ਼ਗਾਨੀ ਫ਼ੌਜਾਂ ਨੇ ਸਾਰੇ ਪਾਸਿਉਂ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੰਘ ਚਾਰੇ ਪਾਸਿਉਂ ਘਿਰ ਗਏ ਪਰ ਖ਼ਾਲਸਾ ਫ਼ੌਜਾਂ ਕਿਲ੍ਹਾ ਬਣਾਈ ਅਫ਼ਗਾਨਾਂ ਦਾ ਟਾਕਰਾ ਕਰਦੀਆਂ ਹੋਈਆਂ ਹੌਲੀ-ਹੌਲੀ ਪਿੱਛੇ ਹਟ ਰਹੀਆਂ ਸਨ। ਅਫ਼ਗਾਨ ਫ਼ੌਜਾਂ ਨੇ ਕਈ ਵਾਰ ਭਾਰੀ ਹਮਲਾ ਕਰਕੇ ਸਿੰਘਾਂ ਦੁਆਰਾ ਬਣਾਈ ਕੰਧ ਨੂੰ ਤੋੜ ਕੇ ਸਿੰਘਾਂ ਦੇ ਵਿਚ ਘੁਸਣਾ ਚਾਹਿਆ ਪਰ ਕਾਮਯਾਬ ਨਾ ਹੋ ਸਕੇ। ਇਸ ਤਰ੍ਹਾਂ ਲੜਦਾ-ਭਿੜਦਾ ਖ਼ਾਲਸਾ ਕੁਤਬੇ ਬਾਹਮਣੀ ਤੱਕ ਅੱਪੜ ਗਿਆ, ਜਿਥੇ ਦੋਵਾਂ ਫ਼ੌਜਾਂ ਨੇ ਪਾਣੀ ਦੀ ਢਾਬ ਤੋਂ ਪਾਣੀ ਪੀਤਾ ਅਤੇ ਘੋੜਿਆਂ ਨੂੰ ਪਿਲਾਇਆ। ਅਫ਼ਗਾਨਾਂ ਅਤੇ ਸਿੰਘਾਂ ਨੂੰ ਲੜਾਈ ਲੜਦਿਆਂ ਸ਼ਾਮ ਪੈ ਗਈ। ਦੂਜੇ ਪਾਸੇ 800 ਅਫ਼ਗਾਨਾਂ ਨੇ ਨਿਹੱਥੇ ਬੱਚਿਆਂ, ਬੁੱਢਿਆਂ ਅਤੇ ਬੀਬੀਆਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ।

ਅਫ਼ਗਾਨਾਂ ਅਤੇ ਸਿੰਘਾਂ ਦੀ ਲੜਾਈ ਕੁੱਪ ਤੋਂ ਸ਼ੁਰੂ ਹੋ ਕੇ ਕੁਤਬੇ ਪਿੰਡ ਜਾ ਕੇ ਖ਼ਤਮ ਹੋਈ। ਅਹਿਮਦ ਸ਼ਾਹ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਵਹੀਰ ਤੇ ਖ਼ਾਲਸੇ ਨੂੰ ਅੱਡ-ਅੱਡ ਕਰ ਦਿੱਤਾ ਜਾਵੇ ਤਾਂ ਜੋ ਉਹ ਵਹੀਰ ਦਾ ਕਤਲੇਆਮ ਕਰ ਦੇਵੇ ਪਰ ਉਹ ਕਾਮਯਾਬ ਨਾ ਹੋ ਸਕਿਆ ਅਤੇ ਅਖੀਰ ਉਹ ਲੜਾਈ ਦੀ ਕਮਾਨ ਜਹਾਨ ਖਾਨ ਨੂੰ ਦੇ ਕੇ ਆਪ ਮਾਲੇਰਕੋਟਲੇ ਵੱਲ ਚਲਾ ਗਿਆ। ਇਸ ਘੱਲੂਘਾਰੇ ਵਿਚ 35,000 ਦੇ ਕਰੀਬ ਸਿੰਘ, ਸਿੰਘਣੀਆਂ, ਭੁਝੰਗੀਆਂ ਤੇ ਬਜ਼ੁਰਗ ਸ਼ਹੀਦੀਆਂ ਪਾ ਗਏ। ਸ਼ਹੀਦ ਹੋਣ ਵਾਲਿਆਂ ਵਿਚ ਜ਼ਿਆਦਾ ਗਿਣਤੀ ਵਹੀਰੀਆਂ ਦੀ ਸੀ। ਅਹਿਮਦਸ਼ਾਹ ਅਬਦਾਲੀ ਇਹ ਸਮਝਦਾ ਸੀ ਕਿ ਹੁਣ ਸਿੰਘ ਵੀ ਮਰਾਠਿਆਂ ਦੀ ਤਰ੍ਹਾਂ ਦਬ ਜਾਣਗੇ ਪਰ ਸਿੰਘਾਂ ਨੇ ਤਿੰਨ ਮਹੀਨੇ ਬਾਅਦ ਸਰਹਿੰਦ 'ਤੇ ਹਮਲਾ ਕਰਕੇ ਫਤਹਿ ਹਾਸਲ ਕੀਤੀ। ਅਖੀਰ ਜੈਨ ਖ਼ਾਨ ਨੇ 50,000 ਰੁਪਏ ਸਿੰਘਾਂ ਨੂੰ ਦੇ ਕੇ

ਬਾਕੀ ਸਫ਼ਾ 28 'ਤੇ

# ਜਦੋਂ ਘੱਲੂਘਾਰਾ ਕਰਨ ਵਾਲੇ ਅਬਦਾਲੀ ਨੂੰ ਸਿੱਖ ਦੂਣੇ ਹੋ ਕੇ ਟੱਕਰੇ

**ਸਰਬਜੀਤ ਸਿੰਘ ਘੁਮਾਣ**

ਇਤਿਹਾਸ ਵਿਚ ਵਾਪਰੇ ਘੱਲੂਘਾਰਿਆਂ ਵਿਚੋਂ ਨਿਕਲ ਕੇ, ਮੁੜ ਪਲਟਵਾਰ ਕਰ ਕੇ ਦੁਸ਼ਮਣਾਂ ਦਾ ਸਫਾਇਆ ਕਰਨਾ ਸਿੱਖ ਕੌਮ ਦਾ ਖਾਸਾ ਰਿਹਾ ਹੈ। ਸਾਡੇ ਲੋਕ ਵੱਡੇ ਘੱਲੂਘਾਰੇ ਬਾਰੇ ਤਾਂ ਜਾਣਦੇ ਹਨ ਪਰ ਬਹੁਤੇ ਭੁੱਲੇ ਬੈਠ ਹਨ ਕਿ ਇਸ ਘੱਲੂਘਾਰੇ ਤੋਂ ਬਾਅਦ ਬੜੀ ਜਲਦੀ ਸਿੰਘਾਂ ਨੇ ਅਫਗਾਨੀਆਂ ਨੂੰ ਉਹ ਕਰਾਰੇ ਹੱਥ ਵਿਖਾਏ ਕਿ ਅਬਦਾਲੀ ਹਾਰਨ ਮਗਰੋਂ ਬੇਇੱਜ਼ਤ ਹੋ ਕੇ, ਜਲਾਲਤ ਮੰਨ ਕੇ ਰਾਤੋ ਰਾਤ ਪੰਜਾਬ ਤੋਂ ਦੌੜ ਗਿਆ ਸੀ। ਉਹ ਇਹ ਦੇਖ ਕੇ ਖੌਫਜ਼ਦਾ ਹੋ ਗਿਆ ਕਿ ਜਿਸ ਸਿੱਖ ਕੌਮ ਦੀ ਅੱਧੀ ਆਬਾਦੀ ਨੂੰ ਉਸ ਨੇ ਕੁੱਪ ਰੋਹੀੜੇ ਦੇ ਮੈਦਾਨ ਵਿਚ ਮਲੀਆਮੇਟ ਕੀਤਾ ਸੀ, ਉਨਾਂ ਸਿੱਖਾਂ ਨੇ ਮੁੜ ਪਲਟਵਾਰ ਕਰਦਿਆਂ ਅਫਗਾਨੀ ਫੌਜ ਦੇ ਲੰਗਾਰ ਲਾਹ ਛੱਡੇ ਹਨ। ਇਸ ਸਮੁੱਚੇ ਘਟਨਾਕ੍ਰਮ ਨਾਲ ਸਬੰਧਤ ਲਿਖਤਾਂ ਪੜ੍ਹ ਕੇ ਪਤਾ ਲਗਦਾ ਹੈ ਕਿ ਵੱਡੇ ਘੱਲੂਘਾਰੇ ਮੌਕੇ ਸਿੱਖ ਅਛੋਪਲ਼ੇ ਹੀ ਘਿਰਨ ਕਰਕੇ ਜੰਗੀ ਜ਼ੌਹਰ ਨਹੀ ਸੀ ਵਿਖਾ ਸਕੇ ਪਰ ਜਦ ਖਾਲਸਾ ਸਿਰ ਤਲ਼ੀ ਤੇ ਰੱਖਕੇ ਮੈਦਾਨ ਵਿਚ ਨਿਤਰਿਆ ਤਾਂ ਅਫਗਾਨੀ ਫੌਜ ਦੀ ਭਿਆਂ ਕਰਾ ਛੱਡੀ।

ਮਲੇਰਕੋਟਲ਼ੇ ਦੇ ਕੋਲ ਕੁੱਪ ਤੇ ਰਹੀੜਾ ਪਿੰਡ ਹਨ, ਜਿੱਥੇ ੫ ਫ਼ਰਵਰੀ ੧੭੬੨ ਨੂੰ ਵੱਡਾ ਘੱਲੂਘਾਰਾ ਵਾਪਰਿਆ ਸੀ। ਓਦੋਂ ਇਹਨਾਂ ਦੋਵਾਂ ਪਿੰਡਾਂ ਦੇ ਵਿਚਾਲੇ ਇਕ ਜੰਗਲ਼ ਹੁੰਦਾ ਸੀ। ਸਿੰਘਾਂ ਦਾ ਇਕ ਵੱਡਾ ਜਥਾ ਇਸ ਜੰਗਲ਼ ਵਿਚ ਠਹਿਰਿਆ ਹੋਇਆ ਸੀ। ਹੋਰ ਸਿੰਘ ਵੀ ਨਿੱਕੇ ਨਿੱਕੇ ਜਥਿਆਂ ਵਿਚ ਕਿਲ੍ਹਾ ਰਾਏਪੁਰ, ਗੁੱਜਰਵਾਲ਼ ਤੇ ਹੋਰ ਪਿੰਡਾਂ ਵਿਚ ਠਹਿਰੇ ਹੋਏ ਸਨ। ਅਚਨਚੇਤ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਘੇਰਾ ਪਾ ਲਿਆ। ਇਹ ਸਾਰੇ ਸਿੰਘ ਇਕ ਥਾਂ ਇਕੱਠੇ ਹੋ ਗਏ ਤੇ ਦੁਸ਼ਮਣ ਦਾ ਟਾਕਰਾ ਕਰਨ ਲਈ ਵਿਚਾਰਾਂ ਕਰਨ ਲੱਗੇ। ਦਲ ਖ਼ਾਲਸਾ ਦੇ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ, ਸ. ਨਵਾਬ ਕਪੂਰ ਸਿੰਘ, ਸ. ਚੜ੍ਹਤ ਸਿੰਘ ਸ਼ੁਕਰਚੱਕੀਆਂ ਤੇ ਹੋਰ ਮਿਸਲਾਂ ਦੇ ਨਾਮੀ ਜਰਨੈਲ ਇਕਮੱਤ ਸਨ ਕਿ ਚਾਰੇ ਪਾਸੇ ਘੇਰੇ ਵਿੱਚੋਂ ਬਾਹਰ ਨਿਕਲਣਾ ਬੜਾ ਔਖਾ ਹੈ ਕਿਉਂਕਿ ਸਰਹਿੰਦ ਦਾ ਸੂਬੇਦਾਰ ਜੈਨ ਖ਼ਾਨ, ਮਲੇਰਕੋਟਲੇ ਦਾ ਨਵਾਬ ਤੇ ਰਾਏਕੋਟ ਦਾ ਦੀਵਾਨ ਲੱਛਮੀ ਸਹਾਇ ਵੀ ਅਬਦਾਲੀ ਦੀ ਹਮਾਇਤ ਵਿਚ ਆਪਣੀਆਂ ਫ਼ੌਜਾਂ ਲੈ ਕੇ ਸਿੰਘਾਂ ਖ਼ਿਲਾਫ਼ ਆ ਡਟੇ ਸਨ। ਸਿੰਘਾਂ ਲਈ ਮੁਸ਼ਕਿਲ ਸੀ ਕਿ ਇਸ ਵੇਲ਼ੇ ਉਹਨਾਂ ਨਾਲ਼ ਵੱਡੀ ਗਿਣਤੀ ਵਿਚ ਬੀਬੀਆਂ ਤੇ ਬੱਚੇ ਸਨ। ਆਮ ਖ਼ਿਆਲ ਹੈ ਕਿ ਸਿੰਘਣੀਆਂ ਤਾਂ ਜੰਗਾਂ ਵਿਚ ਮਾਈ ਭਾਗ ਕੌਰ ਵਾਂਗ ਬਰਾਬਰ ਹਿੱਸਾ ਲੈਂਦੀਆਂ ਸਨ ਪਰ ਇਸ ਘੇਰੇ ਮੌਕੇ ਜ਼ਿਆਦਾ ਬੀਬੀਆਂ ਉਹ ਸਨ, ਜੋ ਅਜੇ ਸਾਲ ਕੁ ਪਹਿਲਾਂ ੧੦ ਅਪ੍ਰੈਲ ੧੭੬੧ ਨੂੰ ਹਿੰਦੂਆਂ ਦੀ ਪੁਕਾਰ 'ਤੇ ਅਬਦਾਲੀ ਤੋਂ ਛੁਡਵਾਈਆਂ ਸਨ। ਅਹਿਮਦ ਸ਼ਾਹ ਅਬਦਾਲੀ ਕੋਲ਼ੋਂ ਛੁਡਵਾਈਆਂ ਗਈਆਂ ਬਹੁਤੀਆਂ ਕੁੜੀਆਂ ਨੂੰ ਉਹਨਾਂ ਦੇ ਮਾਪਿਆਂ ਨੇ ਵਾਪਸ ਲੈਣ ਤੋਂ ਨਾਂਹ ਕਰ ਦਿੱਤੀ ਸੀ ਕਿ ਅਗਲੇ ਹਮਲੇ ਵੇਲ਼ੇ ਦੁਰਾਨੀ ਸਾਨੂੰ ਮਾਰ ਸੁੱਟਣਗੇ। ਇਹ ਹਾਲ ਰਿਹਾ ਹੈ ਰੱਖੜੀ ਬੰਨ੍ਹਾਉਣ ਵਾਲ਼ੇ ਭਾਈਆਂ ਦਾ। ਬਹੁਤ ਸਾਰੀਆਂ ਹਿੰਦੂ ਕੁੜੀਆਂ ਦੇ ਸਿੰਘਾਂ ਨਾਲ਼ ਵਿਆਹ ਕਰ ਦਿੱਤੇ ਗਏ ਸਨ, ਜਿਸ ਕਰਕੇ ਉਹ ਇਸ ਘੇਰੇ ਮੌਕੇ ਨਾਲ਼ ਸਨ। ਇਹ ਬੀਬੀਆਂ, ਸਿੰਘਣੀਆਂ ਵਾਂਗ ਸ਼ਸ਼ਤਰ-ਵਿੱਦਿਆ ਵਿਚ ਨਿਪੁੰਨ ਨਹੀਂ ਸਨ। ਇਸ ਕਰਕੇ ਸਿੰਘਾਂ ਲਈ ਇਹਨਾਂ ਨੂੰ ਸੰਭਾਲ਼ਣਾ ਵੀ ਇਕ ਅਹਿਮ ਕੰਮ ਸੀ। ਜਰਨੈਲਾਂ ਨੇ ਘੋੜ ਸਵਾਰਾਂ ਤੇ ਹੋਰ ਸ਼ਸਤਰਧਾਰੀ ਸਿੰਘਾਂ ਦਾ ਇਕ ਕੁੰਡਲ-ਘੇਰਾ ਸਾਰੀ ਵਹੀਰ ਦੇ ਦੁਆਲ਼ੇ ਪਾ ਲਿਆ ਤੇ ਵੈਰੀ ਨਾਲ਼ ਲੜਦੇ, ਭਿੜਦੇ, ਕੁੱਟਦੇ-ਵੱਢਦੇ ਬਰਨਾਲੇ ਵੱਲ ਨੂੰ ਤੁਰ ਪਏ। ਇਸ ਮੌਕੇ ਸਿੰਘਾਂ ਦੇ ਭਿਆਨਕ ਕਤਲੇਆਮ ਦੀ ਸੰਭਾਵਨਾ ਪ੍ਰਤੱਖ ਦਿਖ ਰਹੀ ਸੀ। ਸਿੰਘਾਂ ਨੂੰ ਆਪਣੀਆਂ ਜਾਨਾਂ ਨਾਲ਼ੋਂ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਦੀ ਜ਼ਿਆਦਾ ਚਿੰਤਾ ਸੀ। ਉਹਨਾਂ ਅਰਦਾਸ ਕੀਤੀ:





ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗਾ ਨਾਥ,
ਪੰਥ ਨਾ ਰਹਾ ਤੋ ਤੇਰਾ ਗ੍ਰੰਥ ਕੌਨ ਮਾਨੇਗਾ ?

ਕੱਟਾ-ਵੱਢੀ ਕਰਦੇ ਉਹ ਅੱਗੇ ਵਧਦੇ ਗਏ। ਕੁਤਬਾ ਤੇ ਬ੍ਰਾਹਮਣੀ ਪਿੰਡ ਕੋਲ਼ ਸਿੰਘਾਂ ਉੱਤੇ ਭਿਆਨਕ ਮਾਰੂ ਹੱਲਾ ਹੋ ਗਿਆ। ਇੱਥੇ ਗਹਿਗੱਚ ਲੜਾਈ ਹੋਈ। ਲੋਹੇ ਨਾਲ਼ ਲੋਹਾ ਖੜਕਿਆ। ਵਹੀਰ ਦੇ ਦੁਆਲੇ ਪਿਆ ਕੁੰਡਲ ਕਈ ਥਾਂਵਾਂ ਤੋਂ ਟੁੱਟ ਗਿਆ। ਵੈਰੀ ਨੇ ਧੁਰ ਅੰਦਰ ਤਕ ਮਾਰ ਕੀਤੀ ਪਰ ਸਿੰਘ ਆਪਣੇ ਘੋੜੇ ਮੋੜਦੇ, ਅੜਦੇ, ਲੜਦੇ, ਭਿੜਦੇ ਰਹੇ। ਪਿਛਲੇ ਦਸ ਘੰਟਿਆਂ ਤੋਂ ਇਹ ਜੰਗ ਉਹ ਤੁਰੇ ਆਉਂਦੇ ਲੜ ਰਹੇ ਸੀ। ਅਬਦਾਲੀ ਦੀ ਇੱਛਾ ਇਕ ਵਾਰ ਪੈਰ ਗੱਡ ਕੇ ਲੜਨ ਦੀ ਸੀ ਪਰ ਸਿੰਘ ਕੋਈ ਮੌਕਾ ਨਹੀਂ ਦੇ ਰਹੇ ਸੀ। ਸ. ਜੱਸਾ ਸਿੰਘ ਦੇ ਸਰੀਰ ਉੱਤੇ ੨੨ ਫੱਟ ਸਨ ਤੇ ਲਹੂ ਨਾਲ਼ ਨਹਾਤਾ ਉਹ ਅਜੇ ਵੀ ਘੋੜੇ 'ਤੇ ਚੜ੍ਹਿਆ ਟੁੱਟ-ਟੁੱਟ ਪੈ ਰਿਹਾ ਸੀ। ਸ. ਚੜ੍ਹਤ ਸਿੰਘ ਦੇ ਫੱਟ ਗਿਣ ਨਹੀਂ ਹੁੰਦੇ ਸੀ। ਇਹੀ ਹਾਲ ਬਾਕੀ ਸਿੰਘਾਂ ਤੇ ਸਰਦਾਰਾਂ ਦਾ ਸੀ। ਅੱਗੇ ਹਠੂਰ ਪਿੰਡ ਆਇਆ ਤਾਂ ਪਾਣੀ ਦੀ ਢਾਬ ਵੇਖ ਕੇ ਸਿੰਘ ਉਧਰ ਨੂੰ ਹੋ ਤੁਰੇ। ਅਬਦਾਲੀ ਦੀ ਫ਼ੌਜ ਪਾਣੀ ਦੀ ਢਾਬ ਖੋਹਣ ਲਈ ਹੱਲੇ ਕਰਦੀ ਰਹੀ ਪਰ ਤਾਜੇ ਦਮ ਹੋਏ ਸਿੰਘਾਂ ਨੇ ਪੇਸ਼ ਨਾ ਜਾਣ ਦਿੱਤੀ। ਅੱਗੇ ਬਰਨਾਲੇ ਦਾ ਇਲਾਕਾ ਸੀ, ਜਿਥੇ ਬਾਬਾ ਆਲਾ ਸਿੰਘ ਪਟਿਆਲੇ ਵਾਲ਼ੇ ਦੀ ਹਾਕਮੀ ਸੀ। ਇੱਥੋਂ ਅਬਦਾਲੀ ਪਿੱਛੇ ਮੁੜ ਗਿਆ। ਸਿੰਘ ਭਦੌੜ, ਢਿਪਾਲੀ, ਥਰਾਜ, ਦਰਾਜ, ਤਪਾ, ਫੂਲ, ਮਰਾਝ ਆਦਿਕ ਇਲਾਕਿਆਂ ਵਿਚ ਫ਼ੈਲ ਗਏ, ਜਿੱਥੇ ਮਲਵਈ ਸਿੱਖਾਂ ਨੇ ਟਹਿਲ ਸੇਵਾ ਕੀਤੀ। ਕੁੱਪ ਰਹੀੜੇ ਤੋਂ ਹਠੂਰ ਤਕ ਖ਼ਾਸ ਕਰਕੇ ਕੁਤਬੇ-ਬ੍ਰਾਹਮਣੀ ਦੇ ਇਲਾਕੇ ਵਿਚ ਸਿੱਖਾਂ ਦੀਆਂ ਲਾਸ਼ਾਂ ਦੇ ਢੇਰ ਪਏ ਸਨ। ਇਹਨਾਂ ਲੋਥਾਂ ਦੇ ਸਿਰ ਕਟਵਾ ਕੇ ਅਬਦਾਲੀ ਲਾਹੌਰ ਲੈ ਗਿਆ। ਲਾਹੌਰ ਨੂੰ

ਬਾਕੀ ਸਫ਼ਾ 28 'ਤੇ

# ਦਰਬਾਰ ਸਾਹਿਬ ਕੰਪਲੈਕਸ : ਸ੍ਰੀ ਅਖੰਡ ਪਾਠ ਸਾਹਿਬ ਲਈ ਬਾਦਲਾਂ ਤੋਂ ਬਿਨਾ ਸਭ ਨੂੰ ਨਾਂਹ

**ਅੰਮ੍ਰਿਤਸਰ/ਬਿਊਰੋ ਨਿਊਜ਼** : ਬਾਦਲ ਪਰਿਵਾਰ ਉਤੇ ਹੁਣ ਆਮ ਸਿੱਖਾਂ ਦੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਇਕ ਗੁਰਦੁਆਰਾ ਸਾਹਿਬ ਵਿਚ ਸ੍ਰੀ ਅਖੰਡ ਪਾਠ ਕਰਵਾਉਣ ਦੇ ਅਧਿਕਾਰ ਨੂੰ ਨੱਪ ਲੈਣ ਦੇ ਗੰਭੀਰ ਦੋਸ਼ ਲੱਗੇ ਹਨ। ਜਸਟਿਸ ਅਜੀਤ ਸਿੰਘ ਬੈਂਸ (ਸੇਵਾਮੁਕਤ) ਦੀ ਅਗਵਾਈ ਵਾਲੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਨੂੰ ਇਕ ਪੱਤਰ ਸੌਂਪ ਕੇ ਸ਼ਿਕਾਇਤ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਵਿਖੇ ਬਾਦਲ ਪਰਿਵਾਰ ਤੋਂ ਇਲਾਵਾ ਕਿਸੇ ਹੋਰ ਦਾ ਅਖੰਡ ਪਾਠ ਬੁੱਕ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਇਸ ਮਾਮਲੇ ਵਿਚ ਲੋੜੀਂਦੀ ਕਾਰਵਾਈ ਦੀ ਅਪੀਲ ਕੀਤੀ ਹੈ।

ਇਹ ਪੱਤਰ ਜਥੇਬੰਦੀ ਦੇ ਕਾਰਕੁਨ ਸਰਬਜੀਤ ਸਿੰਘ ਵੇਰਕਾ ਤੇ ਹੋਰਨਾਂ ਵੱਲੋਂ ਅਕਾਲ ਤਖ਼ਤ ਦੇ ਸਕੱਤਰੇਤ 'ਚ ਦਿੱਤਾ ਗਿਆ ਹੈ। ਇਸ ਪੱਤਰ ਵਿੱਚ ਉਨ੍ਹਾਂ ਲਿਖਿਆ ਕਿ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਵਿਖੇ ਬਾਦਲ ਪਰਿਵਾਰ ਵੱਲੋਂ ਸੰਨ 2012 ਤੋਂ ਨਿਰੰਤਰ ਅਖੰਡ ਪਾਠ ਕਰਵਾਏ ਜਾ ਰਹੇ ਹਨ। ਉਨ੍ਹਾਂ ਦਾਅਵਾ ਕੀਤਾ



ਅੰਮ੍ਰਿਤਸਰ ਦੇ ਅਕਾਲ ਤਖ਼ਤ ਸਾਹਿਬ ਨੇੜੇ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਦੀ ਇਮਾਰਤ ਦੀ ਬਾਹਰੀ ਝਲਕ।

ਕਿ ਇਸ ਸਬੰਧ ਵਿਚ ਆਪਣੇ ਪੱਧਰ 'ਤੇ ਅਖੰਡ ਪਾਠ ਬੁੱਕ ਕਰਾਉਣ ਦਾ ਯਤਨ ਕੀਤਾ ਸੀ ਪਰ ਸ਼੍ਰੋਮਣੀ ਕਮੇਟੀ ਦੇ ਸਬੰਧਤ ਅਮਲੇ ਨੇ ਇਸ ਥਾਂ 'ਤੇ ਅਖੰਡ ਪਾਠ ਬੁੱਕ ਕਰਨ ਤੋਂ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਉਥੇ ਪਹਿਲਾਂ ਹੀ ਬੁਕਿੰਗ ਚੱਲ ਰਹੀ ਹੈ। ਸਬੰਧਤ ਅਮਲੇ ਨੇ ਦੱਸਿਆ ਕਿ ਸੰਨ 2022 ਤੱਕ ਉਥੇ ਨਿਰੰਤਰ ਅਖੰਡ ਪਾਠ ਦੀ ਬੁਕਿੰਗ ਕੀਤੀ ਹੋਈ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਡਿਊਟੀ 'ਤੇ ਤੈਨਾਤ ਸ਼੍ਰੋਮਣੀ ਕਮੇਟੀ ਦੇ ਅਮਲੇ ਨੇ ਉਨ੍ਹਾਂ ਨੂੰ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਉੱਚ ਅਧਿਕਾਰੀਆਂ ਨੇ ਇਸ ਥਾਂ 'ਤੇ ਆਮ ਸੰਗਤ ਜਾਂ ਸ਼ਰਧਾਲੂਆਂ ਦੇ ਅਖੰਡ ਪਾਠ ਬੁੱਕ ਕਰਨ ਤੋਂ ਮਨ੍ਹਾਂ ਕੀਤਾ ਹੋਇਆ ਹੈ। ਉਨ੍ਹਾਂ ਇਸ ਗੱਲਬਾਤ ਦੀ ਆਡਿਓ ਰਿਕਾਰਡਿੰਗ ਹੋਣ ਦਾ ਵੀ ਦਾਅਵਾ ਕੀਤਾ ਹੈ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਆਖਿਆ ਕਿ ਉਹ ਇਸ ਮਸਲੇ ਬਾਰੇ ਪਤਾ ਲਾਉਣਗੇ।

## ਚੀਫ ਖਾਲਸਾ ਦੀਵਾਨ : 17 ਫਰਵਰੀ ਨੂੰ ਚੋਣਾਂ ਕਰਵਾਉਣ ਦਾ ਫੈਸਲਾ

**ਅੰਮ੍ਰਿਤਸਰ/ਬਿਊਰੋ ਨਿਊਜ਼** : ਸਿੱਖ ਇਤਿਹਾਸ ਦੀ ਨਾਮਵਰ ਸੰਸਥਾ ਚੀਫ ਖਾਲਸਾ ਦੀਵਾਨ ਦੀਆਂ ਚੋਣਾਂ ਦਾ ਮਾਮਲਾ ਅਦਾਲਤੀ ਚੱਕਰ ਕੱਢ ਰਿਹਾ ਹੈ, ਜਿਸ ਕਾਰਨ ਇਹ ਵਾਰ-ਵਾਰ ਮੁਲਤਵੀ ਹੁੰਦੀਆਂ ਆ ਰਹੀਆਂ ਹਨ। ਹੁਣ ਇਕ ਵਾਰ ਫਿਰ ਇਸ ਦੀਆਂ ਚੋਣਾਂ 17 ਫਰਵਰੀ ਨੂੰ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਹੈ।

ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੱਸਿਆ ਕਿ ਅਦਾਲਤ ਵੱਲੋਂ ਚੋਣ 'ਤੇ ਲੱਗੀ ਰੋਕ ਹਟਾਉਣ ਮਗਰੋਂ ਚੋਣ ਦੀ ਤਰੀਕ ਤੈਅ ਕਰਨ ਬਾਰੇ ਕਾਰਜਸਾਧਕ ਕਮੇਟੀ ਦੀ ਮੀਟਿੰਗ ਸੱਦੀ ਗਈ ਸੀ, ਜਿਸ ਵਿਚ ਚੋਣਾਂ 17 ਫਰਵਰੀ ਨੂੰ ਕਰਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਵੀ ਫ਼ੈਸਲਾ ਹੋਇਆ ਹੈ ਕਿ ਜਿਨ੍ਹਾਂ ਉਮੀਦਵਾਰਾਂ ਵੱਲੋਂ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਆਦਿ ਅਹੁਦਿਆਂ ਵਾਸਤੇ ਨਾਮਜ਼ਦਗੀ ਪੱਤਰ ਭਰੇ ਹੋਏ ਹਨ, ਉਨ੍ਹਾਂ ਨੂੰ ਮੁੜ ਨਾਮਜ਼ਦਗੀ ਪੱਤਰ ਭਰਨ ਦੀ ਲੋੜ ਨਹੀਂ ਹੈ ਪਰ ਜੇਕਰ ਕੋਈ ਨਾਮਜ਼ਦਗੀ ਪੱਤਰ ਵਾਪਸ ਲੈਣਾ ਚਾਹੁੰਦਾ ਹੈ ਅਤੇ ਕੋਈ ਹੋਰ ਨਾਮਜ਼ਦਗੀ ਪੱਤਰ ਦਾਖਲ ਕਰਨਾ ਚਾਹੁੰਦਾ ਹੈ ਤਾਂ ਇਸ ਸਬੰਧੀ ਤਰੀਕ ਦਾ ਐਲਾਨ ਜਲਦੀ ਕੀਤਾ ਜਾਵੇਗਾ।

ਮੀਟਿੰਗ ਵਿਚ ਸਰਬਜੀਤ ਸਿੰਘ ਧੜੇ ਦੇ 13 ਮੈਂਬਰਾਂ ਨੇ 'ਪ੍ਰਵਾਨ ਨਹੀਂ' ਦਾ ਨੋਟ ਲਿਖ ਕੇ ਦਿੰਦਿਆਂ ਮੀਟਿੰਗ ਦੇ ਕੁਝ ਫੈਸਲਿਆਂ 'ਤੇ ਇਤਰਾਜ਼ ਕੀਤਾ ਹੈ। ਕੌਂਸਲਰ ਅਤੇ ਮੈਂਬਰ ਅਮਰਜੀਤ ਸਿੰਘ ਭਾਟੀਆ ਨੇ ਦੱਸਿਆ ਕਿ ਮੀਟਿੰਗ ਵਿਚ ਪਿਛਲੀਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ਆਖਿਆ ਗਿਆ ਸੀ ਪਰ ਕੁਝ ਮੈਂਬਰਾਂ ਨੇ ਮੀਟਿੰਗ ਦੀ ਕਾਰਵਾਈ ਲਿਖਤੀ ਰੂਪ ਵਿਚ ਦਿੱਤੇ ਬਿਨਾ ਇਸ ਦੀ ਪੁਸ਼ਟੀ ਕਰਨ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਆਖਿਆ ਕਿ ਨਿਯਮ ਮੁਤਾਬਕ ਮੀਟਿੰਗ ਤੋਂ ਪਹਿਲਾਂ ਪਿਛਲੀ ਮੀਟਿੰਗ ਦੀ ਕਾਰਵਾਈ ਦੇ ਵੇਰਵੇ ਲਿਖਤੀ ਰੂਪ ਵਿਚ ਮੈਂਬਰਾਂ ਨੂੰ ਮੁਹੱਈਆ ਕੀਤੇ ਜਾਂਦੇ ਹਨ, ਜਿਸ ਤੋਂ ਬਾਅਦ ਇਸ ਦੀ ਪੁਸ਼ਟੀ ਹੁੰਦੀ ਹੈ।

## ਦਲ ਖਾਲਸਾ ਵੱਲੋਂ 26 ਜਨਵਰੀ ਨੂੰ ਕੀਤੇ ਗਏ ਰੋਸ ਮੁਜ਼ਾਹਰੇ

### *ਕਿਹਾ ਯੂ.ਐਨ. ਭਾਰਤ ਤੋਂ ਸਵੈ-ਨਿਰਣੇ ਦਾ ਹੱਕ ਲਾਗੂ ਕਰਵਾਏ*




**ਹੁਸ਼ਿਆਰਪੁਰ/ਬਿਊਰੋ ਨਿਊਜ਼** :
ਭਾਰਤੀ ਗਣਤੰਤਰ ਦਿਨ ਨੂੰ ਸਿੱਖਾਂ ਲਈ ਵਿਸਾਹਘਾਤ ਦਿਹਾੜਾ ਦੱਸਦਿਆਂ ਦਲ ਖਾਲਸਾ ਨੇ ਯੂ.ਐਨ. ਦੀ ਸੁਰੱਖਿਆ ਕੌਂਸਲ ਦੇ ਪੰਜ ਸਥਾਈ ਮੈਂਬਰਾਂ ਕੋਲੋਂ ਮੰਗ ਕੀਤੀ ਹੈ ਕਿ ਉਹ ਭਾਰਤ ਉਤੇ ਆਪਣਾ ਕੂਟਨੀਤਿਕ ਦਬਾਅ ਪਾਵੇ ਅਤੇ ਇਸ ਖਿਤੇ ਵਿੱਚ ਵਸਦੀਆਂ ਕੌਮਾਂ ਤੇ ਕੌਮੀਅਤਾਂ ਨੂੰ ਸਵੈ-ਨਿਰਣੇ ਦਾ ਹੱਕ ਦਿਵਾਉਣ ਵਿੱਚ ਮਦਦਗਾਰ ਹੋਵੇ।

ਸਿੱਖਾਂ ਨਾਲ ਸੰਵਿਧਾਨਕ ਅਤੇ ਰਾਜਸੀ ਪ੍ਰਬੰਧਕੀ ਢਾਂਚੇ ਰਾਹੀਂ ਲਗਾਤਾਰ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਅਤੇ ਵਧੀਕੀਆਂ ਵਿਰੁੱਧ ਦਲ ਖਾਲਸਾ ਨੇ 26 ਜਨਵਰੀ ਦੇ ਜਸ਼ਨਾਂ ਦਾ ਵਿਰੋਧ ਕੀਤਾ ਅਤੇ ਪੰਜਾਬ ਦੇ ਤਿੰਨ ਸ਼ਹਿਰਾਂ-ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਜੀਰੇ ਵਿੱਚ ਰੋਸ-ਵਿਖਾਵੇ ਕੀਤੇ। ਇਹਨਾਂ ਵਿਖਾਵਿਆਂ ਦੇ ਪ੍ਰਬੰਧਕਾਂ ਨੇ ਭਾਰਤੀ ਗਣਤੰਤਰ ਦਿਹਾੜੇ ਨੂੰ ਸਿੱਖਾਂ ਲਈ ਕਾਲਾ ਗਣਤੰਤਰ ਦਿਹਾੜਾ ਦੱਸਿਆ।

ਦਲ ਖਾਲਸਾ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ 26 ਦੇ ਸਰਕਾਰੀ ਜਸ਼ਨਾਂ ਦੇ ਮੁਕਾਬਲੇ ਤੇ ਦਲ ਖਾਲਸਾ ਵਲੋਂ ਸਵੈ ਨਿਰਣੇ ਦਾ ਹੱਕ ਹਾਸਲ ਕਰਨ ਲਈ ਕੀਤੇ ਗਏ ਵਿਖਾਵਿਆਂ ਦੀ ਅਗਵਾਈ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਖਾਲਸਾਈ ਝੰਡੇ ਹੇਠ ਕੀਤੀ।

ਦਲ ਦੇ ਆਗੂਆਂ ਨੇ 26 ਜਨਵਰੀ ਦੇ ਜਸ਼ਨਾਂ ਦੇ ਵਿਰੋਧ ਨੂੰ ਜਾਇਜ਼ ਦੱਸਦਿਆਂ ਕਿਹਾ ਕਿ ਮੌਜੂਦਾ ਸੰਵਿਧਾਨ ਸਿੱਖਾਂ ਦੀ ਨਿਆਰੀ ਪਛਾਣ ਤੇ ਹੋਂਦ ਤੋਂ ਮੁਨਕਰ ਹੈ। ਉਨ੍ਹਾਂ ਕਿਹਾ ਕਿ ਸਾਡੇ ਹੱਕ ਹਕੂਕ ਖੋਹੇ ਗਏ ਹਨ, ਪੰਜਾਬ ਦੇ ਪਾਣੀ ਲੁੱਟੇ ਜਾ ਰਹੇ ਹਨ, ਸਰਕਾਰਾਂ ਸਵੈ-ਨਿਰਣੇ ਦਾ ਹੱਕ ਦੇਣ ਤੋਂ ਮੁਨਕਰ ਹਨ, ਪੁਲਿਸ ਅਤੇ ਸੁਰੱਖਿਆ ਫੋਰਸਾਂ ਨੂੰ ਬੇਤਹਾਸ਼ਾ ਤਾਕਤਾਂ ਮਿਲੀਆਂ ਹਨ ਤਾਂ ਜੋ ਉਹ ਕਿਸੇ ਦੀ ਵੀ ਜ਼ਿੰਦਗੀ ਨਾਲ ਖੇਡ ਸਕਣ, ਸੰਵਿਧਾਨ ਅਤੇ ਤਿਰੰਗੇ ਦੀ ਆੜ ਹੇਠ ਸੈਕੜੇ ਨੌਜਵਾਨ ਗੈਰ-ਕਾਨੂੰਨੀ ਢੰਗ ਨਾਲ ਮਾਰ ਮੁਕਾਏ ਗਏ। ਆਗੂਆਂ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ 26 ਜਨਵਰੀ ਦੀ ਮੁਖਾਲਫਤ ਭਾਰਤੀ ਲੋਕਾਂ ਦੀ ਵਿਰੋਧਤਾ ਨਹੀਂ ਹੈ। ਜਥੇਬੰਦੀ ਦੇ ਕਾਰਕੁੰਨਾਂ ਨੇ "ਸੰਵਿਧਾਨ ਸਾਡਾ ਨਹੀਂ, ਤਿਰੰਗਾ ਸਾਡਾ ਨਹੀਂ, ਜਨ ਗਨ ਮਨ ਅਤੇ 26 ਜਨਵਰੀ ਸਾਡੀ ਨਹੀਂ" ਦੇ ਨਾਅਰੇ ਮਾਰੇ।

ਦਲ ਦੇ ਮੁਖੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਆਪਣੀ ਕਿਸਮਤ ਦੀ ਮਾਲਕ ਵੀ ਆਪ ਹੀ ਬਨਣਾ ਲੋਚਦੀ ਹੈ। ਸਿੱਖਾਂ ਨੂੰ ਦਿੱਲੀ ਤੋਂ ਥੋਪੇ ਜਾਂਦੇ ਫੈਸਲੇ ਪ੍ਰਵਾਨ ਨਹੀਂ ਹਨ। ਉਹਨਾਂ ਕਿਹਾ ਕਿ ਭਾਰਤ ਅਤੇ ਸਿੱਖ ਕੌਮ ਵਿਚਾਲੇ ਖਿਚੋਤਾਣ ਦਾ ਪੱਕਾ ਹੱਲ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਅਤੇ ਉਸ ਨੂੰ ਲਾਗੂ ਕਰਨ ਨਾਲ ਹੀ ਹੋਵੇਗਾ। ਇਨ੍ਹਾਂ ਰੋਸ ਵਿਖਾਵਿਆਂ ਵਿਚ ਸਿੱਖ ਯੂਥ ਆਫ ਪੰਜਾਬ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਦਲ ਦੇ ਸਾਬਕਾ ਮੁਖੀ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਸੰਵਿਧਾਨਕ ਮੱਦਾਂ ਲਗਾਤਾਰ ਸਿੱਖਾਂ ਨੂੰ ਠਿੱਠ ਕਰ ਕਰੀਆਂ ਹਨ। ਉਨ੍ਹਾਂ ਕਿਹਾ ਕਿ ਭਾਰਤੀ ਰਾਜ ਵਲੋਂ ਪਿਛਲੇ ਸੱਤ ਦਹਾਕਿਆਂ ਤੋਂ ਰਾਇਪੇਰੀਅਨ ਸਿਧਾਂਤ ਅਤੇ ਆਪਣੇ ਹੀ ਸੰਵਿਧਾਨ ਦੀ ਭਾਵਨਾ ਦੇ ਉਲਟ ਜਾ ਕੇ ਪੰਜਾਬ ਦਾ ਪਾਣੀ ਲੁੱਟਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਬਾਦਲਾਂ ਵਾਂਗ ਕੈਪਟਨ ਅਮਰਿੰਦਰ ਸਿੰਘ ਵੀ ਪੁਲਿਸ ਦੇ ਦਬਦਬੇ ਤੋਂ ਮੁਕਤ ਨਹੀਂ ਹੈ, ਇਸੇ ਲਈ ਬਹਿਬਲ ਕਲਾਂ ਗੋਲੀ ਕਾਂਡ ਦੇ ਸੁਮੇਧ ਸਿੰਘ ਸੈਣੀ ਸਾਰੇ ਦਾਗੀ ਤੇ ਦੋਸ਼ੀ ਅਫਸਰ ਕਾਨੂੰਨ ਦੀ ਪਕੜ ਤੋਂ ਆਜ਼ਾਦ ਘੁੰਮ ਰਹੇ ਹਨ।

ਪਰਮਜੀਤ ਸਿੰਘ ਟਾਂਡਾ, ਰਣਬੀਰ ਸਿੰਘ, ਹਰਮਿੰਦਰ ਸਿੰਘ ਹਰਮੋਏ, ਗੁਰਦੀਪ ਸਿੰਘ ਕਾਲਕੱਟ, ਗੁਰਪ੍ਰੀਤ ਸਿੰਘ, ਦਿਲਬਾਗ ਸਿੰਘ ਗੁਰਦਾਸਪੁਰ, ਕੁਲਵੰਤ ਸਿੰਘ ਫੇਰੂਮਾਨ, ਕੁਲਦੀਪ ਸਿੰਘ ਦੀ ਅਗਵਾਈ ਹੇਠ ਨੌਜਵਾਨਾਂ ਵੱਲੋਂ ਸ਼ਹਿਰ ਦੇ ਬਾਜ਼ਾਰਾਂ ਵਿੱਚ ਨਾਅਰਿਆਂ ਦੀ ਗੂੰਜ ਨਾਲ ਮਾਰਚ ਕੱਢਿਆ ਗਿਆ।

## ਪੰਜ ਸਾਲ 'ਚ ਸ਼੍ਰੋਮਣੀ ਕਮੇਟੀ ਤੋਂ ਦੀਵਾਨ ਟੋਡਰ ਮੱਲ ਦੀ ਹਵੇਲੀ ਨਾ ਬਣੀ

**ਫ਼ਤਹਿਗੜ੍ਹ ਸਾਹਿਬ/ਬਿਊਰੋ ਨਿਊਜ਼** : ਫ਼ਤਹਿਗੜ੍ਹ ਸਾਹਿਬ ਦੀ ਮਹਾਨ ਧਰਤੀ ਉਤੇ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਕੁਰਬਾਨੀ ਹੋਈ ਹੈ, ਉੱਥੇ ਮੁਗ਼ਲ ਸਾਮਰਾਜ ਵਲੋਂ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਜਗ੍ਹਾ ਨਹੀਂ ਦਿੱਤੀ ਗਈ ਸੀ। ਸੂਬਾ ਸਰਹਿੰਦ ਦੇ ਵਜ਼ੀਰ ਖਾਂ ਨੇ 1704 ਈ. 'ਚ ਸਸਕਾਰ ਲਈ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਜਗ੍ਹਾ ਦੇਣ ਦੀ ਸ਼ਰਤ ਰੱਖੀ ਸੀ ਤਾਂ ਦੀਵਾਨ ਟੋਡਰ ਮੱਲ ਨਾਂ ਦੇ ਇਕ ਦਾਨਵੀਰ ਇਨਸਾਨ ਨੇ ਉਸ ਸਮੇਂ 'ਚ 78 ਹਜ਼ਾਰ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਆਪਣੀ ਜ਼ਿੰਦਗੀ ਦੀ ਸਾਰੀ ਕਮਾਈ ਇਸ ਸਸਕਾਰ ਲਈ ਜਗ੍ਹਾ ਖ਼ਰੀਦਣ ਲਈ ਦੇ ਦਿੱਤੀ ਸੀ ਜਿੱਥੇ ਕਿ ਅੱਜ-ਕੱਲ੍ਹ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ। ਇਸ ਤਰ੍ਹਾਂ ਦੁਨੀਆ ਦੇ ਇਤਿਹਾਸ 'ਚ ਇਹ ਸਭ ਤੋਂ ਮਹਿੰਗੀ ਜ਼ਮੀਨ ਗਿਣੀ ਜਾਂਦੀ ਹੈ। ਦੁੱਖ ਦੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦੀਵਾਨ ਟੋਡਰ ਮੱਲ ਜਹਾਜ਼ੀ ਹਵੇਲੀ ਦੀ ਸੰਭਾਲ ਲਈ ਠੋਸ ਕਦਮ ਨਹੀਂ ਚੁੱਕੇ ਗਏ ਜਿਸ ਕਾਰਨ ਇਸ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਸ਼੍ਰੋਮਣੀ ਕਮੇਟੀ ਨੇ ਇਸ ਹਵੇਲੀ ਦਾ ਕੰਮ 2014 'ਚ ਸ਼ੁਰੂ ਕਰਵਾਇਆ ਸੀ ਅਤੇ ਸੂਬੇ ਤੋਂ ਬਾਹਰਲੇ ਕਾਰੀਗਰਾਂ ਨੂੰ ਵੀ ਬੁਲਾਇਆ ਸੀ ਪ੍ਰੰਤੂ ਉਨ੍ਹਾਂ ਵਲੋਂ ਕੰਮ ਵਿਚਕਾਰ ਹੀ ਛੱਡ ਦਿੱਤਾ ਗਿਆ ਜਿਸ ਕਾਰਨ ਇਸ ਦੇ ਨਿਰਮਾਣ ਦਾ ਕਾਰਜ ਵਿਚਾਲੇ ਹੀ ਲਟਕਦਾ ਆ ਰਿਹਾ ਹੈ। ਸ਼੍ਰੋਮਣੀ ਕਮੇਟੀ ਵਲੋਂ ਇਸ ਹਵੇਲੀ ਸਬੰਧੀ ਕਾਰਜਕਾਰਨੀ ਮੀਟਿੰਗਾਂ 'ਚ ਕਈ ਵਾਰ ਮਤੇ ਵੀ ਪਾਸ ਕੀਤੇ ਗਏ ਪ੍ਰੰਤੂ ਇਹ ਕੰਮ ਕਈ ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਨੇਪਰੇ ਨਹੀਂ ਚੜ੍ਹ ਸਕਿਆ। ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਦੱਸਿਆ ਕਿ ਉਸ ਵਲੋਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੂੰ ਕਈ ਵਾਰ ਲਿਖਤੀ ਪੱਤਰ ਵੀ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਹ ਕਾਰਜ ਪਹਿਲ ਦੇ ਆਧਾਰ 'ਤੇ ਜਲਦੀ ਕਰਵਾਉਣਾ ਚਾਹੀਦਾ ਹੈ। ਇਸ ਸਬੰਧੀ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਹੁਣ ਤੱਕ 70 ਲੱਖ ਰੁਪਏ ਦੇ ਕਰੀਬ ਖ਼ਰਚ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰਾਂ ਦੀ ਕਾਰ ਸੇਵਾ ਦਾ ਕਾਰਜ ਬਾਬਾ ਹਰਬੰਸ ਸਿੰਘ ਦਿੱਲੀ ਵਾਲੇ ਕਰਦੇ ਹਨ ਜਿਨ੍ਹਾਂ ਨੂੰ ਇਹ ਸੇਵਾ ਦਾ ਕਾਰਜ ਵੀ ਸੌਂਪ ਦਿੱਤਾ ਗਿਆ ਹੈ ਅਤੇ ਉਨ੍ਹਾਂ ਵਲੋਂ ਜਲਦੀ ਹੀ ਇਸ ਹਵੇਲੀ ਦਾ ਕਾਰਜ ਸ਼ੁਰੂ ਕਰਵਾ ਦਿੱਤਾ ਜਾਵੇਗਾ ।



### ਕੀ ਕਹਿੰਦੇ ਹਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ

ਇਸ ਸਬੰਧੀ ਜਦੋਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਅਮਰਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਾਲ 2008 ਤੋਂ ਪਹਿਲਾਂ ਇਹ ਵਿਰਾਸਤੀ ਹਵੇਲੀ ਦੀ ਦੇਖ-ਰੇਖ ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ ਵਲੋਂ ਸੰਭਾਲੀ ਗਈ ਸੀ। ਇਸ ਟਰੱਸਟ ਨੂੰ ਨਵਜੋਤਪਾਲ ਸਿੰਘ ਰੰਧਾਵਾ ਜੋ ਕਿ ਉਸ ਸਮੇਂ ਫ਼ਤਹਿਗੜ੍ਹ ਸਾਹਿਬ 'ਚ ਬਤੌਰ ਵਧੀਕ ਡਿਪਟੀ ਕਮਿਸ਼ਨਰ ਸਨ, ਵਲੋਂ ਚਲਾਇਆ ਜਾ ਰਿਹਾ ਸੀ । ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਕਹਿਣ 'ਤੇ 29 ਅਪ੍ਰੈਲ 2008 'ਚ ਇਸ ਵਿਰਾਸਤੀ ਹਵੇਲੀ ਦੀ ਰਜਿਸਟਰੀ ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ ਵਲੋਂ ਸ. ਰੰਧਾਵਾ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਨਾਂਅ ਕਰਵਾ ਦਿੱਤੀ ਸੀ, ਜਿਸ ਤੋਂ ਬਾਅਦ ਇਸ ਹਵੇਲੀ ਦੇ ਕਾਰਜ ਦਾ ਕੰਮ ਸ਼ੁਰੂ ਹੋਇਆ ।

## ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਕਤਲੇਆਮ ਕੇਸਾਂ ਦੇ ਗਵਾਹਾਂ ਤੇ ਵਕੀਲਾਂ ਦਾ ਸਨਮਾਨ

**ਅੰਮ੍ਰਿਤਸਰ/ਬਿਊਰੋ ਨਿਊਜ਼** : ਨਵੰਬਰ-1984 ਦੇ ਸਿੱਖ ਕਤਲੇਆਮ ਦੇ ਕੇਸਾਂ ਦੇ ਸੱਤ ਗਵਾਹਾਂ ਅਤੇ ਸੱਤ ਵਕੀਲਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਕਤਲੇਆਮ ਮਾਮਲੇ ਵਿਚ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮੁੱਖ ਦੋਸ਼ੀ ਦੱਸਦਿਆਂ ਉਸ ਖਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਕਤਲੇਆਮ ਕੇਸ ਵਿਚ ਗਵਾਹ ਬੀਬੀ ਜਗਦੀਸ਼ ਕੌਰ ਨੇ ਰਾਜੀਵ ਗਾਂਧੀ ਖਿਲਾਫ਼ ਕੇਸ ਦਰਜ ਕਰਨ ਤੋਂ ਇਲਾਵਾ ਉਸ ਨੂੰ ਦਿੱਤਾ 'ਭਾਰਤ ਰਤਨ' ਵਾਪਸ ਲੈਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਵਲੋਂ ਜਿਨ੍ਹਾਂ ਸੱਤ ਗਵਾਹਾਂ ਨੂੰ ਸਨਮਾਨਿਤ ਕੀਤਾ ਗਿਆ, ਉਨ੍ਹਾਂ ਵਿਚ ਬੀਬੀ ਜਗਦੀਸ਼ ਕੌਰ, ਬੀਬੀ ਨਿਰਪ੍ਰੀਤ ਕੌਰ, ਜਗਸ਼ੇਰ ਸਿੰਘ, ਕੁਲਦੀਪ ਸਿੰਘ, ਸੰਤੋਖ ਸਿੰਘ, ਸੰਗਤ ਸਿੰਘ ਤੇ ਸੁਰਜੀਤ ਸਿੰਘ ਸ਼ਾਮਲ ਹਨ। ਕੇਸਾਂ ਦੀ ਪੈਰਵਾਈ ਕਰਨ ਵਾਲੇ ਸਨਮਾਨਿਤ ਕੀਤੇ ਵਕੀਲਾਂ ਵਿਚ ਐਚਐਸ ਫੂਲਕਾ, ਆਰਐਸ ਚੀਮਾ, ਬੀਬੀ ਤਰੰਨੁਮ ਚੀਮਾ, ਡੀਪੀ ਸਿੰਘ, ਗੁਰਬਖਸ਼ ਸਿੰਘ, ਜਸਵਿੰਦਰ ਸਿੰਘ ਤੇ ਬੀਬੀ ਕਾਮਨਾ ਵੋਹਰਾ ਦੇ ਨਾਂ ਸ਼ਾਮਲ ਹਨ। ਸਨਮਾਨ ਸਮਾਗਮ ਵਿਚ ਐਡਵੋਕੇਟ ਐਚਐਸ ਫੂਲਕਾ ਖੁਦ ਨਹੀਂ ਪੁੱਜੇ ਸਨ ਅਤੇ ਉਨ੍ਹਾਂ ਦੀ ਥਾਂ ਇਹ ਸਨਮਾਨ ਉਨ੍ਹਾਂ ਦੇ ਪਰਿਵਾਰਕ ਮੈਂਬਰ ਨੂੰ ਸੌਂਪਿਆ ਗਿਆ ਹੈ। ਇਸੇ ਤਰ੍ਹਾਂ ਐਡਵੋਕੇਟ ਆਰ.ਐਸ. ਚੀਮਾ, ਉਨ੍ਹਾਂ ਦੀ ਬੇਟੀ ਤਰੰਨੁਮ ਚੀਮਾ ਅਤੇ ਐਡਵੋਕੇਟ ਕਾਮਨਾ ਵੋਹਰਾ ਵੀ ਨਿੱਜੀ ਰੁਝੇਵੇਂ ਕਰਕੇ ਸਮਾਗਮ ਵਿੱਚ ਨਹੀਂ ਪੁੱਜ ਸਕੇ। ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਦੇ ਇਹ ਸਨਮਾਨ ਬਾਅਦ ਵਿਚ ਉਨ੍ਹਾਂ ਨੂੰ ਸੌਂਪੇ ਜਾਣਗੇ। ਸਨਮਾਨ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਸਾਰਿਆਂ ਨੂੰ ਸਿਰੋਪਾਓ, ਸ੍ਰੀ ਸਾਹਿਬ, ਚਾਂਦੀ ਦੀ ਤਸ਼ਤਰੀ ਅਤੇ ਚਾਂਦੀ ਦੇ ਸਿੱਕੇ ਦਿੱਤੇ ਗਏ ਹਨ। ਸਮੂਹ ਗਵਾਹਾਂ ਨੂੰ ਸਨਮਾਨ ਵਿੱਚ ਦੋ-ਦੋ ਲੱਖ ਰੁਪਏ ਦੀ ਨਗ਼ਦ ਰਾਸ਼ੀ ਵੀ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਪੀੜਤ ਸਿੱਖਾਂ ਨੂੰ ਨਿਆਂ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਇਸ ਸੰਘਰਸ਼ ਨੂੰ ਅੰਤਮ ਪੜਾਅ ਤਕ ਜਾਰੀ ਰੱਖੇਗੀ ਅਤੇ ਪੀੜਤਾਂ ਨਾਲ ਹਰ ਮੁਕਾਮ 'ਤੇ ਖੜ੍ਹੀ ਰਹੇਗੀ। ਸਮਾਗਮ ਵਿਚ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਬਿੱਕਰ ਸਿੰਘ ਚੰਨੂ, ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਧਿਕਾਰੀ ਸ਼ਾਮਲ ਸਨ।


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਸਿੱਖਾਂ ਅਤੇ ਕਸ਼ਮੀਰੀਆਂ ਵੱਲੋਂ ਗਣਤੰਤਰ ਦਿਵਸ ਮੌਕੇ ਲੰਦਨ ਦੂਤਘਰ ਅੱਗੇ ਜ਼ਬਰਦਸਤ ਪ੍ਰਦਰਸ਼ਨ

ਦੇ ਕੀਤੇ ਇਕ ਸਵਾਲ, ਕਿ ਆਮ ਸਿੱਖ ਜਨਤਾ ਦਾ ਸੰਘਰਸ਼ ਨਾਲ ਕਿੰਨਾ-ਕੁ ਸਮਰਥਨ ਹੈ, ਦੇ ਜਵਾਬ ਵਿਚ ਰਣਜੀਤ ਸਿੰਘ ਸਰਾਏ ਨੇ ਕਿਹਾ ਕਿ ਭਾਰਤੀ ਸਰਕਾਰਾਂ ਨੇ ਸਿੱਖਾਂ ਦਾ ਕਤਲੇਆਮ ਕਰਨਾ ਇਸ ਕਾਰਨ ਹੀ ਜ਼ਰੂਰੀ ਸਮਝਿਆ ਸੀ ਅਤੇ ਇਸੇ ਹੀ ਕਾਰਨ ਸਿੱਖ ਸਿਆਸੀ ਕੈਦੀ ਉਮਰ ਕੈਦਾਂ ਪੂਰੀਆਂ ਕਰਕੇ ਵੀ ਲਗਾਤਾਰ ਨਜ਼ਰਬੰਦ ਹਨ। ਉਸ ਦੇ ਦੂਸਰੇ ਸਵਾਲ, ਕਿ ਸਿੱਖਾਂ ਅਤੇ ਕਸ਼ਮੀਰੀਆਂ ਦੀ ਸਾਂਝ ਕਿਵੇਂ ਬਣ ਗਈ, ਦੇ ਜਵਾਬ ਵਿਚ ਦੋਵੇਂ ਧਿਰਾਂ ਦੇ ਨੁਮਾਇੰਦਿਆਂ ਨੇ ਇਕਸੁਰਤਾ ਨਾਲ ਦਰਸਾਇਆ ਕਿ ਉਨ੍ਹਾਂ ਦੇ ਖੁਦਮੁਖਤਿਆਰੀ, ਅਜ਼ਾਦੀ, ਨਸਲਕੁਸ਼ੀ ਆਦਿਕ ਮਸਲੇ ਅਤੇ ਦੁਸ਼ਮਣ ਵੀ ਇਕ ਹੈ । ਅਮਰੀਕ ਸਿੰਘ ਸਹੋਤਾ ਨੇ ਸੀਨੀਅਰ ਐਡਵੋਕੇਟ ਅਮਰ ਸਿੰਘ ਚਾਹਲ ਦੀ ਅਗਵਾਈ ਵਾਲੀ ਪੰਜ ਮੈਂਬਰੀ ਕਮੇਟੀ ਵੱਲੋਂ ਬੁਲਾਏ ਪੰਥਕ ਇਕੱਠ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਅਤੇ ਦਿੱਲੀ ਦੀਆਂ ਸਰਕਾਰਾਂ ਅਤੇ ਅਦਾਲਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, ਬੰਦੀ ਸਿੰਘਾਂ ਦੀਆਂ ਲਗਾਤਾਰ ਜਾਰੀ ਨਜ਼ਰਬੰਦੀਆਂ ਅਤੇ ਸਿੱਖਾਂ ਦੇ ਕਤਲੇਆਮ ਵਿਰੁੱਧ ਯੋਗ ਕਾਰਵਾਈਆਂ ਕਰਨ ਲਈ ਮਜਬੂਰ ਕਰਨ ਲਈ ਅਤੇ ਕੌਮ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਲਾਮਬੰਦ ਕਰਨ ਲਈ ਵੀ ਦਿੱਤੇ ਪ੍ਰੋਗਰਾਮਾਂ ਲਈ ਉਹ ਵਧਾਈ ਦੇ ਪਾਤਰ ਹਨ ।

ਪ੍ਰਦਰਸ਼ਨਕਾਰੀਆਂ ਨੇ ਆਪਣੀ ਨਾਅਰੇਬਾਜ਼ੀ ਰਾਹੀਂ ਭਾਰਤੀ ਪ੍ਰਸ਼ਾਸਨ ਤਾਈਂ ਕੋਈ ਭੁਲੇਖਾ ਨਹੀਂ ਰਹਿਣ ਦਿੱਤਾ ਕਿ ਇਸ ਦਾ ਬਾਕੀ ਹਿਸਾਬ ਸਿੱਖ ਕੌਮ ਲੈ ਕੇ ਹੀ ਰਹੇਗੀ । ਹਾਜ਼ਰ ਨੁਮਾਇੰਦਿਆਂ ਨੇ ਆਪਣੇ ਦਿੱਤੇ ਮੀਡੀਆ ਬਿਆਨਾਂ ਰਾਹੀਂ ਦਰਸਾਇਆ ਕਿ 26 ਜਨਵਰੀ 1986 ਦੇ ਸਰਬੱਤ ਖਾਲਸਾ ਦੇ ਸਿੱਖ ਕੌਮ ਦੀ ਅਜ਼ਾਦੀ ਬਾਰੇ ਕੀਤੇ ਅਹਿਮ ਅਤੇ ਅਟੱਲ ਫ਼ੈਸਲੇ, ਜੋ 10 ਨਵੰਬਰ 2015 ਦੇ ਸਰਬੱਤ ਖਾਲਸਾ ਵੱਲੋਂ ਵੀ ਦੁਹਰਾਏ ਗਏ ਸਨ, ਨੇ ਹਿੰਦੁਸਤਾਨ ਦੇ ਸੰਵਿਧਾਨ ਨੂੰ ਸਿੱਖਾਂ ਉੱਤੇ ਲਾਗੂ ਹੋਣ ਤੋਂ ਧਾਰਾ ੨੫2 ਸਣੇ ਮੁੱਢੋਂ ਰੱਦ ਕਰ ਦਿੱਤਾ ਸੀ । ਇਸ ਵਿਧਾਨ ਨੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਦਰਜ ਕਰਨਾ ਜਾਂ ਹਿੰਦੁਸਤਾਨ ਦੀਆਂ ਅਦਾਲਤਾਂ ਵੱਲੋਂ ਪੰਜਾਬ ਦੇ ਪਾਣੀਆਂ ਨੂੰ ਖੋਹਣਾ ਅਤੇ ਪੰਜਾਬੀ ਬੋਲਦਿਆਂ ਇਲਾਕਿਆਂ ਨੂੰ ਪੰਜਾਬ ਤੋਂ ਵਾਂਝੇ ਰੱਖਣਾ ਸਿੱਖਾਂ ਦੇ ਸਮੂਹਕ ਖੁਦਮੁਖਤਿਆਰੀ ਹੱਕਾਂ ਨੂੰ ਖੋਹਣਾ ਜਾਇਜ਼ ਮੰਨਿਆ ਹੈ, ਜੋ ਅੰਤਰ-ਰਾਸ਼ਟਰੀ ਕਾਨੂੰਨ ਅਤੇ ਸੰਯੁਕਤ-ਰਾਸ਼ਟਰ ਦੇ ਸੰਵਿਧਾਨ ਦੀਆਂ ਮੁੱਢਲੀਆਂ ਧਾਰਾਵਾਂ ਦੇ ਬਿਲਕੁਲ ਖਿਲਾਫ਼ ਹੈ ਅਤੇ ਸਿੱਖਾਂ ਨੂੰ ਨਾ ਕਦੇ ਮਨਜ਼ੂਰ ਹੋਇਆ, ਨਾ ਹੋਵੇਗਾ ।

## ਪੰਜਾਬੀ ਟਰੱਕ ਡਰਾਇਵਰ ਦੇ ਕਾਤਲ ਨੂੰ 17 ਸਾਲ ਕੈਦ ਦੀ ਸਜ਼ਾ

ਸਬੂਤ ਨਹੀਂ ਮਿਲਦਾ ਹੈ। ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਗੁਰਬਿੰਦਰ ਸਿੰਘ, ਜੋ ਕਿ ਵਿੱਤੀ ਅਤੇ ਕਾਨੂੰਨੀ ਸਹਾਇਤਾ ਨਾਲ ਪਰਿਵਾਰ ਦੀ ਮਦਦ ਕਰ ਰਿਹਾ ਹੈ, ਨੇ ਪਿਛਲੇ ਸਾਲ ਮਈ ਵਿਚ ਕਿਹਾ ਸੀ ਕਿ ਇਸ ਘਟਨਾ ਦੌਰਾਨ ਲੁੱਟ ਕਰਨ ਦਾ ਕੋਈ ਸਬੂਤ ਨਹੀਂ ਹੈ, ਇਸ ਕਰ ਕੇ ਇਸ ਦੇ ਨਸਲੀ ਨਫਰਤ ਦਾ ਮਾਮਲਾ ਹੋਣ ਦਾ ਸ਼ੱਕ ਹੈ। ਪੁਲਿਸ ਰਿਪੋਰਟਾਂ ਦੇ ਹਵਾਲੇ ਨਾਲ ਵੀ ਕਿਹਾ ਗਿਆ ਸੀ ਕਿ ਕੋਈ ਪੈਸਾ ਜਾਂ ਹੋਰ ਕੁਝ ਨਹੀਂ ਲੁੱਟਿਆ ਗਿਆ। ਜਸਪ੍ਰੀਤ ਸਿੰਘ ਨੂੰ ਪਿੱਛੋਂ ਗੋਲੀ ਨਾਲ ਮਾਰਿਆ ਗਿਆ ਸੀ ਜਦੋਂ ਉਹ ਆਪਣੀ ਕਾਰ ਵਿਚ ਬੈਠਾ ਸੀ। ਅਦਾਲਤ ਵੱਲੋਂ ਰੌਬਰਟਸ ਦੁਆਰਾ ਜਸਪ੍ਰੀਤ ਸਿੰਘ ਨੂੰ ਮਾਰਨ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ।

ਰੌਬਰਟਸ ਬਟਲਰ ਕਾਊਂਟੀ ਜੇਲ੍ਹ ਤੋਂ ਪਿਛਲੇ ਅੱਠ ਮਹੀਨਿਆਂ ਤੋਂ ਇਕ ਮਿਲੀਅਨ ਡਾਲਰ ਦੀ ਜ਼ਮਾਨਤ ਉਤੇ ਸੀ ਅਤੇ ਮੌਤ ਦੀ ਸਜ਼ਾ ਲਈ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਸੀ। ਉਸ ਨੇ ਲੰਘੀ 17 ਜਨਵਰੀ ਨੂੰ ਆਪਣਾ ਜੁਰਮ ਕਬੂਲ ਕਰ ਲਿਆ, ਜਿਸ ਕਰ ਕੇ ਹੁਣ ਉਸ ਨੂੰ ਹੱਤਿਆ ਅਤੇ ਗ਼ੈਰਕਾਨੂੰਨੀ ਹਥਿਆਰ ਰੱਖਣ ਦੇ ਦੋਸ਼ਾਂ ਲਈ ਕਸੂਰਵਾਰ ਠਹਿਰਾਇਆ ਗਿਆ ਤੇ ਵੱਖ-ਵੱਖ ਦੋਸ਼ਾਂ ਤਹਿਤ ਕੁੱਲ 17 ਸਾਲ ਕੈਦ ਦੀ ਸਜ਼ਾ ਦਿੱਤੀ ਗਈ ਹੈ, ਜਿਸ ਵਿਚ ਹੱਤਿਆ ਕਰਨ ਲਈ 11 ਸਾਲ ਕੈਦ, ਬੰਦੂਕ ਦੀ ਗੈਰਕਾਨੂੰਨੀ ਵਰਤੋਂ ਲਈ 3 ਸਾਲ ਦੀ ਕੈਦ ਅਤੇ ਗੈਰਕਾਨੂੰਨੀ ਹਥਿਆਰ ਰੱਖਣ ਦੇ ਦੋਸ਼ ਵਿਚ ੩੬ ਮਹੀਨਿਆਂ ਦੀ ਕੈਦ ਦੀ ਸਜ਼ਾ ਸ਼ਾਮਿਲ ਹੈ।

## ਪੰਥਕ ਇਕੱਤਰਤਾ ਵਿਚ ਪੰਜਾਬ ਸਰਕਾਰ ਨੂੰ 15 ਫਰਵਰੀ ਤਕ ਮੰਗਾਂ ਪੂਰੀਆਂ ਕਰਨ ਦਾ ਅਲਟੀਮੇਟਮ

ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਮੋਰਚੇ ਸਬੰਧੀ ਸੁਝਾਅ ਮੰਗੇ ਗਏ। ਇਸ ਇਕੱਤਰਤਾ ਵਿਚ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਿੰਘਾਂ ਦਾ ਜਥਾ, ਯੂਨਾਈਟਿਡ ਅਕਾਲੀ ਦਲ ਦੇ ਆਗੂ ਭਾਈ ਮੋਹਕਮ ਸਿੰਘ, ਭਾਈ ਗੁਰਦੀਪ ਸਿੰਘ ਬਠਿੰਡਾ ਸਮੇਤ ਕਈ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਿਲ ਹੋਏ। ਪਰ ਇਸ ਇਕੱਤਰਤਾ ਵਿਚ ਪੰਥ ਦੀਆਂ ਦੋ ਮੁੱਖ ਰਾਜਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਦਲ ਖ਼ਾਲਸਾ ਵਲੋਂ ਸ਼ਮੂਲੀਅਤ ਨਹੀਂ ਕੀਤੀ ਗਈ।

ਇਕੱਤਰਤਾ ਦੀ ਸਟੇਜ ਭਾਈ ਨਰਾਇਣ ਸਿੰਘ ਚੌੜਾ ਸਾਂਭ ਰਹੇ ਸਨ ਤੇ ਉਨ੍ਹਾਂ ਇਕੱਤਰਤਾ ਦੇ ਅਜੰਡੇ ਬਾਰੇ ਸਪਸ਼ਟ ਦੱਸਦਿਆਂ ਬੇਨਤੀ ਕੀਤੀ ਕਿ ਬਰਗਾੜੀ ਮੋਰਚੇ ਦੇ ਅਗਲੇ ਪੜਾਅ ਲਈ ਸੁਝਾਅ ਦੇਣ ਤਕ ਹੀ ਗੱਲਬਾਤ ਨੂੰ ਸੀਮਤ ਰੱਖਿਆ ਜਾਵੇ। ਪਰ ਸਾਰੀ ਇਕੱਤਰਤਾ ਦੌਰਾਨ ਮਾਹੌਲ ਬੇਹੱਦ ਸ਼ਰਮਨਾਕ ਰਿਹਾ ਤੇ ਸਿੱਖਾਂ ਵਿਚ ਆ ਚੁੱਕੇ ਰਾਜਨੀਤਕ ਅਤੇ ਧਾਰਮਿਕ ਨਿਘਾਰ ਦਾ ਪ੍ਰਤੱਖ ਪ੍ਰਗਟਾਅ ਹੁੰਦਾ ਨਜ਼ਰ ਆ ਰਿਹਾ ਸੀ। ਬੋਲਣ ਵਾਲੇ ਜ਼ਿਆਦਾਤਰ ਬੁਲਾਰੇ ਮਹਿਜ਼ ਬੋਲਣ ਲਈ ਹੀ ਬੋਲ ਰਹੇ ਸਨ ਤੇ ਕੋਈ ਵੀ ਸਾਰਥਕ ਸੁਝਾਅ ਨਹੀਂ ਸੀ ਆ ਰਿਹਾ। ਹਾਲਾਂ ਕਿ ਇਕ ਸਾਂਝੀ ਗੱਲ ਜ਼ਰੂਰ ਇਸ ਇਕੱਤਰਤਾ ਵਿਚ ਬਣ ਰਹੀ ਸੀ ਕਿ ਭਾਈ ਧਿਆਨ ਸਿੰਘ ਮੰਡ ਅਤੇ ਭਾਈ ਬਲਜੀਤ ਸਿੰਘ ਦਾਦੂਆਲ ਦੀ ਅਗਵਾਈ ਨੂੰ ਇਹ ਇਕੱਠ ਨਕਾਰ ਰਿਹਾ ਸੀ। ਇਸ ਇਕੱਤਰਤਾ ਦੌਰਾਨ ਸਿੱਖ ਨੌਜਵਾਨਾਂ ਅਤੇ ਵੱਡੀ ਉਮਰ ਦੀ ਸਥਾਪਿਤ ਪੰਥਕ ਲੀਡਰਸ਼ਿਪ ਵਿਚ ਪੈਦਾ ਹੋ ਚੁੱਕੀ ਬੇਭਰੋਸਗੀ ਵੀ ਦੇਖਣ ਨੂੰ ਮਿਲੀ ਤੇ ਕਈ ਵਾਰ ਨੌਜਵਾਨਾਂ ਅਤੇ ਸਥਾਪਿਤ ਲੀਡਰਸ਼ਿਪ ਦਰਮਿਆਨ ਤਲਖੀ ਤੇ ਟਕਰਾਅ ਵਾਲਾ ਮਾਹੌਲ ਵੀ ਬਣਦਾ ਨਜ਼ਰ ਆਇਆ। ਇਸ ਸਾਰੇ ਮਾਹੌਲ ਵਿਚ ਪੰਜ ਮੈਂਬਰੀ ਕਮੇਟੀ ਵੀ ਬੇਵੱਸ ਨਜ਼ਰ ਆ ਰਹੀ ਸੀ।

ਜਦੋਂ ਇਕੱਤਰਤਾ ਦੀ ਸਮਾਪਤੀ ਵੇਲੇ ਭਾਈ ਧਿਆਨ ਸਿੰਘ ਮੰਡ ਨੂੰ ਆਪਣੇ ਵਿਚਾਰ ਰੱਖਣ ਲਈ ਕਿਹਾ ਗਿਆ ਤਾਂ ਸਿੱਖ ਨੌਜਵਾਨਾਂ ਵਲੋਂ ਇਸ ਦਾ ਵਿਰੋਧ ਕਰਦਿਆਂ ਮੰਗ ਕੀਤੀ ਗਈ ਕਿ ਬਿਨਾ ਮੰਗਾਂ ਪੂਰੀਆਂ ਹੋਇਆਂ ਬਰਗਾੜੀ ਮੋਰਚਾ ਸਮਾਪਤ ਕਰਨ ਲਈ ਪਹਿਲਾਂ ਉਹ ਸੰਗਤ ਤੋਂ ਮੁਆਫੀ ਮੰਗਣ ਤੇ ਉਹ ਕਾਰਨ ਦੱਸਣ ਜਿਸ ਕਰਕੇ ਉਨ੍ਹਾਂ ਆਪ ਮੁਹਾਰੇ ਮੋਰਚਾ ਖਤਮ ਕਰਨ ਦਾ ਫੈਸਲਾ ਕਰ ਲਿਆ ਸੀ। ਗਰਮਾ-ਗਰਮੀ ਦੇ ਇਸ ਮਾਹੌਲ ਵਿਚ ਪੰਜ ਪਿਆਰੇ ਜਥੇ ਦੇ ਸਿੰਘਾਂ ਵਲੋਂ ਕਮਾਨ ਸਾਂਭਦਿਆਂ ਮਾਹੌਲ ਨੂੰ ਸ਼ਾਂਤ ਕੀਤਾ ਗਿਆ ਤੇ ਸਾਰੀ ਸੰਗਤ ਨੂੰ ਭਾਈ ਧਿਆਨ ਸਿੰਘ ਮੰਡ ਦੀ ਗੱਲ ਸੁਣਨ ਦੀ ਬੇਨਤੀ ਕੀਤੀ ਗਈ।

ਭਾਈ ਧਿਆਨ ਸਿੰਘ ਮੰਡ ਨੇ ਬੋਲਦਿਆਂ ਕੁਝ ਉਸੇ ਤਰ੍ਹਾਂ ਦਾ ਭਾਸ਼ਣ ਦਿੱਤਾ ਜਿਸ ਤਰ੍ਹਾਂ ਦਾ ਉਨ੍ਹਾਂ ਬਰਗਾੜੀ ਮੋਰਚੇ ਦੇ ਆਖਰੀ ਦਿਨ ਦਿੱਤਾ ਸੀ। ਇਸ ਜਜ਼ਬਾਤੀ ਭਾਸ਼ਣ ਵਿਚ ਉਨ੍ਹਾਂ ਉਹ ਕਾਰਨ ਨਾ ਦੱਸੇ ਜਿਹਨਾਂ ਦੀ ਸੰਗਤ ਮੰਗ ਕਰ ਰਹੀ ਹੈ ਕਿ ਜਿਹਨਾਂ ਕਰਕੇ ਉਨ੍ਹਾਂ ਮੋਰਚਾ ਖਤਮ ਕਰ ਦਿੱਤਾ ਸੀ। ਉਨ੍ਹਾਂ ਮੋਰਚੇ ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਮੋਰਚੇ ਦਾ ਇਕ ਪੜਾਅ ਖਤਮ ਕੀਤਾ ਗਿਆ ਹੈ ਤੇ ਕਈ ਪ੍ਰਾਪਤੀਆਂ ਵੀ ਹਾਸਿਲ ਹੋਈਆਂ ਹਨ। ਇਹਨਾਂ ਪ੍ਰਾਪਤੀਆਂ ਵਿਚ ਉਨ੍ਹਾਂ ਕਿਹਾ ਕਿ ਮੋਰਚੇ ਨੇ ਅਮਨ ਸ਼ਾਂਤੀ ਦਾ ਸੁਨੇਹਾ ਦਿੱਤਾ, ਭਾਈਚਾਰਕ ਸਾਂਝ ਪੱਕੀ ਕੀਤੀ, ਕੌਮ ਵਿਚ ਏਕਤਾ ਕਰਵਾਈ, ਸ਼ਹੀਦਾਂ ਦੇ ਪਰਿਵਾਰਾਂ ਨੂੰ ਸਰਕਾਰ ਤੋਂ ਕਰੋੜਾਂ ਰੁਪਏ ਮੁਆਵਜ਼ਾ ਦਿਵਾਇਆ, ਸੀਬੀਆਈ ਨੂੰ ਦੇ ਦਿੱਤੀ ਗਈ ਬੇਅਦਬੀ ਘਟਨਾਵਾਂ ਦੀ ਜਾਂਚ ਵਾਪਿਸ ਕਰਵਾਈ, ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਜਿਸ ਵਿਚ ਜੱਜ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਰੱਖੀ ਗਈ, ਬਹਿਬਲ ਕਲਾਂ ਸਾਕੇ ਦੀ ਦੋਸ਼ੀ ਅਣਪਛਾਤੀ ਪੁਲਿਸ ਦੀ ਪਛਾਣ ਕਰਕੇ ਦੋਸ਼ੀਆਂ ਨੂੰ ਪਰਚੇ ਵਿਚ ਨਾਮਜ਼ਦ ਕੀਤਾ ਗਿਆ, ਬਰਗਾੜੀ ਪਿੰਡ ਦਾ ਨਾਮ ਬਦਲ ਕੇ ਬਰਗਾੜੀ ਸਾਹਿਬ ਰੱਖਿਆ ਗਿਆ, ਡੇਰਾ ਸਿਰਸਾ ਦੀਆਂ ਨਾਮ ਚਰਚਾਵਾਂ ਰੋਕਣ ਦੇ ਸਿੰਘਾਂ ਖਿਲਾਫ ਪਾਏ ਗਏ ੮੦ ਮਾਮਲੇ ਵਾਪਿਸ ਹੋਏ, ਸਿੰਘਾਂ ਦੀਆਂ ਰਿਹਾਈਆਂ ਲਈ ਮੁੱਖ ਮੰਤਰੀ ਵਲੋਂ ਚਿੱਠੀਆਂ ਲਿਖੀਆਂ ਗਈਆਂ, ਡੇਰਾ ਸਿਰਸਾ ਮੁਖੀ ਦੀ ਬੇਅਦਬੀ ਮਾਮਲਿਆਂ ਵਿਚ ਸ਼ਮੂਲੀਅਤ ਸਾਹਮਣੇ ਆਈ, ਬੰਦੀ ਸਿੰਘਾਂ ਨੂੰ ਪੈਰੋਲ ਛੁੱਟੀ ਵਿਚ ਵਾਧਾ ਕੀਤਾ ਗਿਆ, ਮੌੜ ਮੰਡੀ ਬੰਬ ਧਮਾਕੇ ਦੀ ਜਾਂਚ ਦੁਬਾਰਾ ਸ਼ੁਰੂ ਹੋਈ। ਪਰ ਧਿਆਨ ਸਿੰਘ ਮੰਡ ਵਲੋਂ ਸੰਗਤ ਦੇ ਸਵਾਲ ਦਾ ਜਵਾਬ ਨਾ ਦਿੱਤੇ ਜਾਣ 'ਤੇ ਸੰਗਤ ਦਾ ਇਤਰਾਜ਼ ਕਾਇਮ ਰਿਹਾ।

ਲਗਭਗ ਰੌਲੇ ਰੱਪੇ ਵਿਚ ਬੇਸਿੱਟਾ ਰਹੀ ਇਸ ਇਕੱਤਰਤਾ ਵਿਚ ਪੰਜ ਮੈਂਬਰੀ ਕਮੇਟੀ ਵਲੋਂ ਲਿਖਤੀ ਤੌਰ 'ਤੇ ਹਾਸਿਲ ਕੀਤੇ ਸੁਝਾਵਾਂ ਦੇ ਅਧਾਰ ਉੱਤੇ ਇਕੱਤਰਤਾ ਦਾ ਐਲਾਨਨਾਮਾ ਪੜ੍ਹਦਿਆਂ ਬਰਗਾੜੀ ਮੋਰਚੇ ਦੀਆਂ ਤਿੰਨ ਮੰਗਾਂ ਨੂੰ ਪੂਰਾ ਕਰਨ ਦਾ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਵਾਅਦਾ ਪੂਰਾ ਕਰਨ ਲਈ ੧੫ ਫਰਵਰੀ ਦਾ ਅਲਟੀਮੇਟਮ ਦਿੱਤਾ ਗਿਆ ਹੈ। ਐਲਾਨ ਵਿਚ ਕਿਹਾ ਗਿਆ ਹੈ ਕਿ ਜੇ ਸਰਕਾਰ ਇਨ੍ਹਾਂ ਮੰਗਾਂ ਨੂੰ ਪੂਰਾ ਨਹੀਂ ਕਰਦੀ ਹੈ ਤਾਂ ਜਿਹਨਾਂ ਜੇਲ੍ਹਾਂ ਵਿਚ ਸਿੱਖ ਰਾਜਨੀਤਕ ਕੈਦੀ ਨਜ਼ਰਬੰਦ ਹਨ, ਉਨ੍ਹਾਂ ਜੇਲ੍ਹਾਂ ਤਕ ਮਾਰਚ ਕੀਤੇ ਜਾਣਗੇ ਤੇ ਉਸ ਤੋਂ ਬਾਅਦ ਸਖ਼ਤ ਪ੍ਰੋਗਰਾਮ ਦਿੱਤਾ ਜਾਵੇਗਾ ਜੋ ਸਰਕਾਰ ਨੂੰ ਹਿਲਾ ਕੇ ਰੱਖ ਦਵੇਗਾ।

ਇਸ ਤੋਂ ਇਲਾਵਾ ਇਕੱਤਰਤਾ ਵਿਚ ੬ ਮਤੇ ਪਾਸ ਕੀਤੇ ਗਏ ਤੇ ਕੁੱਲ੍ਹ ੧੩ ਐਲਾਨ ਕੀਤੇ ਗਏ। ਮਤਿਆਂ ਵਿਚ ਕਿਹਾ ਗਿਆ ਕਿ ਬਰਗਾੜੀ ਮੋਰਚੇ ਦੀਆਂ ਮੰਗਾਂ ਮੰਨਣ ਦਾ ਐਲਾਨ ਕਰਨ ਦੇ ਬਾਵਜੂਦ ਉਸ ਮੁਤਾਬਿਕ ਕਾਰਵਾਈ ਨਾ ਕਰਕੇ ਪੰਜਾਬ ਸਰਕਾਰ ਨੇ ਸਿੱਖ ਕੌਮ ਨਾਲ ਧੋਖਾ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਡੇਰਿਆਂ ਨੂੰ ਦਿੱਤੀ ਜਾਂਦੀ ਰਾਜਨੀਤਕ ਸ਼ਹਿ ਬੰਦ ਕਰਨ, ਮੌੜ ਮੰਡੀ ਬੰਬ ਧਮਾਕੇ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ੧੯੮੬ ਵਿਚ ਵਾਪਰੇ ਨਕੋਦਰ ਸਾਕੇ ਸਬੰਧੀ ਜੱਜ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕਰਨ ਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ।

ਇਕੱਤਰਤਾ ਦੇ ਐਲਾਨਨਾਮੇ ਵਿਚ ੨੦੧੯ ਦੇ ਖ਼ਾਲਸਾ ਸਾਜਨਾ ਦਿਹਾੜੇ 'ਤੇ ਸਰਬੱਤ ਖ਼ਾਲਸਾ ਬੁਲਾਉਣ, ਰਾਜਨੀਤਕ ਮੰਚ ਦੇ ਖਲਾਅ ਨੂੰ ਪੂਰਾ ਕਰਨ ਲਈ ਪੰਥ-ਪ੍ਰਸਤ ਤੇ ਪੰਜਾਬ ਹਿੱਤੂ ਸਖਸ਼ੀਅਤਾਂ 'ਤੇ ਅਧਾਰਤ ਕਮੇਟੀ ਬਣਾਉਣ, ਸ਼੍ਰੋਮਣੀ ਕਮੇਟੀ ਚੋਣਾਂ ਵਿਚ ਪੰਥ ਪ੍ਰਵਾਨਤ ਯੋਗ ਸਖਸ਼ੀਅਤਾਂ ਨੂੰ ਸੇਵਾ ਸੌਂਪਣ ਲਈ ਕਮਰਕੱਸੇ ਕਰਨ, ਸਿੱਖ ਪ੍ਰਸਨਲ ਲਾਅ ਬੋਰਡ ਕਾਇਮ ਕਰਨ, ਸਿੱਖ ਕੌਮ ਅਤੇ ਪੰਜਾਬ ਨੂੰ ਦਰਪੇਸ਼ ਦਰਿਆਈ ਪਾਣੀ, ਪੰਜਾਬੀ ਬੋਲਦੇ ਇਲਾਕੇ, ਰਾਜਧਾਨੀ ਚੰਡੀਗੜ੍ਹ, ਪੰਜਾਬ ਦੀ ਆਰਥਿਕਤਾ, ਮਾਰੂ ਨਸ਼ੇ, ਪੰਜਾਬ ਦੇ ਸੱਭਿਆਚਾਰਕ ਵਿਰਸੇ ਵਿਚ ਫੈਲੀ ਲੱਚਰਤਾ, ਕਿਸਾਨੀ ਅਤੇ ਆਰਥਿਕਤਾ ਦੇ ਮੁੱਦਿਆਂ ਦੇ ਹੱਲ ਲਈ ਥਿੰਕ ਟੈਂਕ ਕਾਇਮ ਕਰਨ, ਬੰਦੀ ਸਿੰਘਾਂ ਦੀ ਰਿਹਾਈ, ਬਾਹਰਲੇ ਸੂਬਿਆਂ ਤੋਂ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਾਉਣ ਅਤੇ ਸੁਣਵਾਈ ਅਧੀਨ ਸਿੰਘਾਂ ਦੇ ਕੇਸਾਂ ਦੀ ਪੈਰਵਾਈ ਕਰਨ ਲਈ ਹਾਈ ਕੋਰਟ ਅਤੇ ਟਰਾਇਲ ਕੋਰਟਾਂ ਲਈ ਵਕੀਲਾਂ ਦੇ ਪੈਨਲ ਕਾਇਮ ਕਰਨ, ਕਾਲੇ ਕਾਨੂੰਨ 'ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ-੧੯੬੭' ਖਿਲਾਫ ਮੁਹਿੰਮ ਖੜ੍ਹੀ ਕਰਨ, ਸਿੱਖ ਯੂਥ ਵਿੰਗ ਕਾਇਮ ਕਰਨ, ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਕਰਨ, ਵਰਲਡ ਸਿੱਖ ਪਾਰਲੀਮੈਂਟ ਦੀ ਸਥਾਪਨਾ ਲਈ ਯੋਗ ਨੁਮਾਇੰਦਿਆਂ ਦੀ ਨਿਯੁਕਤੀ ਕਰਨ, ਹਰ ਸਾਲ ੧੦੦ ਹੋਣਹਾਰ ਬੱਚਿਆਂ ਦੀ ਚੋਣ ਕਰਕੇ ਵਧੀਆ ਸਿੱਖਿਆ ਦੇਣ ਅਤੇ ਪੰਥਕ ਫੰਡ ਕਾਇਮ ਕਰਨ ਦਾ ਐਲਾਨ ਕੀਤਾ ਗਿਆ।

## ਸਿੱਖ ਰਾਜ ਨੂੰ ਸਾਜ਼ਿਸੀ ਢੰਗ ਨਾਲ ਅੰਗਰੇਜ਼ ਸਾਮਰਾਜ ਦਾ ਹਿੱਸਾ ਬਣਾਇਆ ਗਿਆ

ਦਰਿਆ ਅਜਿਹੇ ਹਨ ਜੋ ਭੂਮੀ ਦੇ ਪੈਦਾਵਾਰੀ ਵਸੀਲਿਆਂ ਦਾ ਵਿਕਾਸ ਕਰਨ ਲਈ ਵਿਸ਼ੇਸ਼ ਸਹੂਲਤਾਂ ਮੁਹੱਈਆ ਕਰ ਸਕਦੇ ਹਨ।

ਨਵੇਂ ਦੇਸ਼ ਵਿਚ ਪ੍ਰਵੇਸ਼ ਕਰਨ ਦੇ ਖਰਚੇ ਮੁੱਢ ਵਿਚ ਤਾਂ ਬੜੇ ਤਕੜੇ ਹੋਣਗੇ ਪਰ ਜੋ ਛਾਣਬੀਨ ਮੈਂ ਕੀਤੀ ਹੈ, ਉਸ ਦੇ ਸਿੱਟੇ ਵਜੋਂ ਮੈਨੂੰ ਆਪਣਾ ਇਹ ਦ੍ਰਿੜ ਵਿਸ਼ਵਾਸ ਪ੍ਰਗਟ ਕਰਨ ਵਿਚ ਕੋਈ ਝਿਜਕ ਨਹੀਂ ਕਿ ਪੰਜਾਬ ਉਤੇ ਕੀਤੇ ਜਾਣ ਵਾਲੇ ਕਬਜ਼ੇ ਨੂੰ ਸੁਰਖਿਅਤ ਅਤੇ ਲਾਭਕਾਰੀ ਬਣ ਜਾਣ ਵਿਚ ਕੋਈ ਬਹੁਤਾ ਸਮਾਂ ਨਹੀਂ ਲਗੇਗਾ।

ਇਸ ਤਰ੍ਹਾਂ ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਅੱਗੇ ਉਹ ਦਲੀਲਾਂ ਸਪੱਸ਼ਟ ਕਰਕੇ ਰੱਖ ਦਿੱਤੀਆਂ ਹਨ, ਜਿਨ੍ਹਾਂ ਦੇ ਅਧਾਰ ਉੱਤੇ ਮੈਂ ਇਸ ਸਿੱਟੇ ਉਤੇ ਪੁੱਜਾ ਹਾਂ ਕਿ ਹਾਲ ਹੀ ਵਿਚ ਵਾਪਰੀਆਂ ਘਟਨਾਵਾਂ ਨੂੰ ਮੁਖ ਰੱਖਦਿਆਂ ਹੋਇਆਂ ਅੰਗਰੇਜ਼ੀ ਰਾਜ ਦੇ ਸਰਹਦੀ ਇਲਾਕਿਆਂ ਅਤੇ ਲੋਕਾਂ ਦੇ ਹਿੱਤਾਂ ਦੀ ਸੁਰਖਿਅਤਾ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਤੁਸੀਂ ਸਿੱਖ ਕੌਮ ਦੀ ਅਜ਼ਾਦੀ ਦਾ ਅੰਤ ਕਰ ਦਿਓ ਅਤੇ ਇਸ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਵੋ।

ਮੈਂ ਸਰਕਾਰੀ ਸਕੱਤਰ, ਸ੍ਰੀ ਐਚ. ਐਮ. ਇਲੀਅਟ ਨੂੰ ਵੀ ਹਦਾਇਤ ਕਰ ਦਿੱਤੀ ਸੀ ਕਿ ਉਹ ਮੇਰੇ ਵਿਚਾਰ 'ਕੌਂਸਲ ਆਫ ਰੀਜੈਂਸੀ' ਨੂੰ ਪਹੁੰਚਾਉਣ ਲਈ ਲਾਹੌਰ ਚਲਾ ਜਾਵੇ, ਕਿਉਂ ਜੋ ਉਹ ਸਮਾਂ ਆ ਚੁੱਕਾ ਸੀ ਜਦੋਂ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਵਲੋਂ ਕੀਤੇ ਗਏ ਫੈਸਲੇ ਦਾ ਐਲਾਨ ਕਰ ਦੇਣਾ ਜ਼ਰੂਰੀ ਹੋ ਗਿਆ ਸੀ। ਲਾਹੌਰ ਵਿਖੇ ਸ੍ਰੀ ਇਲੀਅਟ ਵਲੋਂ ਕੀਤੀਆਂ ਗਈਆਂ ਵਿਚਾਰਾਂ ਦਾ ਵਰਨਣ ਵਿਸਥਾਰ ਪੂਰਬਕ ਇਕ ਵੱਖਰੇ ਪੱਤਰ ਰਾਹੀਂ ਤੁਹਾਡੇ ਪਾਸ ਭੇਜ ਦਿੱਤਾ ਗਿਆ ਹੈ।

ਕੌਂਸਲ ਦੇ ਮੈਂਬਰਾਂ ਨਾਲ ਮੁਲਾਕਾਤਾਂ ਹੋਣ ਪਿਛੋਂ ਇਕ ਆਮ ਦਰਬਾਰ ਲਾਇਆ ਗਿਆ ਅਤੇ ਇਸ ਉਤੇ ਗਵਰਨਰ ਜਨਰਲ ਵਲੋਂ ਰੀਜੈਂਸੀ ਨੂੰ ਭੇਜਿਆ ਐਲਾਨ ਪੜ੍ਹ ਕੇ ਸੁਣਾਇਆ ਗਿਆ। ਲਾਹੌਰ ਦੀ ਸੰਧੀ ਵਾਂਗੂ ਹੀ ਮਹਾਰਾਜਾ ਨਾਲ ਹੋਏ ਸਮਝੌਤੇ ਦੀਆਂ ਸ਼ਰਤਾਂ ਨੂੰ ਵੀ ਜਿਸ ਉੱਤੇ ਕੌਂਸਲ ਨੇ ਦਸਤਖਤ ਕਰ ਦਿਤੇ ਸਨ, ਹਜ਼ੂਰ ਵਲੋਂ ਪ੍ਰਵਾਨਗੀ ਦਿੱਤੀ ਗਈ ਅਤੇ ਇਹ ਐਲਾਨ ਜਾਰੀ ਕੀਤਾ ਗਿਆ ਕਿ ਪੰਜਾਬ, ਹਿੰਦੁਸਤਾਨ ਵਿਚ ਅੰਗਰੇਜ਼ ਸਾਮਰਾਜ ਦਾ ਇਕ ਅੰਗ ਬਣ ਗਿਆ ਹੈ।

ਲਾਹੌਰ ਰਾਜ ਵਲੋਂ ਇਸ ਸਰਕਾਰ ਨੂੰ ਮੋੜਨਯੋਗ ਕਰਜ਼ੇ ਜੋ ਇਕੱਠੇ ਹੋਏ ਪਏ ਸਨ, ਉਨ੍ਹਾਂ ਦਾ ਭੁਗਤਾਨ ਕਰਨ ਲਈ ਅਤੇ ਯੁੱਧ ਉਤੇ ਹੋਣ ਵਾਲੇ ਖਰਚਿਆਂ ਨੂੰ ਪੂਰਾ ਕਰਨ ਲਈ ਮੈਂ ਰਾਜ ਦੀ ਸਾਰੀ ਦੌਲਤ ਸਤਿਕਾਰਯੋਗ ਈਸਟ ਇੰਡੀਆ ਕੰਪਨੀ ਰਾਹੀਂ ਵਰਤੇ ਜਾਣ ਲਈ ਜ਼ਬਤ ਕਰ ਲਈ ਹੈ। ਪਰ ਜ਼ਬਤ ਕੀਤੀ ਦੌਲਤ ਵਿਚ ਮੈਂ ਉਹ ਕੋਹਿਨੂਰ ਹੀਰਾ ਸ਼ਾਮਿਲ ਨਹੀਂ ਕੀਤਾ ਜੋ ਮਹਾਰਾਜਾ ਦੇ ਅਧੀਨਗੀ ਸਵੀਕਾਰ ਕਰਨ ਦੀ ਨਿਸ਼ਾਨੀ ਵਜੋਂ ਇੰਗਲੈਂਡ ਦੀ ਮਹਾਰਾਣੀ ਦੀ ਭੇਟਾ ਕਰ ਦਿੱਤਾ ਗਿਆ ਹੈ।

ਜੇਕਰ ਤੁਸੀਂ ਇਸ ਨੀਤੀ ਦੀ ਪੁਸ਼ਟੀ ਕਰ ਦੇਵੋ, ਜਿਸ ਦਾ ਮੈਂ ਹੁਣੇ ਐਲਾਨ ਕੀਤਾ ਹੈ, ਤਾਂ ਮੈਨੂੰ ਵਿਸ਼ਵਾਸ ਹੈ ਤੁਸੀਂ ਮੇਰੇ ਵਲੋਂ ਕੋਹਿਨੂਰ ਹੀਰੇ ਨੂੰ ਇਕ ਇਤਿਹਾਸਕ ਯਾਦਗਾਰ ਵਜੋਂ ਅੱਡ ਕਰਕੇ ਰੱਖਣ ਦੀ ਕਾਰਵਾਈ ਨੂੰ ਵੀ ਪ੍ਰਵਾਨਗੀ ਦੇ ਦਿਓਗੇ ਅਤੇ ਸਤਿਕਾਰਯੋਗ 'ਕੋਰਟ ਆਫ ਡਾਇਰੈਕਟਰਜ਼' ਵੀ ਇਸ ਕਾਰਜ ਨੂੰ ਨਿੱਘੀ ਪ੍ਰਵਾਨਗੀ ਦੇ ਦੇਵੇਗੀ, ਜਿਸ ਕਾਰਜ ਰਾਹੀਂ ਮੁਗਲਾਂ ਦਾ ਇਹ ਕੀਮਤੀ ਹੀਰਾ ਬਰਤਾਨੀਆ ਦੇ ਤਾਜ ਵਿਚ ਜਾ ਲੱਗਾ ਹੈ।

ਹੁਣ ਤਾਂ ਸ੍ਰੀਮਾਨ ਜੀਓ, ਇਸ ਪੱਤਰ ਵਿਚ ਦਰਜ ਮਹੱਤਵਪੂਰਨ ਮਾਮਲਿਆਂ ਨੂੰ ਤੁਹਾਡੀ ਸੋਚ-ਵਿਚਾਰ ਲਈ ਪੇਸ਼ ਕਰਨ ਦਾ ਕੰਮ ਹੀ ਬਾਕੀ ਹੈ। ਆਪਣੇ ਸਿਰ ਉੱਤੇ ਲਈ ਜ਼ਿੰਮੇਵਾਰੀ ਦਾ ਡੂੰਘਾ ਅਹਿਸਾਸ ਹੋਣ ਦੇ ਨਾਲ-ਨਾਲ ਮੈਨੂੰ ਨਿਰਸੰਦੇਹ ਵਿਸ਼ਵਾਸ ਹੈ ਕਿ ਮੇਰੇ ਵਲੋਂ ਕੀਤਾ ਗਿਆ ਕਾਰਜ ਤੁਰੰਤ ਕਰਨ ਵਾਲਾ, ਨਿਆਂਪੂਰਵਕ ਅਤੇ ਜ਼ਰੂਰੀ ਸੀ। ਮੈਂ ਜੋ ਕੁਝ ਵੀ ਕੀਤਾ ਹੈ ਨੇਕ-ਨੀਅਤੀ ਨਾਲ ਅਤੇ ਇਸ ਦਿਆਨਤਦਾਰ ਵਿਸ਼ਵਾਸ ਨਾਲ ਕੀਤਾ ਹੈ ਕਿ ਦੇਸ਼ ਪ੍ਰਤੀ ਮੇਰੇ ਫਰਜ਼ ਇਸ ਦੀ ਮੰਗ ਕਰਦੇ ਸਨ। ਮੈਨੂੰ ਆਸ਼ਾ ਹੈ ਕਿ ਜੋ ਕਦਮ ਮੈਂ ਤੁਹਾਡੀ ਤਰਫੋਂ ਚੁੱਕੇ ਹਨ ਉਨ੍ਹਾਂ ਨੂੰ ਸਤਿਕਾਰਯੋਗ 'ਕੋਰਟ ਆਫ ਡਾਇਰੈਕਟਰਜ਼' ਆਪਣੀ ਸਹਿਮਤੀ ਅਤੇ ਪ੍ਰਵਾਨਗੀ ਦੇ ਦੇਵੇਗੀ।

## ਵੱਡਾ ਘੱਲੂਘਾਰਾ : ਸਿੱਖਾਂ ਦਾ ਖੁਰਾ ਖੋਜ ਮਿਟਾਉਣ ਆਇਆ ਸੀ ਅਬਦਾਲੀ

ਸਮਝੌਤਾ ਕੀਤਾ। ਸਿੰਘਾਂ ਨੇ ਅਗਸਤ 1762 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਮੁਰੰਮਤ ਅਤੇ ਸਰੋਵਰ ਦੀ ਸਫ਼ਾਈ ਸ਼ੁਰੂ ਕੀਤੀ।

ਅਹਿਮਦਸ਼ਾਹ ਅਬਦਾਲੀ ਅਕਤੂਬਰ ਮਹੀਨੇ ਲਾਹੌਰ ਪਹੁੰਚਿਆ, ਇਸੇ ਮਹੀਨੇ ਦੀਵਾਲੀ ਦਾ ਤਿਓਹਾਰ ਸੀ। ਉਸ ਨੂੰ ਉਮੀਦ ਸੀ ਕਿ ਸਿੱਖ ਦੀਵਾਲੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਇਕੱਠੇ ਹੋਣਗੇ ਅਤੇ ਉਸ ਸਮੇਂ ਸਿੱਖਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਸਿੰਘ ਪਹਿਲਾਂ ਹੀ ਤਿਆਰੀ 'ਚ ਸਨ। 17 ਅਕਤੂਬਰ, 1762 ਈ: ਨੂੰ ਦੀਵਾਲੀ ਵਾਲੇ ਦਿਨ ਅਹਿਮਦਸ਼ਾਹ ਅਬਦਾਲੀ ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ ਪਰ ਸਿੰਘ ਇੰਨੀ ਬਹਾਦਰੀ ਨਾਲ ਲੜੇ ਕਿ ਅਬਦਾਲੀ ਨੂੰ ਨਾਨੀ ਚੇਤੇ ਕਰਵਾ ਦਿੱਤੀ। ਅਹਿਮਦਸ਼ਾਹ ਅੰਮ੍ਰਿਤਸਰ ਤੋਂ ਫ਼ੌਜਾਂ ਸਮੇਤ ਲਾਹੌਰ ਭੱਜ ਗਿਆ। ਸਿੰਘਾਂ ਨੇ ਉਸ ਦਾ ਪਿੱਛਾ ਕੀਤਾ। ਅਹਿਮਦਸ਼ਾਹ ਲਾਹੌਰ ਵੀ ਨਹੀਂ ਠਹਿਰਿਆ ਅਤੇ ਉਸ ਨੇ ਅਟਕ ਪਾਰ ਕਰਕੇ ਸਾਹ ਲਿਆ। ਜਦੋਂ ਸਿੰਘ ਕੰਧਾਂ ਤੇ ਦਰਵਾਜ਼ੇ ਤੋੜ ਕੇ ਲਾਹੌਰ ਅੰਦਰ ਵੜੇ, ਉਸ ਸਮੇਂ ਤੱਕ ਸ਼ਿਕਾਰ ਹੱਥੋਂ ਨਿਕਲ ਚੁੱਕਿਆ ਸੀ। ਡਾ. ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ ਅਬਦਾਲੀ ਦੀਆਂ ਫ਼ੌਜਾਂ ਸ਼ਸਤਰਾਂ ਵਿਚ ਤੇ ਯੁੱਧ ਕਲਾ ਵਿਚ ਬਹੁਤ ਪਰਬੀਨ ਸਨ। ਲੜਾਈ ਦੇ ਹਿਸਾਬ ਨਾਲ ਸਿੱਖਾਂ ਕੋਲ ਨਾ ਪੂਰੇ ਹਥਿਆਰ ਸਨ ਤੇ ਨਾ ਹੀ ਯੁੱਧ ਕਲਾ ਦੀ ਸਿੱਖਿਆ ਸੀ ਜੋ ਡਟਵੀਂ ਲੜਾਈ ਵਿਚ ਕੰਮ ਆਉਂਦੀ ਹੈ ਪਰ ਉਹ ਜੋਸ਼ ਨਾਲ ਜੂਝਦੇ ਸਨ ਤੇ ਗੁਰੂ ਵਾਸਤੇ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਸਨ।

## ਜਦੋਂ ਘੱਲੂਘਾਰਾ ਕਰਨ ਵਾਲੇ ਅਬਦਾਲੀ ਨੂੰ ਸਿੱਖ ਦੂਣੇ ਹੋ ਕੇ ਟੱਕਰੇ

ਜਾਂਦਾ ਹੋਇਆ ਉਹ ਅੰਮ੍ਰਿਤਸਰ ਗਿਆ ਤੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੀਆਂ ਇਮਾਰਤਾਂ ਨੂੰ ਬਰੂਦ ਨਾਲ਼ ਉਡਾ ਦਿੱਤਾ। ਸਰੋਵਰ ਨੂੰ ਮਲਬੇ ਤੇ ਹੱਡੀਆਂ ਨਾਲ਼ ਭਰ ਦਿੱਤਾ। ਇਸ ਕਤਲੇਆਮ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘਲੂਘਾਰਾ' ਕਿਹਾ ਜਾਂਦਾ ਹੈ। ਖ਼ਾਸ ਗੱਲ ਇਹ ਹੈ ਕਿ ਇਸ ਕਤਲੇਆਮ ਮਗਰੋਂ ਅਬਦਾਲੀ ਨੇ ਸਿੱਖਾਂ ਨਾਲ਼ ਸੁਲਾਹ ਕਰਨੀ ਚਾਹੀ ਸੀ ਪਰ ਸਿੱਖਾਂ ਨੇ ਕਰਾਰਾ ਜਵਾਬ ਦਿੱਤਾ ਕਿ ਤੈਨੂੰ ਮਿਲਾਂਗੇ ਜ਼ਰੂਰ ਤੇ ਸਿੰਘਾਂ ਨੇ ਆਪਣਾ ਇਕਰਾਰ ਨਿਭਾ ਦਿੱਤਾ। ਅਬਦਾਲੀ ਅਜੇ ਲਾਹੌਰ ਹੀ ਸੀ ਕਿ ਸਿੰਘਾਂ ਨੇ ਉਸ ਦੇ ਖ਼ਾਸਮ ਖ਼ਾਸ ਸਰਹੰਦ ਦੇ ਸੂਬੇਦਾਰ ਜੈਨ ਖ਼ਾਨ ਨੂੰ ਹਰਾ ਦਿੱਤਾ, ਜਿਸ ਨੇ ਘਲੂਘਾਰੇ ਮੌਕੇ ਉਸ ਦਾ ਡਟ ਕੇ ਸਾਥ ਦਿੱਤਾ ਸੀ। ਸਿੰਘ ਨਾ ਤਾਂ ਅਬਦਾਲੀ ਦੇ ਵਰਪਾਏ ਕਹਿਰ ਨੂੰ ਭੁੱਲੇ ਸਨ ਤੇ ਨਾ ਹੀ ਉਸ ਵੱਲੋਂ ਕਤਲ ਕੀਤੇ ਗਏ ੨੫-੩੦ ਹਜ਼ਾਰ ਸਿੰਘ-ਸਿੰਘਣੀਆਂ ਦੀਆਂ ਸ਼ਹਾਦਤਾਂ ਭੁੱਲੇ ਸਨ। ਖ਼ਾਸ ਕਰਕੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਨੇ ਹਰ ਸਿੱਖ ਨੂੰ ਰੋਹ ਚਾੜ੍ਹ ਦਿੱਤਾ। ਘਲੂਘਾਰੇ ਤੋਂ ਸਿਰਫ਼ ੯ ਮਹੀਨੇ ਮਗਰੋਂ ਉਹਨਾਂ ਅੰਮ੍ਰਿਤਸਰ ਦੇ ਬਾਹਰਵਾਰ ਅਹਿਮਦ ਸ਼ਾਹ ਨਾਲ਼ ਫ਼ੈਸਲਾਕੁੰਨ ਜੰਗ ਲੜੀ। ਇਸ ਜੰਗ ਵਿਚ ਸਿੰਘਾਂ ਨੇ ਅਬਦਾਲੀ ਦੇ ਉਹ ਆਹੂ ਲਾਹੇ ਕਿ ਅਬਦਾਲੀ ਦੀ ਆਤਮਾ ਪਨਾਹ ਮੰਗ ਗਈ। ਬੁਰੀ ਤਰ੍ਹਾਂ ਹਾਰਿਆ ਹੋਇਆ ਤੇ ਜ਼ਲੀਲ ਹੋਇਆ ਤਖ਼ਤਾਂ-ਤਾਜ਼ਾਂ ਦਾ ਮਾਲਕ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਜਿਸ ਨੇ ਅਜੇ ਪੌਣੇ ਦੋ ਸਾਲ ਪਹਿਲਾਂ ਮਰਹੱਟਿਆਂ ਦੀ ਭਿਆਂ ਕਰਾਈ ਸੀ, ਉਹਨਾਂ ਸਿੱਖਾਂ ਹੱਥੋਂ ਬੁਰੀ ਤਰ੍ਹਾਂ ਹਾਰਿਆ, ਜਿਨ੍ਹਾਂ ਕੋਲ਼ ਨਾ ਕੋਈ ਘਰ, ਨਾ ਘਾਟ, ਨਾ ਕਿਲ੍ਹਾ, ਨਾ ਤੋਪਾਂ, ਨਾ ਪੂਰੇ ਸ਼ਸ਼ਤਰ ਤੇ ਨਾ ਪੂਰੇ ਘੋੜੇ। ਅਬਦਾਲੀ ਤੇ ਸਿੰਘਾਂ ਦੀ ਫ਼ੌਜੀ ਹਿਸਾਬ ਤੋਂ ਬੇਮੇਚੀ ਟੱਕਰ ਵਿਚ ਸਿੰਘਾਂ ਦੀ ਜਿੱਤ ਸਿਰਫ਼ ਤੇ ਸਿਰਫ਼ ਸਿੱਖੀ ਸਿਦਕ ਤੇ ਗੁਰੂ ਦੀ ਮਿਹਰ ਕਰਕੇ ਹੋਈ। ਅਬਦਾਲੀ ਰਾਤ ਨੂੰ ਹੀ ਹਨੇਰੇ-ਹਨੇਰੇ ਭੱਜ ਨਿਕਲਿਆ। ਸਿੰਘਾਂ ਨੇ ਝਨਾਂ ਦਰਿਆ ਤਕ ਉਸ ਦਾ ਪਿੱਛਾ ਕੀਤਾ।

ਸਿੱਖਾਂ ਨੂੰ ਕੇਵਲ ਵੱਡੇ ਘੱਲੂਘਾਰੇ ਦੇ ਇਤਿਹਾਸ ਤੱਕ ਸੀਮਿਤ ਨਹੀ ਰਹਿਣਾ ਚਾਹੀਦਾ, ਇਸ ਤੋਂ ਅਗਲੇ ਇਕ ਸਾਲ ਦੇ ਹਾਲਾਤ ਵੀ ਜ਼ਰੂਰ ਵਾਚਣੇ ਚਾਹੀਦੇ ਨੇ ਤਾਂ ਕਿ ਪਤਾ ਲੱਗ ਸਕੇ ਕਿ ਸਾਡੇ ਵੱਡੇ-ਵਡੇਰੇ ਕਿਹੋ ਜਿਹੀ ਸੂਰਮਗਤੀ ਦੀ ਮਿਸਾਲ ਹੁੰਦੇ ਸਨ।

## ਬਹਿਬਲ ਗੋਲੀ ਕਾਂਡ ਦਾ ਜਰਨਲ ਡਾਇਰ ਕੌਣ ?

ਕੁਮਾਰ ਤੇ ਆਈਜੀ ਕੰਵਰ ਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਇਸ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਨੂੰ ਗ੍ਰਿਫਤਾਰ ਕੀਤਾ ਹੈ। ਇਲਾਕਾ ਮੈਜਿਸਟਰੇਟ ਚੇਤਨ ਸ਼ਰਮਾ ਦੀ ਅਦਾਲਤ ਵਿਚ ਪੇਸ਼ ਕਰਨ ਤੋਂ ਬਾਅਦ ਚਰਨਜੀਤ ਸ਼ਰਮਾ ਫਿਲਹਾਲ 4 ਫਰਵਰੀ ਤਕ (ਅੱਠ ਦਿਨ) ਦੇ ਪੁਲੀਸ ਰਿਮਾਂਡ ਉਤੇ ਹਨ। ਵਿਸ਼ੇਸ਼ ਜਾਂਚ ਟੀਮ ਨੇ ਆਪਣੇ ਕੈਂਪ ਦਫ਼ਤਰ ਵਿਚ ਬਹਿਬਲ ਕਾਂਡ ਨਾਲ ਜੁੜੇ ਪੰਜ ਗਵਾਹਾਂ ਦੇ ਵੀ ਬਿਆਨ ਕਲਮਬੰਦ ਕੀਤੇ, ਜਿਨ੍ਹਾਂ ਵਿੱਚ ਬੇਅੰਤ ਸਿੰਘ ਵਾਸੀ ਬਹਿਬਲ ਕਲਾਂ ਅਤੇ ਬਲਦੀਪ ਸਿੰਘ ਕੋਟਲਾ ਮੇਹਰ ਸਿੰਘ ਪ੍ਰਮੁੱਖ ਤੌਰ 'ਤੇ ਸ਼ਾਮਿਲ ਹਨ।

ਸੁਮੇਧ ਸੈਣੀ ਨੂੰ ਫੜਨ ਬਾਰੇ ਢਿੱਲੀ ਕਾਰਵਾਈ : ਜਾਂਚ ਟੀਮ ਵੱਲੋਂ ਸਾਬਕਾ ਪੁਲੀਸ ਮੁਖੀ ਸੁਮੇਧ ਸੈਣੀ ਦਾ ਰਿਮਾਂਡ ਹਾਸਲ ਕਰਨ ਲਈ ਅਦਾਲਤ 'ਚ ਦਿੱਤੀ ਗਈ ਅਰਜ਼ੀ ਵਿਚ ਕੋਈ ਵੀ ਖਾਸ ਤੱਥ ਨਹੀਂ ਲਿਖਿਆ ਗਿਆ ਹੈ, ਜਿਸ ਦੇ ਅਧਾਰ ਉਤੇ ਅਦਾਲਤ ਵਿਚ ਮਜ਼ਬੂਤੀ ਨਾਲ ਉਸ ਦੀ ਗ੍ਰਿਫਤਾਰੀ ਦੀ ਜ਼ਰੂਰਤ ਪੇਸ਼ ਕੀਤੀ ਜਾ ਸਕੇ । ਹਾਲਾਂਕਿ ਜ਼ੁਬਾਨੀ ਤੌਰ 'ਤੇ ਜਾਂਚ ਟੀਮ ਨੇ ਦਾਅਵਾ ਕੀਤਾ ਕਿ ਗੋਲੀ ਚਲਾਉਣ ਵੇਲੇ ਵਰਤੇ ਗਏ ਹਥਿਆਰਾਂ ਅਤੇ ਮੌਕੇ 'ਤੇ ਤਾਇਨਾਤ ਨਫ਼ਰੀ ਬਾਰੇ ਇਸ ਅਧਿਕਾਰੀ ਤੋਂ ਜਾਣਕਾਰੀ ਹਾਸਲ ਕਰਨੀ ਹੈ। ਉਂਝ ਮੰਨਿਆ ਜਾ ਰਿਹਾ ਹੈ ਕਿ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਨੂੰ ਗ੍ਰਿਫ਼ਤਾਰ ਕਰਨ ਬਾਅਦ ਇੱਕ ਸਾਬਕਾ ਡੀਜੀਪੀ ਅਤੇ ਆਈਜੀ ਵੀ ਸੰਕਟ ਵਿਚ ਘਿਰਦੇ ਨਜ਼ਰ ਆ ਰਹੇ ਹਨ।

ਬੇਅਦਬੀ, ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮੁੱਦੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਸਰਕਾਰ ਦੇ ਅੰਦਰੋਂ ਅਤੇ ਬਾਹਰੋਂ ਪਿਛਲੇ ਛੇ ਮਹੀਨਿਆਂ ਤੋਂ ਕਥਿਤ ਦੋਸ਼ੀਆਂ ਖਿਲਾਫ਼ ਕਾਰਵਾਈ ਲਈ ਭਾਰੀ ਦਬਾਅ ਹੈ। ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਇੱਕ ਤੋਂ ਵੱਧ ਮੀਟਿੰਗਾਂ ਵੀ ਇਸੇ ਮੁੱਦੇ 'ਤੇ ਹੋ ਚੁੱਕੀਆਂ ਹਨ। ਇਨ੍ਹਾਂ ਮੀਟਿੰਗਾਂ ਦੌਰਾਨ ਇੱਕ ਵਾਰੀ ਤਾਂ ਸਾਬਕਾ ਡੀਜੀਪੀ ਖਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਕਾਰਵਾਈ ਕਰਨ ਦਾ ਵੀ ਫੈਸਲਾ ਲਗਭਗ ਕਰ ਲਿਆ ਸੀ ਪਰ ਮਾਮਲਾ ਮੁੜ ਖਟਾਈ ਵਿਚ ਪੈ ਗਿਆ। ਮੁੱਖ ਮੰਤਰੀ ਦੇ ਇੱਕ ਕਰੀਬੀ ਮੰਤਰੀ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਸਿਟੀ ਸੈਂਟਰ ਘੁਟਾਲੇ ਵਿੱਚ ਪੁਲੀਸ ਅਧਿਕਾਰੀਆਂ ਵੱਲੋਂ ਅੜਿੱਕੇ ਖੜ੍ਹੇ ਕਰਨ ਅਤੇ ਕਾਂਗਰਸ ਦੇ ਹੀ ਵਿਧਾਇਕਾਂ ਵੱਲੋਂ ਸਾਬਕਾ ਡੀਜੀਪੀ ਦੇ ਬਚਾਅ ਵਿੱਚ ਅੱਗੇ ਆਉਣ ਕਾਰਨ ਕਾਰਵਾਈ ਕਰਨ ਦੀ ਗੱਲ ਤਣ ਪੱਤਣ ਨਹੀਂ ਲੱਗੀ। ਮਾਲਵਾ ਖਿੱਤੇ ਨਾਲ ਸਬੰਧਤ ਹਾਕਮ ਪਾਰਟੀ ਦੇ ਇੱਕ ਵਿਧਾਇਕ ਵੱਲੋਂ ਸਾਬਕਾ ਡੀਜੀਪੀ ਦੀ ਕਾਂਗਰਸ ਹਾਈ ਕਮਾਨ ਦੇ ਪ੍ਰਭਾਵਸ਼ਾਲੀ ਤੇ ਗਾਂਧੀ ਪਰਿਵਾਰ ਦੇ ਕਰੀਬੀ ਨੇਤਾ ਨਾਲ ਮੀਟਿੰਗ ਕਰਾਏ ਜਾਣ ਦੀ ਵੀ ਚਰਚਾ ਹੈ। ਪਾਰਟੀ ਵਿਚਲੇ ਸੂਤਰਾਂ ਦਾ ਦੱਸਣਾ ਹੈ ਕਿ ਇਸ ਸਮੇਂ ਵੀ ਕਾਂਗਰਸ ਦੇ ਇੱਕ ਗਰੁੱਪ ਵੱਲੋਂ ਸਾਬਕਾ ਡੀਜੀਪੀ ਦਾ ਬਚਾਅ ਕੀਤਾ ਜਾ ਰਿਹਾ ਹੈ, ਇਸ ਕਰਕੇ ਮੁੱਖ ਮੰਤਰੀ ਦੀ ਹਾਲਤ ਬੇਹੱਦ ਕਸੂਤੀ ਬਣੀ ਹੋਈ ਹੈ।

ਚਰਨਜੀਤ ਸ਼ਰਮਾ ਕੋਲ ਹੈ ਅਹਿਮ ਜਾਣਕਾਰੀ : ਸੂਤਰਾਂ ਦਾ ਦੱਸਣਾ ਹੈ ਕਿ ਗ੍ਰਿਫ਼ਤਾਰ ਕੀਤੇ ਸਾਬਕਾ ਐੱਸਐੱਸਪੀ ਕੋਲ ਆਈਜੀ ਵੱਲੋਂ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਸਮੇਂ ਦਿੱਤੇ ਹੁਕਮਾਂ ਦੇ ਪੁਖ਼ਤਾ ਸਬੂਤ ਹਨ। ਇਨ੍ਹਾਂ ਸਬੂਤਾਂ ਦੇ ਆਧਾਰ 'ਤੇ ਸਿੱਟ ਵੱਲੋਂ ਆਈਜੀ ਅਤੇ ਸਾਬਕਾ ਡੀਜੀਪੀ ਨੂੰ ਘੇਰਿਆ ਜਾ ਸਕਦਾ ਹੈ। ਹਾਲਾਂਕਿ ਸਾਬਕਾ ਡੀਜੀਪੀ ਵਿਰੁੱਧ ਕਾਰਵਾਈ ਦੇ ਮੁੱਦੇ 'ਤੇ ਕਾਂਗਰਸ ਦੋ ਧੜਿਆਂ ਵਿੱਚ ਵੰਡੀ ਹੋਈ ਹੈ। ਇੱਕ ਧੜੇ ਵੱਲੋਂ ਬਚਾਅ ਕਰਨ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਜਦੋਂ ਕਿ ਮੰਤਰੀਆਂ ਦੇ ਇੱਕ ਗਰੁੱਪ ਵੱਲੋਂ ਡੀਜੀਪੀ ਖਿਲਾਫ਼ ਕਾਰਵਾਈ ਲਈ ਮੁੱਖ ਮੰਤਰੀ 'ਤੇ ਦਬਾਅ ਬਣਾਇਆ ਜਾ ਰਿਹਾ ਹੈ। ਪੰਜਾਬ ਪੁਲੀਸ ਵੱਲੋਂ ਹੀ ਆਪਣੇ ਕਿਸੇ ਸਾਬਕਾ ਐੱਸਐੱਸਪੀ ਨੂੰ ਪਹਿਲੀ ਵਾਰ ਗ੍ਰਿਫ਼ਤਾਰ ਕਰਨ ਬਾਅਦ ਕਈ ਪੁਲੀਸ ਅਧਿਕਾਰੀਆਂ ਦੇ ਚਿਹਰੇ ਉਤਰੇ ਹੋਏ ਹਨ

ਸਿੱਟ ਨੇ ਬਾਜਾਖਾਨਾ ਥਾਣੇ ਦੇ ਸਾਬਕਾ ਐਸਐਚਓ ਇੰਸਪੈਕਟਰ ਅਮਰਜੀਤ ਸਿੰਘ ਕੁਲਾਰ ਨੂੰ ਹਿਰਾਸਤ ਵਿੱਚ ਲੈਣ ਲਈ ਫਰੀਦਕੋਟ ਵਿੱਚ ਮਾਈ ਗੋਦੜੀ ਸਾਹਿਬ ਕਲੋਨੀ ਵਿੱਚ ਸਥਿਤ ਉਸ ਦੇ ਘਰ ਛਾਪਾ ਮਾਰਿਆ। ਉਹ ਆਪਣੇ ਘਰ ਨਹੀਂ ਮਿਲਿਆ ਤੇ ਪੁਲਿਸ ਪਾਰਟੀ ਖਾਲੀ ਹੱਥ ਪਰਤ ਗਈ। ਇਸ ਤੋਂ ਇਲਾਵਾ ਉਸ ਵੇਲੇ ਦੇ ਐਸਪੀ ਬਿਕਰਮ ਸਿੰਘ ਤੇ ਉਨ੍ਹਾਂ ਦੇ ਬਾਡੀਗਾਰਡਾਂ ਲਈ ਵੀ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਯਾਦ ਰਹੇ ਕਿ ਪਿੰਡ ਬਹਿਬਲ, ਬਾਜਾਖਾਨਾ ਥਾਣੇ ਅਧੀਨ ਆਉਂਦਾ ਹੈ ਤੇ 14 ਅਕਤੂਬਰ, 20 15 ਨੂੰ ਗੋਲੀ ਕਾਂਡ ਵਾਲੇ ਦਿਨ ਅਮਰਜੀਤ ਸਿੰਘ ਕੁਲਾਰ ਬਾਜਾਖਾਨਾ ਥਾਣੇ ਦੇ ਐਚਐਸਓ ਵਜੋਂ ਤਾਇਨਾਤ ਸੀ। ਬਹਿਬਲ ਕਾਂਡ 'ਚ ਦੋ ਸਿੱਖ ਨੌਜਵਾਨਾਂ ਦੀ ਪੁਲਿਸ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਘਟਨਾ ਸਮੇਂ ਮੋਗੇ ਦੇ ਐਸਐਸਪੀ ਚਰਨਜੀਤ ਸਿੰਘ ਸ਼ਰਮਾ ਤੇ ਬਾਜਾਖਾਨਾ ਥਾਣਾ ਮੁਖੀ ਅਮਰਜੀਤ ਸਿੰਘ ਕੁਲਾਰ ਨੌਕਰੀ ਤੋਂ ਫਾਰਗ ਕੀਤੇ ਜਾ ਚੁੱਕੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਤੋਂ ਬਾਅਦ ਵਾਪਰੇ ਬਹਿਬਲ ਕਾਂਡ ਵਿਚ ਘਿਰੇ ਦੋ ਹੋਰ ਪੁਲੀਸ ਅਧਿਕਾਰੀਆਂ ਨੇ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਵਿਸ਼ੇਸ਼ ਜਾਂਚ ਟੀਮ ਉਨ੍ਹਾਂ ਨੂੰ ਕਿਸੇ ਵੀ ਸਮੇਂ ਗ੍ਰਿਫ਼ਤਾਰ ਕਰ ਸਕਦੀ ਹੈ। ਉਸ ਸਮੇਂ ਦੇ ਐੱਸਪੀ ਬਿਕਰਮਜੀਤ ਸਿੰਘ ਅਤੇ ਇੰਸਪੈਕਟਰ ਪ੍ਰਦੀਪ ਸਿੰਘ ਨੇ ਸਥਾਨਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਉੱਪਰ ਰੋਕ ਲਾਈ ਜਾਵੇ। ਸੈਸ਼ਨ ਜੱਜ ਹਰਪਾਲ ਸਿੰਘ ਨੇ ਹਾਲ ਦੀ ਘੜੀ ਪੁਲੀਸ ਅਧਿਕਾਰੀਆਂ ਦੀ ਗ੍ਰਿਫ਼ਤਾਰੀ ਉੱਪਰ ਰੋਕ ਨਹੀਂ ਲਾਈ ਅਤੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।ਇਸੇ ਦੌਰਾਨ ਪਤਾ ਲੱਗਿਆ ਹੈ ਕਿ ਐੱਸਪੀ ਬਿਕਰਮਜੀਤ ਸਿੰਘ ਵਿਸ਼ੇਸ਼ ਜਾਂਚ ਟੀਮ ਸਾਹਮਣੇ ਪੇਸ਼ ਨਹੀਂ ਹੋਣਗੇ ਕਿਉਂਕਿ ਉਨ੍ਹਾਂ ਨੂੰ ਆਪਣੀ ਗ੍ਰਿਫ਼ਤਾਰੀ ਦਾ ਖ਼ਦਸ਼ਾ ਹੈ। ਕਾਫ਼ੀ ਕੋਸ਼ਿਸ਼ਾਂ ਦੇ ਬਾਵਜੂਦ ਜਾਂਚ ਟੀਮ ਇੰਸਪੈਕਟਰ ਅਮਰਜੀਤ ਸਿੰਘ ਕੁਲਾਰ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ।

ਇਹ ਦੱਸਣਯੋਗ ਹੈ ਕਿ ਸਿੱਟ ਵੱਲੋਂ ਉਕਤ ਸਾਬਕਾ ਐਸ.ਐਸ.ਪੀ ਤੋਂ ਇਲਾਵਾ ਸਾਬਕਾ ਐਸ.ਪੀ ਬਿਕਰਜੀਤ ਸਿੰਘ ਅਤੇ ਉਸ ਵੇਲੇ ਬਾਜਾਖਾਨਾ ਵਿਖੇ ਵਿਖੇ ਤਾਇਨਾਤ ਰਹੇ ਬਤੌਰ ਐਸ.ਐਚ.ਓ ਅਮਰਜੀਤ ਸਿੰਘ ਕੁਲਾਰ ਨੂੰ ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ ਥਾਣਾ ਸਿਟੀ ਕੋਟਕਪੂਰਾ (ਫ਼ਰੀਦਕੋਟ) ਵਿਖੇ ਦਰਜ ਕੀਤੀ ਗਈ ਐਫ਼.ਆਈ.ਆਰ ਦੇ ਸੰਬੰਧ ਵਿੱਚ ਪੁੱਛ-ਗਿੱਛ ਕਰਨ ਲਈ ਸੰਮਨ ਜਾਰੀ ਕੀਤੇ ਗਏ ਸਨ। ਇੱਥੇ ਇਹ ਖਾਸ ਤੌਰ 'ਤੇ ਜ਼ਿਕਰਯੋਗ ਹੈ ਕਿ ਸਿੱਟ ਵੱਲੋਂ ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ ਹੁਣ ਤੱਕ 212 ਗਵਾਹਾਂ ਤੋਂ ਇਲਾਵਾ 37 ਪੁਲਸ ਮੁਲਾਜ਼ਮਾਂ ਦੇ ਬਿਆਨ ਦਰਜ ਕੀਤੇ ਜਾ ਚੁੱਕੇ ਹਨ ਅਤੇ ਜਾਂਚ ਟੀਮ ਦੇ ਘੇਰੇ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾਂ ਨੂੰ ਵੀ ਲਿਆਂਦਾ ਜਾ ਚੁੱਕਾ ਹੈ ਪ੍ਰੰਤੂ ਇਹ ਪਹਿਲਾ ਮੌਕਾ ਹੈ ਕਿ ਇਸ ਮਾਮਲੇ ਵਿੱਚ ਕਿਸੇ ਸਾਬਕਾ ਸੀਨੀਅਰ ਪੁਲਸ ਅਧਿਕਾਰੀ ਨੂੰ ਪੁਲਸ ਹਿਰਾਸਤ ਵਿੱਚ ਲਿਆ ਗਿਆ ਹੈ ਜਦਕਿ ਉਕਤ ਵਿੱਚੋਂ ਇੱਕ ਹੋਰ ਪੁਲਸ ਅਧਿਕਾਰੀ ਦੇ ਫ਼ਰੀਦਕੋਟ ਵਿਖੇ ਸਥਿੱਤ ਗ੍ਰਹਿ ਵਿਖੇ ਵੀ ਪੁਲਸ ਪਾਰਟੀ ਵੱਲੋਂ ਰੇਡ ਮਾਰੀ ਗਈ ਹੈ।

ਸੰਨ 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਤੇ ਬਰਗਾੜੀ ਪੁਲੀਸ ਗੋਲੀ ਨਾਲ ਪੈਦਾ ਹਾਲਾਤ ਦੀ ਜਾਂਚ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ ਉੱਤੇ ਵਿਸ਼ੇਸ਼ ਜਾਂਚ ਟੀਮ ਨੇ ਇਸ ਮਾਮਲੇ ਬਾਰੇ ਤਫ਼ਤੀਸ਼ ਸ਼ੁਰੂ ਕੀਤੀ ਤਾਂ ਮੋਗਾ ਦੇ ਤਤਕਾਲੀ ਐੱਸਐੱਸਪੀ ਚਰਨਜੀਤ ਸ਼ਰਮਾ ਅਤੇ ਕਈ ਹੋਰ ਪੁਲੀਸ ਅਧਿਕਾਰੀ ਗ੍ਰਿਫ਼ਤਾਰੀ ਤੋਂ ਬਚਣ ਲਈ ਹਾਈਕੋਰਟ ਚਲੇ ਗਏ ਸਨ। ਇਨ੍ਹਾਂ ਨੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨੂੰ ਚੁਣੌਤੀ ਵੀ ਦਿੱਤੀ ਸੀ। 5 ਸਤੰਬਰ 2018 ਨੂੰ ਹਾਈਕੋਰਟ ਨੇ ਚਰਨਜੀਤ ਸ਼ਰਮਾ ਖ਼ਿਲਾਫ਼ ਜਾਂਚ ਰੋਕ ਦਿੱਤੀ ਸੀ ਪਰ 25 ਜਨਵਰੀ ਨੂੰ ਹਾਈਕੋਰਟ ਦੇ ਹੁਕਮਾਂ ਨਾਲ ਐੱਸਆਈਟੀ ਨੂੰ ਹਰੀ ਝੰਡੀ ਮਿਲ ਗਈ ਹੈ। ਇਸ ਐੱਸਆਈਟੀ ਦਾ ਮੁੱਖ ਮਕਸਦ ਇਹ ਪਤਾ ਲਗਾਉਣਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸ਼ਰਧਾਲੂਆਂ 'ਤੇ ਗੋਲੀ ਚਲਾਉਣ ਦੇ ਹੁਕਮ ਕਿਨ੍ਹਾਂ ਨੇਤਾਵਾਂ/ਅਧਿਕਾਰੀਆਂ ਨੇ ਦਿੱਤੇ। ਐੱਸਆਈਟੀ ਦੇ ਮੈਂਬਰ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਚਰਨਜੀਤ ਵਿਦੇਸ਼ ਜਾਣ ਦਾ ਯਤਨ ਕਰ ਰਿਹਾ ਸੀ ਅਤੇ ਇਸੇ ਲਈ ਉਸ ਨੇ ਐੱਸਆਈਟੀ ਵੱਲੋਂ ਭੇਜੇ ਸੰਮਨ ਲੈਣ ਦੀ ਜ਼ਰੂਰਤ ਨਹੀਂ ਸਮਝੀ। ਆਈਜੀ ਨੇ ਪਹਿਲਾਂ ਤਫ਼ਤੀਸ਼ ਦੇ ਦਾਇਰੇ ਵਿਚ ਆਏ ਵਿਅਕਤੀਆਂ ਤੋਂ ਮੁੜ ਪੁੱਛ-ਗਿੱਛ ਕਰਨ ਅਤੇ ਐੱਫ਼ਆਈਆਰ ਵਿਚ ਦਰਜ ਨਾਵਾਂ ਵਾਲੇ ਅਫ਼ਸਰਾਂ ਦੀ ਗ੍ਰਿਫ਼ਤਾਰੀ ਦੇ ਸੰਕੇਤ ਵੀ ਦਿੱਤੇ ਹਨ। ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਐੱਸਆਈਟੀ ਕੋਲ ਕਥਿਤ ਦੋਸ਼ੀਆਂ ਖ਼ਿਲਾਫ਼ ਪੁਖ਼ਤਾ ਸਬੂਤ ਹਨ। ਚਰਨਜੀਤ ਦੇ ਬਿਆਨਾਂ ਉੱਤੇ ਬਹੁਤ ਕੁੱਝ ਨਿਰਭਰ ਕਰਦਾ ਹੈ ਕਿਉਂਕਿ ਲੋਕਾਂ ਦੀ ਸਮਝ ਅਨੁਸਾਰ ਉਸ ਵੇਲੇ ਗੋਲੀ ਚਲਾਉਣ ਦੇ ਹੁਕਮਾਂ ਦੀਆਂ ਤੰਦਾਂ ਚੰਡੀਗੜ੍ਹ ਤਕ ਜੁੜੀਆਂ ਹੋਈਆਂ ਸਨ।

ਇਸ ਘਟਨਾਕ੍ਰਮ ਦਾ ਪੰਜਾਬ ਦੀ ਸਿਆਸਤ ਉੱਤੇ ਗਹਿਰਾ ਅਸਰ ਪਿਆ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਅਤੇ 'ਆਪ' ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਪ੍ਰਮੁੱਖ ਏਜੰਡਾ ਬਣਾਇਆ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਬਹਿਬਲ ਕਲਾਂ ਤੇ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਵਾਅਦਾ ਕੀਤਾ ਸੀ। ਬਰਗਾੜੀ ਵਿਚ ਲੱਗਾ ਮੋਰਚਾ ਅਕਾਲੀ ਦਲ ਦੇ ਅੰਦਰੂਨੀ ਟਕਰਾਅ ਦਾ ਮੂਲ ਕਾਰਨ ਬਣਿਆ। ਫਿਰ ਪਾਰਟੀ ਦੀ ਸਮੁੱਚੀ ਟੀਮ ਨੇ ਖ਼ੁਦ ਨੂੰ ਤਨਖ਼ਾਹ ਲਗਾ ਕੇ ਆਪਣੀਆਂ ਗ਼ਲਤੀਆਂ ਨੂੰ ਅਸਿੱਧੇ ਤਰੀਕੇ ਨਾਲ ਮੰਨਿਆ ਵੀ, ਭਾਵੇਂ ਗ਼ਲਤੀਆਂ ਦੀ ਨਿਸ਼ਾਨਦੇਹੀ ਨਾ ਕੀਤੀ। ਹਾਈਕੋਰਟ ਦੇ ਹੁਕਮਾਂ ਨਾਲ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ ਕਿ ਉਹ ਤਫ਼ਤੀਸ਼ ਵਿਚ ਤੇਜ਼ੀ ਲਿਆਵੇ ਕਿਉਂਕਿ ਜਿਸ ਮਾਮਲੇ ਬਾਰੇ ਤਫ਼ਤੀਸ਼ ਕੀਤੀ ਜਾ ਰਹੀ ਹੈ, ਉਹ ਬੇਹੱਦ ਸੰਵੇਦਨਸ਼ੀਲ ਹੈ। ਇਸ ਮਾਮਲੇ ਦੇ ਸਿਆਸੀ ਪਹਿਲੂ ਵੀ ਹਨ। ਵੇਲੇ ਦੀ ਮੰਗ ਹੈ ਕਿ ਤਫ਼ਤੀਸ਼ ਬਿਲਕੁਲ ਨਿਰਪੱਖ ਹੋਣੀ ਚਾਹੀਦੀ ਹੈ ਅਤੇ ਤੱਥ ਲੋਕਾਂ ਸਾਹਮਣੇ ਬਿਲਕੁਲ ਪਾਰਦਰਸ਼ਤਾ ਨਾਲ ਲਿਆਂਦੇ ਜਾਣੇ ਚਾਹੀਦੇ ਹਨ। ਇਸ ਜਜ਼ਬਾਤੀ ਮੁੱਦੇ ਨੂੰ ਅਣਸੁਲਝਿਆ ਰਹਿਣ ਦੇਣਾ ਲੋਕਾਂ ਦੇ ਹਿੱਤ ਵਿਚ ਨਹੀਂ।

ਪੁਲਿਸ ਅਧਿਕਾਰੀਆਂ ਦੀਆਂ ਅਗਾਊਂ ਜ਼ਮਾਨਤ ਅਰਜ਼ੀਆਂ ਵਿਰੁੱਧ ਸੁਖਰਾਜ ਸਿੰਘ ਅਦਾਲਤ ਪੁੱਜਾ : ਬਹਿਬਲ ਕਲਾਂ ਗੋਲੀਕਾਂਡ ਦੇ ਪੀੜਤ ਸੁਖਰਾਜ ਸਿੰਘ ਨੇ ਫ਼ਰੀਦਕੋਟ ਦੀ ਅਦਾਲਤ ਵਿੱਚ ਅਰਜ਼ੀ ਦਾਖ਼ਲ ਕਰ ਕੇ ਬੇਨਤੀ ਕੀਤੀ ਹੈ ਕਿ ਗੋਲੀਕਾਂਡ ਦੇ ਜਿਹੜੇ ਦੋ ਪੁਲਿਸ ਅਧਿਕਾਰੀਆਂ ਐੱਸਪੀ ਬਿਕਰਮਜੀਤ ਸਿੰਘ ਤੇ ਇੰਸਪੈਕਟਰ ਪ੍ਰਦੀਪ ਸਿੰਘ ਵੱਲੋਂ ਦਾਇਰ ਕੀਤੀਆਂ ਅਗਾਊਂ ਜ਼ਮਾਨਤ ਦੀਆਂ ਪਟੀਸ਼ਨਾਂ ਰੱਦ ਕਰ ਦਿੱਤੀਆਂ ਜਾਣ। ਸੁਖਰਾਜ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਅਮਰਜੀਤ ਸਿੰਘ ਨੂੰ ਵੀ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਆਪਣੀ ਅਰਜ਼ੀ ਵਿੱਚ ਕੀਤੀ ਹੈ।

ਸੁਖਰਾਜ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਕਾਇਮ ਕੀਤੀ 'ਵਿਸ਼ੇਸ਼ ਜਾਂਚ ਟੀਮ' ਵੱਲੋਂ ਚਰਨਜੀਤ ਸਿੰਘ ਸ਼ਰਮਾ ਦੀ ਗ੍ਰਿਫ਼ਤਾਰੀ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਹੁਣ ਲੱਗਣ ਲੱਗ ਪਿਆ ਹੈ ਕਿ ਇਨਸਾਫ਼ ਜ਼ਰੂਰ ਮਿਲੇਗਾ।

ਇਹ ਸੁਖਰਾਜ ਸਿੰਘ ਉਹੀ ਹਨ, ਜਿਨ੍ਹਾਂ ਦੇ ਪਿਤਾ ਕ੍ਰਿਸ਼ਨ ਭਗਵਾਨ ਸਿੰਘ ਦਾ ਬਹਿਬਲ ਕਲਾਂ ਗੋਲੀਕਾਂਡ ਦੌਰਾਨ ਦੇਹਾਂਤ ਹੋ ਗਿਆ ਸੀ। 14 ਸਤੰਬਰ, 2015 ਨੂੰ ਵਾਪਰੇ ਉਸ ਗੋਲੀਕਾਂਡ ਦੌਰਾਨ ਦੂਜੀ ਮੌਤ ਗੁਰਜੀਤ ਸਿੰਘ ਹੁਰਾਂ ਦੀ ਹੋਈ ਸੀ; ਜਦੋਂ ਪੁਲਿਸ ਨੇ ਸ਼ਾਂਤੀਪੂਰਨ ਰੋਸ ਮੁਜ਼ਾਹਰਾ ਕਰ ਰਹੇ ਲੋਕਾਂ 'ਤੇ ਗੋਲੀਆਂ ਵਰ੍ਹਾ ਦਿੱਤੀਆਂ ਸਨ।

ਇਸ ਤੋਂ ਪਹਿਲਾਂ ਬਹਿਬਲ ਕਲਾਂ ਪੁਲਿਸ ਗੋਲੀਕਾਂਡ ਦੇ ਦੋ ਮੁਲਜ਼ਮ ਪੁਲਿਸ ਅਧਿਕਾਰੀਆਂ ਨੇ ਆਪਣੀ ਅਗਾਊਂ ਜ਼ਮਾਨਤ ਲਈ ਫ਼ਰੀਦਕੋਟ ਦੀ ਜ਼ਿਲ੍ਹਾ ਤੇ ਸੈਸ਼ਨਜ਼ ਅਦਾਲਤ ਵਿੱਚ ਆਪਣੀ ਅਰਜ਼ੀ ਦਾਖ਼ਲ ਕਰ ਦਿੱਤੀ ਸੀ। ਇਨ੍ਹਾਂ ਵਿੱਚੋਂ ਇੱਕ ਐੱਸਪੀ ਬਿਕਰਮਜੀਤ ਸਿੰਘ ਹੈ ਤੇ ਦੂਜਾ ਇੰਸਪੈਕਟਰ ਪ੍ਰਦੀਪ ਸਿੰਘ ਹੈ।

ਐੱਸਪੀ ਬਿਕਰਮਜੀਤ ਸਿੰਘ ਦੇ ਵਿਸ਼ੇਸ਼ ਜਾਂਚ ਟੀਮ ਸਾਹਵੇਂ ਪੇਸ਼ ਹੋਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਇਹ ਦੋਵੇਂ ਪੁਲਿਸ ਅਧਿਕਾਰੀ ਕਿਸੇ ਵੀ ਤਰ੍ਹਾਂ ਗ੍ਰਿਫ਼ਤਾਰੀ ਤੋਂ ਬਚਣਾ ਚਾਹੁੰਦੇ ਹਨ।

## ਦਲ ਖਾਲਸਾ ਆਗੂ ਭਾਈ ਗਜਿੰਦਰ ਸਿੰਘ ਦੀ ਧਰਮ ਪਤਨੀ ਬੀਬੀ ਮਨਜੀਤ ਕੌਰ ਦਾ ਜਰਮਨ ਵਿਚ ਅੰਤਿਮ ਸੰਸਕਾਰ

ਸਾਥੀਆਂ ਨੇ ਭਾਰਤੀ ਹਵਾਈ ਜਹਾਜ਼ ਅਗਵਾ ਕਰ ਲਿਆ ਸੀ, ਜਿਸ ਨੂੰ ਉਹ ਲਾਹੌਰ ਲੈ ਗਏ ਸਨ। ਉਥੇ ਉਨ੍ਹਾਂ ਨੂੰ ਪਾਕਿਸਤਾਨ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਲਾਹੌਰ ਵਿੱਚ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਸੰਨ 1994 ਵਿੱਚ ਰਿਹਾਈ ਮਗਰੋਂ ਉਹ ਪਾਕਿਸਤਾਨ ਵਿੱਚ ਹੀ ਕਿਸੇ ਗੁੰਮਨਾਮ ਜਗ੍ਹਾ 'ਤੇ ਰਹਿ ਰਹੇ ਹਨ। ਯੂਨਾਈਟਿਡ ਅਕਾਲੀ ਦਲ ਦੇ ਮੁਖੀ ਭਾਈ ਮੋਹਕਮ ਸਿੰਘ ਨੇ ਬੀਬੀ ਮਨਜੀਤ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਲੋਕਾਂ ਦੀ ਜਾਨ ਨਾਲ ਖੇਡਣ ਵਾਲੇ ਹਿੰਦੂ ਅਰਬਪਤੀ ਖਿਲਾਫ਼ ਮੁਕੱਦਮਾ ਸ਼ੁਰੂ

ਮਰੀਜ਼ਾਂ ਨੂੰ ਦੇਣ ਵਾਸਤੇ ਦੇਸ਼ ਭਰ ਵਿਚ ਡਾਕਟਰਾਂ ਨੂੰ ਰਿਸ਼ਵਤ ਦਿੱਤੀ ਸੀ ਤਾਂ ਕਿ ਆਪਣੇ ਮੁਕਾਬਲੇ ਦੀਆਂ ਕੰਪਨੀਆਂ ਨੂੰ ਠਿੱਬੀ ਲਾਈ ਜਾ ਸਕੇ। ਆਮ ਤੌਰ 'ਤੇ ਇਹ ਦਵਾ ਕੈਂਸਰ ਦੇ ਮਰੀਜ਼ਾਂ ਲਈ ਦਿੱਤੀ ਜਾਂਦੀ ਹੈ। ਕਪੂਰ ਅਮਰੀਕਾ ਵਿਚ ਦਵਾ ਨਿਰਮਾਣ ਖੇਤਰ ਦੀ ਵੱਡੀ ਹਸਤੀ ਹੈ ਤੇ ਉਸ ਦੇ ਝੱਲ ਕਾਰਨ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਹਨ। ਉਸ ਦੇ ਵਕੀਲਾਂ ਨੇ ਆਖਿਆ ਕਿ ਡਰੱਗ ਸੰਕਟ ਲਈ ਉਸ ਦੀ ਕੰਪਨੀ ਇਨਸਿਸ ਥੈਰੇਪੈਟਿਕਸ ਜ਼ਿੰਮੇਵਾਰ ਨਹੀਂ ਹੈ। ਮੁਕੱਦਮੇ ਵਿਚ ਨਾਮਜ਼ਦ ਹੋਰਨਾਂ ਵਿਅਕਤੀਆਂ ਵਿਚ ਐਰੀਜ਼ੋਨਾ ਦੀ ਕੰਪਨੀ ਸ਼ੈਂਡਲਰ ਦੇ ਚਾਰ ਮੁਲਾਜ਼ਮ ਸ਼ਾਮਲ ਹਨ ਜਿਨ੍ਹਾਂ ਦਵਾ ਦੀ ਵਿਕਰੀ ਵਧਾਉਣ ਲਈ ਡਾਕਟਰਾਂ ਦੀਆਂ ਜੇਬ੍ਹਾਂ ਗਰਮ ਕੀਤੀਆਂ ਸਨ।

## ਬੇਅਦਬੀ ਮਾਮਲੇ ਦਾ ਘਟਨਾਕ੍ਰਮ

- **24 ਅਕਤੂਬਰ** 2015 : ਪੰਜਾਬ ਸਰਕਾਰ ਵੱਲੋਂ ਉਸ ਸਮੇਂ ਦੇ ਡੀਜੀਪੀ ਸੁਮੇਧ ਸਿੰਘ ਸੈਣੀ ਨੂੰ ਅਹੁਦੇ ਤੋਂ ਹਟਾਇਆ ਗਿਆ ਅਤੇ ਸੇਵਾ ਮੁਕਤ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦਾ ਗਠਨ।
- **26 ਅਕਤੂਬਰ** 2015 : ਪੰਜਾਬ ਸਰਕਾਰ ਵੱਲੋਂ ਪੂਰੇ ਮਾਮਲੇ ਦੀ ਜਾਂਚ ਸੀਬੀਆਈ ਹਵਾਲੇ
- **30 ਜੂਨ** 2016 : ਜਸਟਿਸ ਜ਼ੋਰਾ ਸਿੰਘ ਕਮਿਸ਼ਨ ਨੇ ਰਿਪੋਰਟ ਸਰਕਾਰ ਨੂੰ ਸੌਂਪੀ, ਪਰ ਕਮਿਸ਼ਨ ਦੀਆਂ ਤਜਵੀਜ਼ਾਂ ਉੱਤੇ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।
- **14 ਅਪ੍ਰੈਲ** 2017 : ਅਮਰਿੰਦਰ ਸਿੰਘ ਸਰਕਾਰ ਨੇ ਸੇਵਾ ਮੁਕਤ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿਚ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਕਮਿਸ਼ਨ ਦਾ ਗਠਨ ਕੀਤਾ।
- **30 ਜੂਨ** 2018 : ਜਸਟਿਸ ਰਣਜੀਤ ਸਿੰਘ ਨੇ ਬੇਅਦਬੀ ਦੇ ਮਾਮਲਿਆਂ ਦੀ ਰਿਪੋਰਟ ਸਰਕਾਰ ਨੂੰ ਸੌਂਪੀ।
- **31 ਜੂਨ** 2018 : ਅਮਰਿੰਦਰ ਸਿੰਘ ਦੀ ਸਰਕਾਰ ਨੇ ਬਹਿਬਲ ਕਲਾਂ ਅਤੇ ਕੋਟਕਪੂਰਾ ਪੁਲਿਸ ਕਾਰਵਾਈ ਦੀ ਜਾਂਚ ਸੀਬੀਆਈ ਹਵਾਲੇ ਕੀਤੀ।
- **28 ਅਗਸਤ** 2018 : ਪੰਜਾਬ ਵਿਧਾਨ ਸਭਾ ਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉੱਤੇ ਬਹਿਸ ਅਤੇ ਅਕਾਲੀ ਦਲ ਵੱਲੋਂ ਬਹਿਸ ਦਾ ਬਾਈਕਾਟ। ਮਾਮਲੇ ਦੀ ਜਾਂਚ ਲਈ ਸੀਬੀਆਈ ਤੋਂ ਕੇਸ ਵਾਪਸ ਲੈਣ ਲਈ ਵਿਧਾਨ ਸਭਾ ਵਿੱਚ ਮਤਾ ਪਾਸ।
- **10 ਸਤੰਬਰ** 2018 : ਪੰਜਾਬ ਸਰਕਾਰ ਵੱਲੋਂ ਬਹਿਬਲਾਂ ਕਲਾਂ ਅਤੇ ਕੋਟਕਪੂਰਾ ਪੁਲਿਸ ਕਾਰਵਾਈ ਦੀ ਜਾਂਚ ਲਈ ਏਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਵਿੱਚ ਐੱਸਆਈਟੀ ਦਾ ਗਠਨ।

ਬਰਗਾੜੀ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਪੁਲਿਸ ਫਾਇਰਿੰਗ ਮਾਮਲੇ 'ਚ ਪ੍ਰਕਾਸ਼ ਸਿੰਘ ਬਾਦਲ ਨੂੰ 16 ਨਵੰਬਰ, ਸੁਖਬੀਰ ਬਾਦਲ ਨੂੰ 19 ਨਵੰਬਰ ਅਤੇ ਅਕਸ਼ੇ ਕੁਮਾਰ ਨੂੰ 21 ਨਵੰਬਰ 2018 ਨੂੰ ਐੱਸਆਈਟੀ ਨੇ ਪੁੱਛਗਿੱਛ ਲਈ ਸੱਦਿਆ ਸੀ। ਸੰਮਨ ਮੁਤਾਬਕ, "ਬਰਗਾੜੀ ਬੇਅਦਬੀ ਮਾਮਲਾ, ਕੋਟਕਪੂਰਾ ਤੇ ਬਹਿਬਲ ਕਲਾਂ ਪੁਲਿਸ ਫਾਇਰਿੰਗ ਦੀ ਜਾਂਚ ਦੇ ਮਾਮਲੇ ਵਿੱਚ ਜਿਨ੍ਹਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ ਉਨ੍ਹਾਂ ਦਾ ਹਾਜ਼ਿਰ ਹੋਣਾ ਲਾਜ਼ਮੀ ਹੈ। ਇਨ੍ਹਾਂ ਘਟਨਾਵਾਂ ਦੇ ਸਬੰਧ ਵਿੱਚ ਉਨ੍ਹਾਂ ਕੋਲੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਨ੍ਹਾਂ ਕੋਲ ਜੋ ਵੀ ਜਾਣਕਾਰੀਆਂ ਹਨ ਉਹ ਦਿੱਤੀਆਂ ਜਾਣ। "

## ਸੂਫੀ ਗਾਇਕ ਰਾਹਤ ਫਤਹਿ ਅਲੀ ਨੂੰ ਵਿਦੇਸ਼ੀ ਮੁਦਰਾ ਤਸਕਰੀ ਮਾਮਲੇ 'ਚ ਨੋਟਿਸ

ਹੈ। ਕਿਹਾ ਗਿਆ ਹੈ ਕਿ ਉਨ੍ਹਾਂ ਨੇ ਭਾਰਤ ਤੋਂ ਵਿਦੇਸ਼ਾਂ ਲਈ ਤਿੰਨ ਸਾਲ ਤਕ ਵਿਦੇਸ਼ੀ ਕਰੰਸੀ ਦੀ ਸਮਗਲਿੰਗ ਕੀਤੀ ਹੈ।ਰਾਹਤ ਫ਼ਤਹਿ ਅਲੀ ਨੂੰ ਭਾਰਤ 'ਚ ਗ਼ੈਰਕਾਨੂੰਨੀ ਤਰੀਕੇ ਨਾਲ ਤਿੰਨ ਲੱਖ 40 ਹਜ਼ਾਰ ਯੂਐਸ ਡਾਲਰ ਮਿਲੇ ਸੀ, ਜਿਨ੍ਹਾਂ 'ਚੋਂ ਰਾਹਤ ਨੇ ਦੋ ਲੱਖ 25 ਹਜ਼ਾਰ ਡਾਲਰ ਦੀ ਸਮਗਲਿੰਗ ਕੀਤੀ ਦੱਸੀ ਜਾਂਦੀ ਹੈ। ਜੇਕਰ ਈਡੀ ਰਾਹਤ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੁੰਦੀ ਤਾਂ ਰਾਹਤ 'ਤੇ 300% ਦਾ ਜੁਰਮਾਨਾ ਲੱਗ ਸਕਦਾ ਹੈ। ਜੁਰਮਾਨਾ ਨਾ ਭਰਨ ਦੀ ਸੂਰਤ 'ਚ ਰਾਹਤ ਫ਼ਤਹਿ ਅਲੀ ਖ਼ਾਨ ਖ਼ਿਲਾਫ ਭਾਰਤ 'ਚ ਲੁੱਕਆਊਟ ਨੋਟਿਸ ਜਾਰੀ ਹੋ ਸਕਦਾ ਹੈ ਅਤੇ ਨਾਲ ਹੀ ਭਾਰਤ 'ਚ ਰਾਹਤ ਦੇ ਸਾਰੇ ਪ੍ਰੋਗਰਾਮਾਂ 'ਤੇ ਵੀ ਰੋਕ ਲੱਗ ਜਾਵੇਗੀ।

## ਪੰਜ ਪਾਰਟੀ ਗੱਠਜੋੜ ਵਿਚ ਲੋਕ ਸਭਾ ਚੋਣ ਲਈ ਸੀਟਾਂ ਦੀ ਵੰਡ-ਵੰਡਾਈ

ਬਸਪਾ ਆਗੂਆਂ ਨਾਲ ਉਨ੍ਹਾਂ ਦੀ ਗੱਲਬਾਤ ਚੱਲ ਰਹੀ ਹੈ ਪਰ ਉਨ੍ਹਾਂ ਖਹਿਰਾ ਤੇ ਬੈਂਸ ਧੜਿਆਂ ਨਾਲ ਸਾਂਝ ਪਾਉਣ ਤੋਂ ਪਾਸੇ ਰਹਿਣ ਦਾ ਹੀ ਇਸ਼ਾਰਾ ਕੀਤਾ। ਇਸ ਬਾਰੇ ਸੁਖਪਾਲ ਸਿੰਘ ਖਹਿਰਾ ਨੇ ਦੱਸਿਆ ਕਿ ਮੀਟਿੰਗ ਬੜੇ ਖੁਸ਼ਗਵਾਰ ਮਾਹੌਲ ਵਿਚ ਹੋਈ ਤੇ ਮੀਟਿੰਗ ਵਿਚ ਸ. ਬੈਂਸ ਦੇ ਜਨਮ ਦਿਨ ਦਾ ਕੇਕ ਕੱਟ ਕੇ ਸਾਂਝ ਦੀ ਖੁਸ਼ੀ ਮਨਾਈ ਗਈ।

ਉਨ੍ਹਾਂ ਪਟਿਆਲਾ ਲੋਕ ਸਭਾ ਸੀਟ ਲਈ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਦੇ ਨਾਂ 'ਤੇ ਸਹਿਮਤੀ ਹੋਣ ਦਾ ਵੀ ਖੁਲਾਸਾ ਕੀਤਾ। ਇਸ ਮੌਕੇ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਗੱਠਜੋੜ ਵੱਲੋਂ ਉਨ੍ਹਾਂ ਨੂੰ ਪਟਿਆਲਾ ਲੋਕ ਸਭਾ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ ਗਿਆ ਹੈ ਤੇ ਉਹ ਆਪਣੇ ਵੱਲੋਂ ਹਲਕੇ ਦੇ ਕਰਵਾਏ ਵਿਕਾਸ ਕਾਰਜਾਂ ਦੇ ਸਿਰ 'ਤੇ ਮੁੜ ਚੋਣ ਜਿੱਤ ਕੇ ਲੋਕ ਸਭਾ ਵਿਚ ਜਾਣਗੇ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੋਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

REALTOR CA BRE Licence #02024721 info@pritisingh.com

# RESIDENTIAL, COMMERCIAL AND SOLAR FARMS

## with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar

Satnam Singh Khalsa
510-706-1300


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM